SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 3
April 28, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।

## ਦੁਨੀਆ ਭਰ 'ਚ 24 ਘੰਟਿਆਂ 'ਚ ਵੱਧ ਗਏ ਸਵਾ ਸੱਤ ਲੱਖ ਨਵੇਂ ਪੀੜਤ

**ਵਾਸ਼ਿੰਗਟਨ (ਬਿਊਰੋ)–** ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੀ ਲਪੇਟ 'ਚ ਆਏ ਕਈ ਦੇਸ਼ਾਂ 'ਚ ਇਨਫੈਕਟਿਡ ਲੋਕਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਦੁਨੀਆ 'ਚ ਪਿਛਲੇ 24 ਘੰਟਿਆਂ 'ਚ ਸੱਤ ਲੱਖ 27 ਹਜ਼ਾਰ ਤੋਂ ਜ਼ਿਆਦਾ ਨਵੇਂ ਕੋਰੋਨਾ ਬਿਮਾਰ ਵੱਧ ਗਏ। ਇਸ ਦੌਰਾਨ ਕਰੀਬ ਦਸ ਹਜ਼ਾਰ ਮਰੀਜ਼ਾਂ ਦੀ ਮੌਤ ਹੋ ਗਈ। ਨਵੇਂ ਮਾਮਲਿਆਂ 'ਚੋਂ ਕਰੀਬ ਅੱਧੇ ਇਕੱਲੇ ਭਾਰਤ 'ਚ ਪਾਏ ਗਏ। ਭਾਰਤ, ਬ੍ਰਾਜ਼ੀਲ, ਤੁਰਕੀ ਤੇ ਈਰਾਨ ਵਰਗੇ ਮੁਲਕਾਂ 'ਚ ਕੋਰੋਨਾ ਦਾ ਕਹਿਰ ਮੁੜ ਵੱਧ ਗਿਆ ਹੈ।

ਜੌਨਸ ਹਾਪਕਿਨਸ ਯੂਨੀਵਰਸਿਟੀ ਦੇ ਅੰਕੜਿਆਂ ਮੁਤਾਬਕ, ਸੋਮਵਾਰ ਸਵੇਰੇ ਕੋਰੋਨਾ ਇਨਫੈਕਟਿਡ ਲੋਕਾਂ ਦਾ ਵਿਸ਼ਵ ਅੰਕੜਾ ਵੱਧ ਕੇ 14 ਕਰੋੜ 68 ਲੱਖ 30 ਹਜ਼ਾਰ ਤੋਂ ਜ਼ਿਆਦਾ ਹੋ ਗਿਆ। ਜਦਕਿ ਮਰਨ ਵਾਲਿਆਂ ਦੀ ਗਿਣਤੀ 31 ਲੱਖ ਛੇ ਹਜ਼ਾਰ 384 ਹੋ ਗਈ। ਬ੍ਰਾਜ਼ੀਲ 'ਚ ਪਿਛਲੇ 24 ਘੰਟਿਆਂ ਦੌਰਾਨ ਸਾਢੇ 32 ਹਜ਼ਾਰ ਤੋਂ ਜ਼ਿਆਦਾ ਨਵੇਂ ਕੇਸ ਪਾਏ ਜਾਣ ਨਾਲ ਪੀੜਤਾਂ ਦੀ ਕੁੱਲ ਗਿਣਤੀ ਇਕ ਕਰੋੜ 43 ਲੱਖ 40 ਹਜ਼ਾਰ ਤੋਂ ਜ਼ਿਆਦਾ ਹੋ ਗਈ। ਇਸ ਦੌਰਾਨ 1,316 ਪੀੜਤਾਂ ਦੇ ਦਮ ਤੋੜਨ ਨਾਲ ਮਰਨ ਵਾਲਿਆਂ ਦਾ ਅੰਕੜਾ ਤਿੰਨ ਲੱਖ 90 ਹਜ਼ਾਰ ਦੇ ਪਾਰ ਪਹੁੰਚ ਗਿਆ ਹੈ। ਇੱਧਰ, ਤੁਰਕੀ 'ਚ ਐਤਵਾਰ ਨੂੰ 38 ਹਜ਼ਾਰ ਤੋਂ ਜ਼ਿਆਦਾ ਨਵੇਂ ਇਨਫੈਕਟਿਡ ਪਾਏ ਗਏ। ਇੱਥੇ ਪੀੜਤਾਂ ਦੀ ਕੁੱਲ ਗਿਣਤੀ 46 ਲੱਖ ਤੋਂ ਜ਼ਿਆਦਾ ਹੋ ਗਈ ਹੈ। ਜਦਕਿ ਈਰਾਨ 'ਚ ਪਿਛਲੇ 24 ਘੰਟਿਆਂ 'ਚ ਕਰੀਬ 20 ਹਜ਼ਾਰ ਨਵੇਂ ਮਾਮਲਿਆਂ ਦੀ ਪੁਸ਼ਟੀ

(ਬਾਕੀ ਸਫਾ 5 'ਤੇ)



## 24 ਘੰਟਿਆਂ 'ਚ ਕੋਰੋਨਾ ਦੇ 3,60,960 ਨਵੇਂ ਮਾਮਲੇ

ਨਵੀਂ ਦਿੱਲੀ (ਬਿਊਰੋ)- ਭਾਰਤ ਵਿਚ ਬੀਤੇ 24 ਘੰਟਿਆਂ 'ਚ ਕੋਰੋਨਾ ਵਾਇਰਸ ਦੀਆਂ 25,56,182 ਵੈਕਸੀਨ ਲਗਾਈ ਗਈ ਤੇ 2,61,162 ਲੋਕ ਇਨਫੈਕਸ਼ਨ ਤੋਂ ਸਿਹਤਮੰਦ ਹੋਣ ਮਗਰੋਂ ਘਰ ਪਰਤੇ। ਦੇਸ਼ ਵਿਚ ਅੱਜ ਇਕ ਵਾਰ ਫਿਰ ਇਨਫੈਕਸ਼ਨ ਦੇ ਨਵੇਂ ਮਾਮਲਿਆਂ ਨੇ ਪੁਰਾਣੇ ਸਾਰੇ ਰਿਕਾਰਡ ਤੋੜ ਦਿੱਤੇ। ਜਦੋਂ ਤੋਂ ਦੇਸ਼ ਵਿਚ ਮਹਾਂਮਾਰੀ ਦੀ ਸ਼ੁਰੂਆਤ ਹੋਈ ਹੈ, ਉਦੋਂ ਤੋਂ ਹੁਣ ਤਕ ਦਾ ਇਹ ਸਭ ਤੋਂ ਜ਼ਿਆਦਾ ਮਾਮਲਿਆਂ ਦਾ ਅੰਕੜਾ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਬੁੱਧਵਾਰ ਸਵੇਰੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ 'ਚ 3,60,960 ਨਵੇਂ ਮਾਮਲੇ ਦਰਜ ਕੀਤੇ ਗਏ ਅਤੇ 3,293 ਮੌਤਾਂ ਹੋਈਆਂ ਹਨ। ਹੁਣ ਤਕ ਦੇਸ਼ ਵਿਚ ਕੁੱਲ ਇਨਫੈਕਟਿਡਾਂ ਦਾ ਅੰਕੜਾ 1,79,97,267 ਹੋ ਗਿਆ ਤੇ ਕੁੱਲ ਮੌਤਾਂ ਦੀ ਗਿਣਤੀ 2,01,187 ਹੋ ਗਈ ਹੈ। ਉੱਥੇ ਹੀ 16 ਜਨਵਰੀ ਤੋਂ ਸ਼ੁਰੂ ਕੀਤੀ ਗਈ ਕੋਰੋਨਾ ਵੈਕਸੀਨ ਮੁਹਿੰਮ ਤਹਿਤ ਹੁਣ ਤਕ ਦੇਸ਼ ਭਰ ਵਿਚ ਕੁੱਲ ਵੈਕਸੀਨੇਸ਼ਨ ਦਾ ਅੰਕੜਾ 14,78,27,367 ਹੋ ਗਿਆ ਹੈ। ਮੰਤਰਾਲੇ ਨੇ ਦੱਸਿਆ ਕਿ ਹੁਣ ਤਕ ਦੇਸ਼ ਵਿਚ ਸਰਗਰਮ ਮਾਮਲਿਆਂ ਦੀ ਕੁੱਲ ਗਿਣਤੀ 29,78,709 ਹੈ ਤੇ ਡਿਸਚਾਰਜ ਹੋਏ ਮਾਮਲਿਆਂ ਦੀ ਕੁੱਲ ਗਿਣਤੀ 1,48,17,371 ਹੈ।

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਕੋਵਿਡ ਟੀਕਾ ਲਵਾ ਚੁੱਕੇ ਲੋਕ ਦੂਸਰੇ ਲੋਕਾਂ ਦੀ ਤੁਲਨਾ ਵਿਚ ਜਿਆਦਾ ਸੁਰੱਖਿਅਤ!

## ਇਨ੍ਹਾਂ ਲੋਕਾਂ ਨੂੰ ਭੀੜ ਵਾਲੀਆਂ ਥਾਂਵਾਂ ਤੋਂ ਬਿਨਾਂ ਹੋਰ ਕਿਤੇ ਮਾਸਕ ਪਾਉਣ ਦੀ ਲੋੜ ਨਹੀਂ

**ਸੈਕਰਾਮੈਂਟੋ 28 ਅਪ੍ਰੈਲ (ਹੁਸਨ ਲੜੋਆ ਬੰਗਾ)–** ਸੈਂਟਰ ਫਾਰ ਡਸੀਜ਼ ਕੰਟਰੋਲ (ਸੀ ਡੀ ਸੀ) ਨੇ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਨੇ ਕੋਵਿਡ ਟੀਕੇ ਲਵਾ ਲਏ ਹਨ, ਨੂੰ ਭੀੜ ਵਾਲੀਆਂ ਥਾਂਵਾਂ ਨੂੰ ਛੱਡ ਕੇ ਬਾਹਰ ਖੁੱਲ੍ਹੀਆਂ ਥਾਂਵਾਂ ਉਪਰ ਮਾਸਕ ਪਾਉਣ ਦੀ ਲੋੜ ਨਹੀਂ ਹੈ। ਵਾਈਟ ਹਾਊਸ ਵਿਖੇ ਕੋਵਿਡ-19 ਬਾਰੇ ਗੱਲਬਾਤ ਕਰਦਿਆਂ ਜਨਤਿਕ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਮੁਕੰਮਲ ਟੀਕਾਕਰਣ ਵਾਲੇ ਲੋਕ ਬਿਨਾਂ ਮਾਸਕ ਦੇ ਸੈਰ ਕਰ ਸਕਦੇ ਹਨ, ਦੌੜ ਸਕਦੇ ਹਨ ਜਾਂ ਆਪਣੇ ਵਾਹਨ 'ਤੇ ਇਕੱਲੇ ਜਾਂ ਘਰ ਦੇ ਮੈਂਬਰਾਂ ਨਾਲ ਜਾ ਸਕਦੇ ਹਨ। ਇਹ ਲੋਕ ਖੁੱਲ੍ਹੀਆਂ ਥਾਂਵਾਂ 'ਤੇ ਛੋਟੇ ਇਕੱਠਾਂ ਵਿਚ ਆਪਣੇ ਮਿੱਤਰਾਂ ਦੋਸਤਾਂ ਨੂੰ ਮਿਲ ਸਕਦੇ ਹਨ। ਸੀ ਡੀ ਸੀ ਦੇ ਡਾਇਰੈਕਟਰ ਡਾ ਰੋਚੇਲ ਵਾਲਨਸਕਾਈ ਨੇ ਕਿਹਾ ਕਿ ਅੱਜ ਅਸੀਂ ਹਾਲਾਤ ਆਮ ਵਾਂਗ ਹੋਣ ਵੱਲ ਇਕ ਕਦਮ ਪੁੱਟ ਸਕਦੇ ਹਾਂ।

ਜੇਕਰ ਤੁਸੀਂ ਮੁਕੰਮਲ ਟੀਕਾਕਰਣ ਕਰਵਾ ਲਿਆ ਤਾਂ ਜਿਨ੍ਹਾਂ ਲੋਕਾਂ ਨੇ ਟੀਕਾਕਰਣ ਨਹੀਂ ਕਰਵਾਇਆ ਦੀ ਤੁਲਨਾ ਵਿਚ ਤੁਹਾਡੇ ਲਈ ਹਾਲਾਤ ਵਧੇਰੇ ਸੁਖਾਵੇਂ ਹਨ ਤੇ ਤੁਸੀਂ ਵਧੇਰੇ ਸੁਰੱਖਿਅਤ ਹੋ। ਇਸ ਦੇ ਨਾਲ ਹੀ ਸੀ ਡੀ ਸੀ ਨੇ ਮੁਕੰਮਲ ਟੀਕਾਕਰਣ ਵਾਲੇ ਲੋਕਾਂ ਨੂੰ ਕਮਰਾ ਬੰਦ ਜਾਂ ਖੁਲ੍ਹੇ ਜਨਤਕ ਇਕੱਠਾਂ ਵਿਚ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਹੈ। ਸੀ ਡੀ ਸੀ ਅਨੁਸਾਰ ਫਾਈਜ਼ਰ ਜਾਂ ਮੋਡਰੇਨਾ ਦੀ ਦੂਸਰੀ ਖੁਰਾਕ ਲੈਣ ਦੇ ਦੋ ਹਫਤੇ ਬਾਅਦ ਮੁਕੰਮਲ ਟੀਕਾਕਰਣ ਸਮਝਿਆ ਜਾਂਦਾ ਹੈ ਤੇ ਇਸੇ ਤਰਾਂ ਜੌਹਨਸਨ ਐਂਡ ਜੌਹਨਸਨ ਦਾ ਇਕ ਟੀਕਾ ਲਵਾਉਣ ਦੇ ਦੋ ਹਫਤੇ ਬਾਅਦ ਵਿਅਕਤੀ ਮੁਕੰਮਲ ਟੀਕਾਕਰਣ ਦੇ ਵਰਗ ਵਿਚ ਆ ਜਾਂਦਾ ਹੈ।

ਬਾਅਦ ਵਿਚ ਸੀ ਡੀ ਸੀ ਦੀਆਂ ਨਵੀਆਂ ਹਦਾਇਤਾਂ ਬਾਰੇ ਰਾਸ਼ਟਰਪਤੀ ਜੋਅ ਬਾਇਡਨ ਨੇ ਸਪਸ਼ਟ ਕਰਦਿਆਂ ਕਿਹਾ ਇਹ ਗੱਲ ਸਾਫ ਹੈ ਕਿ ਜੇਕਰ ਤੁਸੀਂ ਮੁਕੰਮਲ ਟੀਕਾਕਰਣ ਕਰਵਾ ਲਿਆ ਹੈ ਤਾਂ ਤੁਸੀਂ ਘਰਾਂ ਵਿਚ ਤੇ ਬਾਹਰ ਵਧੇਰੇ ਸੁਰੱਖਿਆ ਨਾਲ ਵਿਚਰ ਸਕਦੇ ਹੋ। ਬਾਇਡਨ ਨੇ ਕਿਹਾ ਕਿ ਉਨ੍ਹਾਂ ਲੋਕਾਂ ਜਿਨ੍ਹਾਂ ਨੇ ਅਜੇ ਟੀਕਾ ਨਹੀਂ ਲਗਵਾਇਆ ਲਈ ਹੁਣ ਮੌਕਾ ਹੈ ਕਿ ਉਹ ਟੀਕਾਕਰਣ ਕਰਵਾ ਲੈਣ। ਸੀ ਡੀ ਸੀ ਦੇ ਅੰਕੜਿਆਂ ਅਨੁਸਾਰ ਅਮਰੀਕਾ ਦੀ ਤਕਰੀਬਨ 30% ਆਬਾਦੀ ਦੇ ਮੁਕੰਮਲ ਟੀਕਾਕਰਣ ਹੋ ਚੁੱਕਾ ਹੈ ਤੇ 42% ਆਬਾਦੀ ਦੇ ਇਕ ਟੀਕਾ ਲੱਗ ਚੁੱਕਾ ਹੈ।

******

# ਸੰਘਰਸ਼ ਨੂੰ ਏਕੇ ਤੇ ਜਥੇਬੰਦਕ ਢੰਗ ਨਾਲ ਅੱਗੇ ਵਧਾਵਾਂਗੇ- ਕਿਸਾਨ ਆਗੂ

**ਨਵੀਂ ਦਿੱਲੀ (ਬਿਊਰੋ)–** ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਲੰਘੀ 23 ਅਪਰੈਲ ਨੂੰ ਦਿੱਲੀ ਦੀ ਸਿੰਘੂ ਹੱਦ ’ਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨਾਲ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਗਈ ਬਦਤਮੀਜ਼ੀ ਦੀ ਨਿਖੇਧੀ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਅਤੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ 23 ਅਪਰੈਲ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਾਲੀ ਥਾਂ ਕੁਝ ਸ਼ਰਾਰਤੀ ਅਨਸਰਾਂ ਨੇ ਦਾਖਲ ਹੋ ਕੇ ਕਿਸਾਨ ਮੋਰਚੇ ਕੋਲੋਂ ਸੰਸਦ ਭਵਨ ਵੱਲ ਮਾਰਚ ਕਰਨ ਦੀ ਤਾਰੀਖ ਦਾ ਜਬਰੀ ਐਲਾਨ ਕਰਵਾਉਣ ਦੀ ਵਾਹ ਲਾਈ ਸੀ। ਉਹਨਾਂ ਕਿਹਾ ਕਿ ਇਹ ਉਹੀ ਤਾਕਤਾਂ ਹਨ ਜੋ ਸਮੁੱਚੀਆਂ ਹਾਲਤਾਂ ਨੂੰ ਸਮਝੇ ਬਿਨਾਂ ਹੀ ਬਿਆਨ ਦਾਗਣ ’ਚ ਮਸਰੂਫ ਹਨ ਤੇ ਕਿਸਾਨ ਸੰਘਰਸ਼ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਹਾਕਮ ਧਿਰ ਵੱਲੋਂ ਖਾਸ ਕਰ ਕਰੋਨਾ ਸੰਕਟ ਦੇ ਦੌਰ ਸਮੇਂ ਮੋਰਚੇ ਨੂੰ ਬਦਨਾਮ ਕਰਨ ਤੇ ਖਿੰਡਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਹਾਲਤਾਂ ਵਿੱਚ ਕਿਸੇ ਵੀ ਦੀ ਮਾਅਰਕੇਬਾਜ਼ ਪਹੁੰਚ ਰਾਹੀਂ ਚੁੱਕਿਆ ਗਿਆ ਕਦਮ ਅਹਿਮ ਪੜਾਅ ’ਤੇ ਪੁੱਜੇ ਸੰਘਰਸ਼ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਏਗਾ। ਦੋਵਾਂ ਆਗੂਆਂ ਸਪੱਸ਼ਟ ਕੀਤਾ ਕਿ ਖੇਤੀ ਵਿਰੋਧੀ ਕਾਲੇ ਕਾਨੂੰਨ ਰੱਦ ਕਰਾਉਣ ਲਈ ਮੋਰਚੇ ਦੀ ਤਾਕਤ ਨੂੰ ਅਸੂਲੀ ਇਕਜੁੱਟ ਕਰਕੇ, ਸੰਘਰਸ਼ ਨੂੰ ਪੜਾਅਵਾਰ ਅੱਗੇ ਵਧਾਉਂਦਿਆਂ ਹੀ ਮੋਦੀ ਹਕੂਮਤ ਦੇ ਕਿਸਾਨ ਤੇ ਲੋਕ ਵਿਰੋਧੀ ਹੱਲੇ ਨੂੰ ਪਛਾੜਿਆ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਕਾਰਜਕਾਰੀ ਪ੍ਰਧਾਨ ਜਸਵਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਅੰਦੋਲਨਕਾਰੀਆਂ ਨੂੰ ਬਿਜਲੀ, ਪਾਣੀ ਅਤੇ ਦੁੱਧ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਬਿਨਾਂ ਵੀ ਲੰਮਾ ਸਮਾਂ ਸੰਘਰਸ਼ ਲਈ ਮਾਨਸਿਕ ਤੌਰ ’ਤੇ ਤਿਆਰ ਰਹਿਣ ਲਈ ਵੀ ਕਿਹਾ। ਜ਼ਿਲਾ ਸੰਗਰੂਰ ਦੇ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਨੇ ਮੋਰਚੇ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਤੋਂ ਚੌਕਸ ਰਹਿਣ ਲਈ ਕਿਹਾ।



### ਸੰਸਦ ਮਾਰਚ ਵਾਲਾ ਪੋਸਟਰ ਝੂਠਾ ਕਰਾਰ

ਸੰਯੁਕਤ ਕਿਸਾਨ ਮੋਰਚੇ ਨੇ ਸਪੱਸ਼ਟ ਕੀਤਾ ਕਿ ਸੋਸ਼ਲ ਮੀਡੀਆ ਉੱਪਰ 30 ਅਪਰੈਲ ਨੂੰ ਸੰਸਦ ਮਾਰਚ ਵਾਲਾ ਪੋਸਟਰ ਸਾਂਝਾ ਕੀਤਾ ਜਾ ਰਿਹਾ ਹੈ, ਉਹ ਝੂਠਾ ਹੈ ਅਤੇ ਇਸ ਪੋਸਟਰ ਨਾਲ ਮੋਰਚੇ ਦਾ ਕੋਈ ਸਬੰਧ ਨਹੀਂ ਹੈ। ਮੋਰਚੇ ਨੇ ਕਿਹਾ, 'ਅੱਜ ਸੋਸ਼ਲ ਮੀਡੀਆ ’ਤੇ ਸ਼ਰਾਰਤੀ ਅਨਸਰਾਂ ਨੇ ਇੱਕ ਪੋਸਟਰ ਸ਼ੇਅਰ ਕੀਤਾ ਜਿਸ ਵਿੱਚ ਬੀਕੇਯੂ ਕ੍ਰਾਂਤੀਕਾਰੀ, ਐੱਸਐੱਫਐੱਸ ਅਤੇ ਲੱਖਾ ਸਿਧਾਣਾ ਵੱਲੋਂ 30 ਅਪਰੈਲ ਨੂੰ ਸੰਸਦ ਮਾਰਚ ਦਾ ਸੱਦਾ ਦਿੱਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਇਹ ਸਪਸ਼ਟ ਕਰਦਾ ਹੈ ਕਿ ਇਹ ਪੋਸਟਰ ਬਿਲਕੁਲ ਝੂਠਾ ਹੈ ਤੇ 'ਫੇਕ ਆਈਡੀਜ਼' ਵੱਲੋਂ ਸ਼ੇਅਰ ਕੀਤਾ ਗਿਆ ਹੈ ਜੋ ਲਗਾਤਾਰ ਮੋਰਚੇ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ।

# ਮੰਗਲ ਗ੍ਰਹਿ 'ਤੇ ਆਕਸੀਜਨ ਬਣਾਉਣ ਦਾ ਕੀਤਾ ਕਮਾਲ

**ਵਾਸ਼ਿੰਗਟਨ (ਬਿਊਰੋ)–** ਜ਼ਿੰਦਗੀ ਦੀ ਤਲਾਸ਼ 'ਚ 18 ਫਰਵਰੀ ਨੂੰ ਮੰਗਲ ਗ੍ਰਹਿ 'ਤੇ ਉਤਰੇ ਨਾਸਾ ਦੇ ਪਰਸੀਵੇਰੈਂਸ ਨਾਂ ਦੇ ਰੋਵਰ ਨੇ ਇਕ ਹੋਰ ਵੱਡਾ ਕਮਾਲ ਕਰ ਦਿੱਤਾ ਹੈ। ਇਸ ਰੋਵਰ ਨੂੰ ਲਾਲ ਗ੍ਰਹਿ 'ਤੇ ਵੱਡੀ ਮਾਤਰਾ 'ਚ ਮੌਜੂਦ ਕਾਰਬਨ ਡਾਈਆਕਸਾਈਡ ਨਾਲ ਸਾਹ ਲੈਣ ਯੋਗ ਆਕਸੀਜਨ ਬਣਾਉਣ 'ਚ ਪਹਿਲੀ ਵੱਡੀ ਕਾਮਯਾਬੀ ਮਿਲੀ ਹੈ। ਹਾਲਾਂਕਿ ਬਹੁਤ ਥੋੜੀ ਮਾਤਰਾ 'ਚ ਆਕਸੀਜਨ ਤਿਆਰ ਹੋਈ ਹੈ, ਪਰ ਇਹ ਪ੍ਰਾਪਤੀ ਦੂਰਗਾਮੀ ਮੰਨੀ ਜਾ ਰਹੀ ਹੈ। ਇਸ ਨਾਲ ਮੰਗਲ 'ਤੇ ਮਨੁੱਖੀ ਬਸਤੀ ਵਸਾਉਣ ਦਾ ਰਸਤਾ ਖੁੱਲ ਸਕਦਾ ਹੈ। ਰੋਵਰ ਦੇ ਨਾਲ ਪਹੁੰਚਿਆ ਰੋਬੋਟ ਹੈਲੀਕਾਪਟਰ ਪਹਿਲਾਂ ਹੀ ਇਤਿਹਾਸ ਰਚ ਚੁੱਕਾ ਹੈ। ਇਸਨੇ ਪਿਛਲੇ ਸੋਮਵਾਰ ਨੂੰ ਮੰਗਲ 'ਤੇ ਪਹਿਲੀ ਉਡਾਣ ਭਰੀ ਸੀ। ਧਰਤੀ ਤੋਂ ਪਰੇ ਕਿਸੇ ਦੂਜੇ ਗ੍ਰਹਿ 'ਤੇ ਇਸ ਤਰਾਂ ਦੀ ਇਹ ਪਹਿਲੀ ਉਡਾਣ ਸੀ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਇਕ ਬਿਆਨ 'ਚ ਕਿਹਾ ਕਿ ਪਰਸੀਵੇਰੈਂਸ ਨਾਲ ਗਏ ਮਾਰਸ ਆਕਸੀਜਨ ਇਨ-ਸੀਟੂ ਰਿਸੋਰਸ ਯੂਟੀਲਾਈਜ਼ੇਸ਼ਨ ਐਕਸਪੈਰੀਮੈਂਟ (ਮਾਕਸੀ) ਨਾਂ ਦੇ ਉਪਕਰਨ ਨੂੰ ਪਹਿਲੀ ਵਾਰੀ ਆਕਸੀਜਨ ਬਣਾਉਣ 'ਚ ਕਾਮਯਾਬੀ ਮਿਲੀ ਹੈ। ਇਕ ਟੋਸਟਰ ਆਕਾਰ ਦੇ ਇਸ ਉਪਕਰਨ ਨੇ 20 ਅਪ੍ਰੈਲ ਨੂੰ ਆਕਸੀਜਨ ਬਣਾਇਆ। ਨਾਸਾ ਦੇ ਸਪੇਸ ਟੈਕਨਾਲੋਜੀ ਮਿਸ਼ਨ ਡਾਇਰੈਕਟੋਰੇਟ (ਐੱਸਟੀਐੱਮਡੀ) ਦੇ ਸਹਾਇਕ ਪ੍ਰਸ਼ਾਸਕ ਜਿਮ ਰੀਟਰ ਨੇ ਕਿਹਾ, ਮੰਗਲ ਗ੍ਰਹਿ 'ਤੇ ਕਾਰਬਨ ਡਾਈਆਕਸਾਈਡ ਨੂੰ ਆਕਸੀਜਨ 'ਚ ਬਦਲਣ 'ਚ ਇਹ ਪਹਿਲਾ ਅਹਿਮ ਕਦਮ ਹੈ। **ਮਾਕਸੀ ਨਾਂ ਦੇ ਉਪਕਰਨ** ਕਾਰਬਨ ਡਾਈਆਕਸਾਈਡ ਮਾਲੀਕਿਊਲਸ ਨਾਲ ਆਕਸੀਜਨ ਐਟਮਾਂ ਨੂੰ ਵੱਖ ਕਰਨ ਦਾ ਕੰਮ ਕਰਦਾ ਹੈ। ਇਸ ਲਈ 800 ਡਿਗਰੀ ਸੈਲਸੀਅਸ ਤਕ ਦੂਰਗਾਮੀ ਦੀ ਲੋੜ ਪੈਂਦੀ ਹੈ। ਇਸ ਕੰਮ ਲਈ ਮਾਕਸੀ ਨੂੰ ਪੂਰੀ ਤਰਾਂ ਲੈਸ ਕੀਤਾ ਗਿਆ ਹੈ। ਮੰਗਲ ਗ੍ਰਹਿ 'ਤੇ ਕਾਰਬਨ ਡਾਈਆਕਸਾਈਡ ਦੀ ਕੋਈ ਕਮੀ ਨਹੀਂ ਹੈ। ਇੱਥੋਂ ਦੇ ਵਾਯੂਮੰਡਲ 'ਚ ਕਰੀਬ 96 ਫ਼ੀਸਦੀ ਕਾਰਬਨ ਡਾਈਆਕਸਾਈਡ ਹੈ।

SKY TRANSPORT SOLUTIONS
STRIVE FOR MORE

WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਪੱਤਰਕਾਰ ਨੀਟਾ ਮਾਛੀਕੇ ਦੇ ਪੁੱਤਰ ਪ੍ਰੀਤ ਦੇ ਜਨਮ ਦਿਨ 'ਤੇ ਲੱਗੀ ਮਹਿਫਲ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ):** ਬੀਤੇ ਇਕ ਸਾਲ ਤੋਂ ਵਧੀਕ ਸਮੇਂ ਤੋਂ ਕੋਵਿੰਡ-19 ਕਰਕੇ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹਰ ਤਰਾਂ ਦੇ ਇਕੱਠਾ 'ਤੇ ਪਾਬੰਦੀ ਹੋਣ ਕਰਕੇ ਸਾਡੇ ਸਮਾਜ ਦੇ ਬਹੁਤ ਸਾਰੀਆਂ ਰਸਮਾਂ, ਦਿਨ ਤਿਉਹਾਰ, ਪਾਰਟੀਆਂ, ਮੇਲੇ ਅਤੇ ਧਾਰਮਿਕ ਸਮਾਗਮ ਨਹੀਂ ਹੋ ਸਕੇ। ਪਰ ਹੁਣ ਸਰਕਾਰੀ ਤੌਰ 'ਤੇ ਮਿਲੀ ਹਦਾਇਤਾਂ ਅਨੁਸਾਰ ਇਕੱਠਾ ਦੀ ਖੁੱਲ ਬਾਅਦ ਲੋਕਾ ਨੇ ਆਪਣੇ ਰੁਕੇ ਪਏ ਕਾਰਜ, ਜਿਵੇਂ ਵਿਆਹ, ਜਨਮ-ਦਿਨ, ਮੇਲੇ ਅਤੇ ਧਾਰਮਿਕ ਕਾਰਜ ਸ਼ੁਰੂ ਕਰ ਦਿੱਤੇ ਹਨ।



ਇੰਨਾਂ ਹੀ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਫਰਿਜ਼ਨੋ ਤੋਂ ਸਾਡੇ ਪੱਤਰਕਾਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਅਤੇ ਹਰਜਿੰਦਰ ਕੌਰ ਧਾਲੀਵਾਲ ਦੇ ਇਕਲੋਤੇ ਪੁੱਤਰ ਅਤੇ ਮਾਸਟਰ ਦਿਲਦਾਰਾ ਸਿੰਘ ਧਾਲੀਵਾਲ ਦੇ ਪੋਤਰੇ ਪ੍ਰੀਤਇੰਦਰ ਸਿੰਘ ਧਾਲੀਵਾਲ ਦਾ 21ਵਾਂ ਜਨਮ ਦਿਨ ਪਰਿਵਾਰ, ਰਿਸ਼ਤੇਦਾਰ ਅਤੇ ਦੋਸਤਾ ਨੇ ਬੇਟੇ ਦੀ ਚੜਦੀਕਲਾ ਅਤੇ ਤੁੰਦਰੁਸਤੀ ਦੀ ਅਰਦਾਸ ਕਰਦੇ ਹੋਏ ਮਨਾਇਆਂ।

ਇਸ ਸਮੇਂ ਸਮਾਗਮ ਦੀ ਸੁਰੂਆਤ ਨੀਟਾ ਮਾਛੀਕੇ ਦੇ ਵੱਡੇ ਵੀਰ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਕੀਤੀ। ਇਸ ਬਾਅਦ ਨੀਟਾ ਮਾਛੀਕੇ ਨੇ ਆਪਣੇ ਪੁੱਤਰ ਦੀਆ ਬਚਪਨ ਦੀਆ ਕੁਝ ਯਾਦਾ ਤਾਜਾ ਕੀਤੀਆਂ। ਗਗਨਦੀਪ ਕੌਰ ਧਾਲੀਵਾਲ (ਭੈਣ) ਨੇ ਵੀ ਬੋਲਦੇ ਹੋਏ ਆਪਣੇ ਵੀਰ 'ਤੇ ਮਾਣ ਕੀਤਾ। ਇਸ ਉਪਰੰਤ ਗਾਇਕੀ ਦੀ ਮਹਿਫਲ ਵਿੱਚ ਹਾਜ਼ਰੀਨ ਕਲਾਕਾਰਾਂ ਨੇ ਬੰਨੇ ਰੰਗ। ਮਹਿਫਲ ਦੀ ਸੁਰੂਆਤ ਗਾਇਕ ਕਲਾਕਾਰ ਅਵਤਾਰ ਗਰੇਵਾਲ ਨੇ ਆਪਣੇ ਧਾਰਮਿਕ ਗੀਤ 'ਸਰਬੱਤ ਦਾ ਭਲਾ' ਨਾਲ ਕੀਤੀ ਅਤੇ ਹੋਰ ਗੀਤ ਗਾਏ। ਇਸ ਤੋਂ ਇਲਾਵਾ ਹੋਰ ਕਲਾਕਾਰਾਂ ਵਿੱਚ ਬਾਈ ਸੁਰਜੀਤ, ਗੌਗੀ ਸੰਧੂ, ਧਰਮਵੀਰ ਥਾਂਦੀ, ਗੁੱਲੂ ਬਰਾੜ ਅਤੇ ਕਵੀ ਸੁੱਖੀ ਧਾਲੀਵਾਲ ਨੇ ਖੂਬ ਰੌਣਕਾਂ ਲਾ ਮਹੌਲ ਨੂੰ ਰੰਗੀਨ ਬਣਾਈ ਰੱਖਿਆਂ। ਇਸ ਮਹਿਫਲ ਦਾ ਸਭ ਨੇ ਭਰਪੂਰ ਅਨੰਦ ਮਾਣਿਆਂ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਬਹੁਪੱਖੀ ਸਖਸ਼ੀਅਤ ਦੇ ਮਾਲਕ ਗੌਗੀ ਸੰਧੂ ਨੇ ਬਾਖੂਬੀ ਕੀਤਾ।

## ਫਰਿਜ਼ਨੋ ਨਿਵਾਸੀ ਗਿੱਲ ਪਰਵਾਰ ਨੂੰ ਸਦਮਾ..

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆ) 27 ਅਪ੍ਰੈਲ 2021–** ਫਰਿਜ਼ਨੋ ਨਿਵਾਸੀ ਫੁੱਟੇ ਸਮਾਜਸੇਵੀ ਹਰਮਨ ਗਿੱਲ ਅਤੇ ਪਰਿਵਾਰ ਨੂੰ ਉਸ ਵੇਲੇ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਸਰਦਾਰ ਦਲੀਪ ਸਿੰਘ ਗਿੱਲ (67) ਪਰਮਾਤਮਾ ਵੱਲੋਂ ਬਖ਼ਸ਼ੀ ਉਮਰ ਭੋਗਕੇ ਅਚਾਨਕ ਅਕਾਲ ਚਲਾਣਾ ਕਰ ਗਏ। ਉਹ ਪਿਛਲੇ 15 ਸਾਲ ਤੋਂ ਕੈਲੀਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਉਹਨਾਂ ਦਾ ਪਿਛਲਾਂ ਪਿੰਡ ਘੋਲੀਆ ਖ਼ੁਰਦ ਜ਼ਿਲ੍ਹਾ ਮੋਗਾ ਵਿੱਚ ਪੈਂਦਾ ਹੈ। ਸਵ. ਦਲੀਪ ਸਿੰਘ ਗਿੱਲ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਅਤੇ ਜ਼ਿੰਦਾ-ਦਿਲ ਇਨਸਾਨ ਸਨ, ਉਹਨਾਂ ਦੇ ਇਸ ਤਰਾਂ ਅਚਾਨਕ ਦੁਨੀਆ ਤੋਂ ਤੁਰ ਜਾਣਾ ਨਾਲ ਜਿੱਥੇ ਗਿੱਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਪੰਜਾਬੀ ਕਮਿਉਂਨਟੀ ਵੀ ਉਹਨਾਂ ਨੂੰ ਹਮੇਸ਼ਾਂ ਯਾਦ ਕਰੇਗੀ। ਉਨ੍ਹਾਂ ਦਾ ਅੰਤਿਮ ਸੰਸਕਾਰ ਦਿਨ ਐਤਵਾਰ, ਮਿਤੀ 05/02/2021 ਨੂੰ ਸ਼ਾਂਤ ਭਵਨ 4800 E. Clayton Ave Fowler CA 93625 ਵਿਖੇ 1:30 ਤੋ 4 ਵਜੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਨਾਨਕ ਪ੍ਰਕਾਸ਼ 4250 E. Lincoln Ave Fresno, CA 93725 ਵਿਖੇ ਕੀਤੀ ਜਾਵੇਗੀ ਪਰਵਾਰ ਨਾਲ਼ ਦੁੱਖ ਸਾਂਝਾ ਕਰਨ ਵਾਸਤੇ ਉਨ੍ਹਾਂ ਦੇ ਵੱਡੇ ਸਪੁੱਤਰ ਹਰਮਨ ਸਿੰਘ ਗਿੱਲ ਨਾਲ 559-283-1721 ਤੇ ਸੰਪਰਕ ਕਰ ਸਕਦੇ ਹੋ।



## ਭਾਰਤੀ ਮੂਲ ਦੀ ਵਨੀਤਾ ਗੁਪਤਾ ਦੀ ਹੋਈ ਐਸੋਸੀਏਟ ਅਟਾਰਨੀ ਜਨਰਲ ਵਜੋਂ ਪੁਸ਼ਟੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆ), 22 ਅਪ੍ਰੈਲ 2021–** ਅਮਰੀਕਾ ਦੀ ਸੈਨੇਟ ਨੇ ਭਾਰਤੀ ਮੂਲ ਦੀ ਵਨੀਤਾ ਗੁਪਤਾ ਦੀਬੁੱਧਵਾਰ ਨੂੰ ਐਸੋਸੀਏਟ ਅਟਾਰਨੀ ਜਨਰਲ ਵਜੋਂ ਪੁਸ਼ਟੀ ਕੀਤੀ ਹੈ।

ਇਸ ਪੁਸ਼ਟੀ ਨਾਲ ਗੁਪਤਾ ਐਸੋਸੀਏਟ ਅਟਾਰਨੀ ਜਨਰਲ ਬਣਨ ਵਾਲੀ ਪਹਿਲੀ ਗੈਰ ਗੋਰੀ ਔਰਤ ਹੋਣ ਦੇ ਨਾਲ, ਜਸਟਿਸ ਵਿਭਾਗ ਦੀ ਦੂਜੀ ਸਭ ਤੋਂ ਉੱਚ ਰੈਂਕਿੰਗ ਅਧਿਕਾਰੀ ਹੋਵੇਗੀ। ਇਸ ਦੌਰਾਨ ਗੁਪਤਾ ਦੀ 51 ਤੋਂ 49 ਵੋਟਾਂ ਨਾਲ ਪੁਸ਼ਟੀ ਹੋਈ। ਉਪ ਰਾਸ਼ਟਰਪਤੀ ਕਮਲਾ ਹੈਰਿਸ ਬੁੱਧਵਾਰ ਨੂੰ ਕੈਪੀਟਲ ਵਿੱਚ ਸੀ, ਜੇਕਰ ਗੁਪਤਾ ਦੀ ਪੁਸ਼ਟੀ ਕਰਨ ਲਈ ਉਸ ਨੂੰ ਟਾਈ ਤੋੜਨ ਦੀ ਲੋੜ ਸੀ, ਪਰ ਮੁਰਕੋਵਸਕੀ ਨੇ ਦੁਪਹਿਰ ਨੂੰ ਐਲਾਨ ਕੀਤਾ ਕਿ ਉਹ ਇਸ ਅਹੁਦੇ ਲਈ ਨਾਮਜ਼ਦ ਵਿਅਕਤੀ ਦਾ ਸਮਰਥਨ ਕਰੇਗੀ।



ਜਿਆਦਾਤਰ ਰਿਪਬਲਿਕਨ ਲੋਕਾਂ ਨੇ ਓਬਾਮਾ ਪ੍ਰਸ਼ਾਸਨ ਅਧੀਨ ਜਸਟਿਸ ਵਿਭਾਗ ਦੇ ਸਿਵਲ ਰਾਈਟਸ ਡਵੀਜ਼ਨ ਦੀ ਅਗਵਾਈ ਕਰਨ ਵਾਲੀ ਗੁਪਤਾ ਦਾ ਵਿਰੋਧ ਕੀਤਾ ਅਤੇ ਰਿਪਬਲਿਕਨ ਪ੍ਰਤੀ ਉਸਦੇ ਪਿਛਲੇ ਟਵੀਟ ਲਈ ਉਸ ਦੀ ਅਲੋਚਨਾ ਕੀਤੀ। ਉਸਦੀ ਪੁਸ਼ਟੀਕਰਨ ਸੁਣਵਾਈ ਦੇ ਦੌਰਾਨ, ਰਿਪਬਲੀਕਨਜ਼ ਨੇ ਉਸ ਤੋਂ ਵੀ ਪੁੱਛਗਿੱਛ ਵੀ ਕੀਤੀ।

ਸੈਨੇਟ ਵਿੱਚ, ਸੈਨੇਟਰ ਮੁਰਕੋਵਸਕੀ ਨੇ ਕਿਹਾ ਕਿ ਉਹ ਗੁਪਤਾ ਦੇ ਕੁੱਝ ਬਿਆਨਾਂ ਨਾਲ ਸਹਿਮਤ ਨਹੀਂ ਹੈ, ਪਰ ਉਹ ਪ੍ਰਭਾਵਸ਼ਾਲੀ ਹੈ। ਵਨੀਤਾ ਗੁਪਤਾ ਨਿਆਂ ਵਿਭਾਗ ਵਿੱਚ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਅਤੇ ਡਿਪਟੀ ਅਟਾਰਨੀ ਜਨਰਲ ਲੀਜ਼ਾ ਮੋਨ-ਾਕੋ ਦੀ ਟੀਮ ਵਿੱਚ ਸ਼ਾਮਿਲ ਹੋਵੇਗੀ, ਜਿਨ੍ਹਾਂ ਦੀ ਪਹਿਲਾਂ ਹੀ ਪੁਸ਼ਟੀ ਹੋ ਚੁੱਕੀ ਹੈ।

## ਯੂਕੇ ਨੇ ਕੋਰੋਨਾ ਸਹਾਇਤਾ ਵਜੋਂ ਵੈਂਟੀਲੇਟਰ, ਆਕਸੀਜਨ ਆਦਿ ਸਮਾਨ ਕੀਤਾ ਭਾਰਤ ਲਈ ਰਵਾਨਾ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੂੰ ਕੋਵਿਡ ਮਹਾਂਮਾਰੀ ਦੀ ਵਿਨਾਸ਼ਕਾਰੀ ਦੂਜੀ ਲਹਿਰ ਦਾ ਸਾਹਮਣਾ ਕਰ ਰਹੇ ਭਾਰਤ ਨੂੰ ਹਰ ਸੰਭਵ ਸਹਾਇਤਾ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਜਿਸਦੇ ਤਹਿਤ ਯੂਕੇ ਸਰਕਾਰ ਵੱਲੋਂ ਵੈਂਟੀਲੇਟਰਾਂ ਅਤੇ ਆਕਸੀਜਨ ਆਦਿ ਦੇ ਰੂਪ ਵਿੱਚ ਮਦਦ ਕਰਨ ਲਈ ਪਹਿਲਾ ਸਹਾਇਤਾ ਪੈਕੇਜ ਭਾਰਤ ਦੀ ਰਾਜਧਾਨੀ ਦਿੱਲੀ ਵੱਲ ਰਵਾਨਾ ਕੀਤਾ ਗਿਆ ਹੈ। ਇਸਦੇ ਇਲਾਵਾ ਵਿਦੇਸ਼ੀ ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (ਐਫ.ਸੀ.ਡੀ.ਓ.) ਦੁਆਰਾ ਭੁਗਤਾਨ ਕੀਤੇ ਜਾਣ ਵਾਲੇ ਹੋਰ ਸਹਾਇਤਾ ਉਪਕਰਣਾਂ ਦਾ ਪ੍ਰਬੰਧ ਇਸ ਹਫਤੇ ਦੌਰਾਨ ਕੀਤਾ ਜਾ ਰਿਹਾ ਹੈ ਅਤੇ ਇਸ ਵਿੱਚ ਨੌਂ ਏਅਰਲਾਇਨ ਕੰਟੇਨਰ ਲੋਡ ਸਪਲਾਈ ਸ਼ਾਮਿਲ ਹੋਣਗੇ, ਜਿਨ੍ਹਾਂ ਵਿਚ 495 ਆਕਸੀਜਨ ਕਨਸਨਟ੍ਰੇਟਰ, 120 ਵੈਂਟੀਲੇਟਰ ਅਤੇ 20 ਮੈਨੂਅਲ ਵੈਂਟੀਲੇਟਰ ਸ਼ਾਮਿਲ ਹਨ। ਇਸ ਸੰਬੰਧੀ ਯੂਕੇ ਸਰਕਾਰ ਦੇ ਸੂਤਰਾਂ ਨੇ ਕਿਹਾ ਕਿ ਫਿਲਹਾਲ ਤੁਰੰਤ ਲੋੜੀਂਦੇ ਉਪਕਰਣਾਂ ਦੇ ਨਿਰੰਤਰ ਪ੍ਰਵਾਹ ਨੂੰ ਤੇਜ਼ ਕਰਨ 'ਤੇ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ। ਭਾਰਤ ਵਿੱਚ ਵਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਦੋਵੇਂ ਦੇਸ਼ਾਂ ਦੇ ਹਾਈ ਕਮਿਸ਼ਨਾਂ ਅਤੇ ਬ੍ਰਿਟੇਨ ਵਿਚਲੇ ਭਾਰਤੀ ਪ੍ਰਵਾਸੀ ਸਮੂਹਾਂ ਦੇ ਪ੍ਰਤੀਕਰਮ ਨੂੰ ਤਾਲਮੇਲ ਕਰਨ ਲਈ ਵਿਚਾਰ ਵਟਾਂਦਰੇ ਚੱਲ ਰਹੇ ਹਨ। ਪਿਛਲੇ ਹਫਤੇ ਦੇ ਅਖੀਰ ਵਿਚ, ਐਫ.ਸੀ.ਡੀ.ਓ. ਨੇ ਐਲਾਨ ਕੀਤਾ ਸੀ ਕਿ ਭਾਰਤ ਸਰਕਾਰ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ, ਕੋਵਿਡ -19 ਵਿਰੁੱਧ ਲੜਾਈ ਵਿੱਚ ਦੇਸ਼ ਦਾ ਸਮਰਥਨ ਕਰਨ ਲਈ 600 ਤੋਂ ਵੱਧ ਜ਼ਰੂਰੀ ਡਾਕਟਰੀ ਉਪਕਰਣਾਂ ਨੂੰ ਭਾਰਤ ਭੇਜਿਆ ਜਾਵੇਗਾ। ਇਸਦੇ ਇਲਾਵਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ ਕਿ ਸੈਂਕੜੇ ਆਕਸੀਜਨ ਉਪਕਰਣ ਅਤੇ ਵੈਂਟੀਲੇਟਰਾਂ ਸਮੇਤ ਮਹੱਤਵਪੂਰਨ ਮੈਡੀਕਲ ਉਪਕਰਣ ਹੁਣ ਇਸ ਭਿਆਨਕ ਵਾਇਰਸ ਤੋਂ ਜਾਨੀ ਨੁਕਸਾਨ ਦੀ ਰੋਕਥਾਮ ਦੇ ਯਤਨਾਂ ਦਾ ਸਮਰਥਨ ਕਰਨ ਲਈ ਬ੍ਰਿਟੇਨ ਤੋਂ ਭਾਰਤ ਜਾ ਰਹੇ ਹਨ। ਜਦਕਿ ਇਸ ਸੰਕਟ ਦੇ ਸਮੇਂ ਬ੍ਰਿਟੇਨ ਦੇ ਵਿਦੇਸ਼ ਸਕੱਤਰ ਡੋਮਿਨਿਕ ਰਾਬ ਨੇ ਵੀ ਸੋਮਵਾਰ ਨੂੰ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਗੱਲਬਾਤ ਕੀਤੀ ਸੀ।



## 18 ਸਾਲ ਤੋਂ ਜਿਆਦਾ ਉਮਰ ਦੇ ਲੋਕਾਂ ਨੂੰ 1 ਮਈ ਤੋਂ ਲੱਗੇਗੀ ਕੋਰੋਨਾ ਵੈਕਸੀਨ

**ਨਵੀਂ ਦਿੱਲੀ–** ਦੇਸ਼ ਇਸ ਸਮੇਂ ਕੋਰੋਨਾ ਨਾਲ ਜੰਗ ਲੜ ਰਿਹਾ ਹੈ। ਸੰਕਟ ਦੇ ਇਸ ਸਮੇਂ 'ਚ ਕੋਰੋਨਾ ਵੈਕਸੀਨੇਸ਼ਨ ਡਰਾਈਵ ਨੂੰ ਤੇਜ਼ ਕੀਤਾ ਗਿਆ ਹੈ। 1 ਮਈ 2021 ਤੋਂ ਦੇਸ਼ 'ਚ 18 ਸਾਲ ਤੋਂ ਉਪਰ ਦੇ ਲੋਕਾਂ ਨੂੰ ਕੋਰੋਨਾ ਵੈਕਸੀਨ ਲੱਗਣੀ ਸ਼ੁਰੂ ਹੋ ਜਾਵੇਗੀ। ਇਸ ਲਈ 28 ਅਪ੍ਰੈਲ ਤੋਂ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਸਾਰੇ ਭਾਰਤੀ ਨਾਗਰਿਕ ਵੈਕਸੀਨ ਲਗਵਾਉਣ ਲਈ ਕੋ-ਵਿਨ ਐਪ ਜਾਂ ਫਿਰ ਆਰੋਗਿਆ ਸੇਤੂ ਐਪ 'ਤੇ ਰਜਿਟ੍ਰੇਸ਼ਨ ਕਰਵਾ ਸਕਦੇ ਹੋ।




ਸਿਹਤ ਮੰਤਰਾਲੇ ਨੇ ਟਵੀਟ ਕਰ ਜਾਣਕਾਰੀ ਦਿੱਤੀ ਹੈ ਕਿ ਵਰਤਮਾਨ 'ਚ 45 ਸਾਲ ਜਾਂ ਉਸ ਤੋਂ ਜਿਆਦਾ ਉਮਰ ਦੇ ਲੋਕਾਂ ਲਈ ਟੀਕਾਕਰਨ ਕੀਤਾ ਜਾ ਰਿਹਾ ਹੈ। ਅਗਲੇ ਮਹੀਨੇ ਯਾਨੀ 1 ਮਈ, 2021 ਤੋਂ 18-45 ਸਾਲ ਉਮਰ ਵਰਗ ਲਈ ਵੀ ਕੋਰੋਨਾ ਵੈਕਸੀਨੇਸ਼ਨ ਸ਼ੁਰੂ ਕੀਤੀ ਜਾਵੇਗੀ।

## ਭਾਰਤੀ ਮੂਲ ਦੇ ਡਾਕਟਰਾਂ ਨੇ ਕੋਰੋਨਾ ਮਰੀਜ਼ਾਂ ਲਈ ਸ਼ੁਰੂ ਕੀਤੀ ਹੈਲਪਲਾਈਨ

**ਵਾਸ਼ਿੰਗਟਨ–** ਭਾਰਤੀ ਮੂਲ ਦੇ ਅਮਰੀਕੀ ਡਾਕਟਰਾਂ ਦੇ ਇਕ ਸਮੂਹ ਨੇ ਕੋਰੋਨਾ ਮਰੀਜ਼ਾਂ ਲਈ ਮੁਫ਼ਤ ਟੈਲੀਮੈਡੀਸਨ ਹੈਲਪਲਾਈਨ ਸ਼ੁਰੂ ਕੀਤੀ ਹੈ। ਇਹਨਾਂ 'ਚੋਂ ਜ਼ਿਆਦਾਤਰ ਡਾਕਟਰਾਂ ਦੀਆਂ ਜੜਾਂ ਬਿਹਾਰ ਅਤੇ ਝਾਰਖੰਡ 'ਚ ਹਨ। ਇਸ ਸਮੂਹ ਦੀ ਅਗਵਾਈ ਡਾ. ਅਵਿਨਾਸ਼ ਗੁਪਤਾ ਅਤੇ ਭਾਰਤੀ ਮੂਲ ਦੇ ਕੁਝ ਅਮਰੀਕੀ ਡਾਕਟਰ ਕਰ ਰਹੇ ਹਨ। ਡਾ. ਗੁਪਤਾ ਬਿਹਾਰ ਐਂਡ ਝਾਰਖੰਡ ਐਸੋਸੀਏਸ਼ਨ ਆਫ਼ ਨਾਰਥ ਅਮਰੀਕਾ (ਬੀਜੇਐਐੱਨਏ) ਦੇ ਪ੍ਰਧਾਨ ਹਨ। ਡਾਕਟਰਾਂ ਦਾ ਇਹ ਸਮੂਹ ਕੋਰੋਨਾ ਮਰੀਜ਼ਾਂ ਨੂੰ ਮੁਫ਼ਤ ਮੈਡੀਕਲ ਸਲਾਹ ਦੇਣ ਲਈ ਇੰਟਰਨੈੱਟ ਅਤੇ ਐਪ ਦੀ ਵਰਤੋਂ ਕਰ ਰਿਹਾ ਹੈ। ਸਮੂਹ ਨਾਲ ਜੁੜੇ ਇਕ ਡਾਕਟਰ ਆਲੋਕ ਕੁਮਾਰ ਨੇ ਦੱਸਿਆ ਕਿ ਇਹ ਸਾਡੀਆਂ ਕੋਸ਼ਿਸ਼ਾਂ ਦਾ ਇਕ ਹਿੱਸਾ ਹੈ ਕਿ ਘਰ 'ਚ ਅਸੀਂ ਆਪਣੇ ਲੋਕਾਂ ਦੀ ਕਿਸ ਤਰਾਂ ਮਦਦ ਕਰ ਸਕਦੇ ਹਾਂ। ਸ਼ੁਰੂਆਤੀ ਕੁਝ ਦਿਨਾਂ 'ਚ ਹੀ ਲਗਭਗ ਇਕ ਦਰਜਨ ਡਾਕਟਰਾਂ ਨੇ ਕੋਰੋਨਾ ਦੇ ਬਹੁਤ ਸਾਰੇ ਮਰੀਜ਼ਾਂ ਨੂੰ ਸਿਹਤ ਸਬੰਧੀ ਸਲਾਹ ਦਿੱਤੀ। ਡਾਕਟਰਾਂ ਨੇ ਮਹਿਸੂਸ ਕੀਤਾ ਕਿ ਲੋਕਾਂ 'ਚ ਕੋਰੋਨਾ ਬਾਰੇ ਜਾਣਕਾਰੀ ਦੀ ਕਮੀ ਇਕ ਵੱਡੀ ਸਮੱਸਿਆ ਹੈ। ਇਕ-ਇਕ ਕਰ ਕੇ ਮਰੀਜ਼ਾਂ ਨੂੰ ਸਲਾਹ ਦੇਣ ਨਾਲ ਹੀ ਬੀਜੇਐਐੱਨਏ ਦੇ ਡਾਕਟਰ ਕੋਰੋਨਾ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਦੇਣ ਲਈ ਸਮੂਹਕ ਸੈਸ਼ਨ ਵੀ ਕਰਵਾ ਰਹੇ ਹਨ। ਕੁਮਾਰ ਨੇ ਦੱਸਿਆ ਕਿ ਬੀਜੇਐਐੱਨਏ ਜ਼ਰੂਰੀ ਮੈਡੀਕਲ ਸਪਲਾਈ ਪਟਨਾ ਭੇਜਣ ਲਈ ਵੀ ਕੰਮ ਕਰ ਰਿਹਾ ਹੈ।

## ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ ਤੀਹ ਲੱਖ ਦੇ ਪਾਰ

**ਵਾਸ਼ਿੰਗਟਨ–** ਕੋਰੋਨਾ ਇਨਫੈਕਸ਼ਨ ਦੇ ਤੇਵਰ ਢਿੱਲੇ ਨਹੀਂ ਪੈ ਰਹੇ। ਮੌਤਾਂ ਦਾ ਅੰਕੜਾ ਤੀਹ ਲੱਖ ਤੋਂ ਪਾਰ ਹੋ ਗਿਆ ਹੈ। ਜਾਪਾਨ ਨੇ ਦੋ ਹੋਰ ਸੂਬਿਆਂ 'ਚ ਵੀ ਐਮਰਜੈਂਸੀ ਐਲਾਨ ਦਿੱਤੀ ਹੈ। ਮਹਾਂਮਾਰੀ 'ਤੇ ਕੰਟਰੋਲ ਨਾ ਹੋਣ 'ਤੇ ਟੋਕੀਓ-ਓਸਾਕਾ ਤੋਂ ਬਾਅਦ ਹੁਣ ਕਿਓਟੋ ਤੇ ਹਿਓਗੋ 'ਚ ਵੀ ਐਮਰਜੈਂਸੀ ਐਲਾਨ ਦਿੱਤੀ ਗਈ ਹੈ। ਇੱਥੇ ਐਤਵਾਰ ਨੂੰ ਸਾਢੇ ਪੰਜ ਹਜ਼ਾਰ ਤੋਂ ਵੱਧ ਮਰੀਜ਼ ਮਿਲੇ। ਬਾਰ, ਸਟੋਰ ਤੇ ਥਿਏਟਰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ ਨੇ ਕਿਹਾ ਕਿ ਜਨਤਾ ਨੂੰ ਸਖ਼ਤ ਪਾਬੰਦੀਆਂ ਦਾ ਪਾਲਣ ਕਰਨਾ ਚਾਹੀਦਾ ਹੈ। ਵਿੱਤ ਮੰਤਰੀ ਓਲਾਫ ਸਕੋਲਜ ਨੇ ਕਿਹਾ ਹੈ ਕਿ ਇਨਫੈਕਸ਼ਨ ਦੀ ਇਹੀ ਸਥਿਤੀ ਰਹੀ ਤਾਂ ਮਈ ਦੇ ਅੰਤ ਤਕ ਸਾਰੀਆਂ ਪਾਬੰਦੀਆਂ ਜਾਰੀ ਰਹਿਣਗੀਆਂ।



ਬੰਗਲਾਦੇਸ਼ ਨੇ ਭਾਰਤ 'ਚ ਵਧਦੇ ਕੋਰੋਨਾ ਦੇ ਮਾਮਲਿਆਂ ਕਾਰਨ 14 ਦਿਨਾਂ ਲਈ ਆਪਣਾ ਬਾਰਡਰ ਸੀਲ ਕਰ ਦਿੱਤਾ ਹੈ। ਬੰਗਲਾਦੇਸ਼ ਦੇ ਗ੍ਰਹਿ ਮੰਤਰੀ ਅਸਦੁਜਮਾਨ ਖ਼ਾਨ ਮੁਤਾਬਕ ਪ੍ਰਧਾਨ ਮੰਤਰੀ ਦਫ਼ਤਰ ਦੇ ਨਿਰਦੇਸ਼ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਅਮਰੀਕਾ ਦੇ ਜੋਨਸ ਹਾਪਕਿਨਸ ਯੂਨੀਵਰਸਿਟੀ ਮੁਤਾਬਕ ਦੁਨੀਆ ਭਰ 'ਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਮਰਨ ਵਾਲਿਆਂ ਦਾ ਅੰਕੜਾ ਤੀਹ ਲੱਖ 96 ਹਜ਼ਾਰ ਹੋ ਗਿਆ ਹੈ।


## ਵਰ ਦੀ ਲੋੜ

ਬਾਲਮੀਕ ਗਿੱਲ, ਅਮਰੀਕਨ ਸਿਟੀਜਨ, ਉਮਰ 32 ਸਾਲ, ਕੱਦ 5 ਫੁੱਟ ਚਾਰ ਇੰਚ, LVN ਨਰਸ ਦੀ ਨੌਕਰੀ ਕਰਦੀ ਲੜਕੀ ਲਈ ਚੰਗੇ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਜ਼ਰੂਰਤ ਹੈ। ਸੰਪਰਕ ਲਈ ਫੋਨ ਨੰਬਰ 530-740-3056

ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕੀਆਂ ਨੂੰ ਮੁੜ ਲਾਈ ਜਾਵੇਗੀ ਜੌਹਨਸਨ ਐਂਡ ਜੌਹਨਸਨ ਦੀ ਕੋਵਿਡ

**ਸੈਕਰਾਮੈਂਟੋ 24 ਅਪ੍ਰੈਲ–** ਖੂਨ ਜਮ ਜਾਣ ਦੀਆਂ ਸ਼ਿਕਾਇਤਾਂ ਉਪਰੰਤ ਜੌਹਨਸਨ ਐਂਡ ਜੌਹਨਸਨ ਦੀ ਕੋਵਿਡ ਵੈਕਸੀਨ ਲਾਉਣ ਉਪਰ ਲਾਈ ਰੋਕ ਹਟਾ ਲਈ ਗਈ ਹੈ। 11 ਦਿਨ ਪਹਿਲਾਂ ਲੱਗੀ ਪਾਬੰਦੀ ਨੂੰ ਖਤਮ ਕਰਦਿਆਂ 'ਫੂਡ ਐਂਡ ਡਰੱਗ ਅਡਮਨਿਸਟ੍ਰੇਸ਼ਨ ਅਤੇ ਸੈਂਟਰ ਫਾਰ ਡਸੀਜ ਕੰਟਰੋਲ'' ਨੇ ਕਿਹਾ ਹੈ ਕਿ ਤਕਰੀਬਨ 80 ਲੱਖ ਲੋਕਾਂ ਜਿਨਾਂ ਦੇ ਜੌਹਨਸਨ ਐਂਡ ਜੌਹਨਸਨ ਦਾ ਕੋਵਿਡ ਟੀਕਾ ਲਾਇਆ ਗਿਆ ਸੀ ਵਿਚੋਂ 15 ਲੋਕਾਂ ਉਪਰ ਬੁਰਾ ਅਸਰ ਵੇਖਣ ਨੂੰ ਮਿਲਿਆ ਹੈ ਜਿਨਾਂ ਵਿਚੋਂ 3 ਵਿਅਕਤੀਆਂ ਦੀ ਮੌਤ ਹੋਈ ਹੈ, ਇਸ ਆਧਾਰ 'ਤੇ ਇਕ ਬਹੁਤ ਹੀ ਪ੍ਰਭਾਵੀ ਵੈਕਸੀਨ ਦੀ ਵਰਤੋਂ ਬੰਦ ਕੀਤੇ ਜਾਣ ਨੂੰ ਉਚਿੱਤ ਨਹੀਂ ਠਹਿਰਾਇਆ ਜਾ ਸਕਦਾ।

ਫੂਡ ਐਂਡ ਡਰੱਗ ਅਡਮਨਿਸਟ੍ਰੇਸ਼ਨ ਤੇ ਸੈਂਟਰ ਫਾਰ ਡਸੀਜ ਕੰਟਰੋਲ ਦੇ ਅਧਿਕਾਰੀਆਂ ਨੇ ਸਾਂਝੇ ਪੱਤਰਕਾਰ ਸੰਮੇਲਣ ਵਿਚ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਨਵੇਂ ਸਿਰੇ ਤੋਂ ਲੋਕਾਂ ਨੂੰ ਲਾਉਣ ਦਾ ਐਲਾਨ ਕੀਤਾ।

ਪ੍ਰੈਸ ਕਾਨਫਰੰਸ ਤੋਂ ਪਹਿਲਾਂ ਸੈਂਟਰ ਫਾਰ ਡਸੀਜ ਕੰਟਰੋਲ ਦੀ ਸਲਾਹਕਾਰ ਕਮੇਟੀ ਨੇ ਵੈਕਸੀਨ ਦੀ ਵਰਤੋਂ ਕਰਨ ਦੇ ਹੱਕ ਵਿਚ ਵੋਟਾਂ ਪਾਈਆਂ।


ਅਧਿਕਾਰੀਆਂ ਨੇ ਕਿਹਾ ਕਿ ਵੈਕਸੀਨ ਲਾਉਣ ਵੇਲੇ ਹਰੇਕ ਵਿਅਕਤੀ ਨੂੰ ਇਸ ਦੇ ਬਹੁਤ ਹੀ ਘੱਟ ਬੁਰੇ ਅਸਰ ਬਾਰੇ ਦਸਿਆ ਜਾਵੇਗਾ ਤੇ ਕੋਵਿਡ ਤੋਂ ਬਚਾਅ ਲਈ ਇਸ ਦੇ ਪ੍ਰਭਾਵੀ ਹੋਣ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਸਲਾਹਕਾਰ ਕਮੇਟੀ ਦੇ ਮੈਂਬਰ ਡਾ ਗਰੇਸ ਲੀ ਨੇ ਕਿਹਾ ਕਿ ਇਹ ਬਹੁਤ ਗੰਭੀਰ ਮਾਮਲਾ ਹੈ ਤੇ ਇਸ ਬਾਰੇ ਲੋਕਾਂ ਨੂੰ ਨਿਰੰਤਰ ਜਾਗਰੂਕ ਕਰਨ ਦੀ ਲੋੜ ਹੈ।

ਸਾਨੂੰ ਸਪੱਸ਼ਟ ਸਿਫਾਰਿਸ਼ਾਂ ਨਾਲ ਲੋਕਾਂ ਕੋਲ ਜਾਣਾ ਚਾਹੀਦਾ ਹੈ। ਡਾ ਹੈਨਰੀ ਬਰਨਸਟੀਨ ਨੇ ਕਿਹਾ ਕਿ ਸੁਰੱਖਿਆ ਚਿੰਤਾ ਦੇ ਮੱਦੇਨਜਰ ਰੋਕ ਲਾਉਣੀ ਜਾਇਜ ਸੀ ਪਰੰਤੂ ਹੁਣ ਇਸ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਮਾਂ ਹੈ।

ਲੋਕਾਂ ਨੂੰ ਇਹ ਦੱਸਣਾ ਜਰੂਰੀ ਹੈ ਕਿ ਇਹ ਵੈਕਸੀਨ ਬਹੁਤ ਹੀ ਅਸਰਦਾਰ ਹੈ ਜੋ ਕੋਵਿਡ-19 ਤੋਂ ਉਨਾਂ ਦਾ ਬਚਾਅ ਕਰੇਗੀ।

## 7 ਸਾਲਾ ਬੱਚੀ ਦੇ ਹਤਿਆਰੇ ਨੂੰ ਪੁਲਿਸ ਨੇ ਮਾਰੀ ਗੋਲੀ, ਗੰਭੀਰ ਹਾਲਤ ਵਿਚ ਹਸਪਤਾਲ ਦਾਖਲ

**ਸੈਕਰਾਮੈਂਟੋ 24 ਅਪ੍ਰੈਲ–** ਸ਼ਿਕਾਗੋ ਪੁਲਿਸ ਨੇ ਪਿਛਲੇ ਹਫਤੇ ਆਪਣੇ ਪਿਤਾ ਨਾਲ ਜਾ ਰਹੀ 7 ਸਾਲਾ ਬੱਚੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵਾਲੇ



ਵਿਅਕਤੀ ਦਾ ਪਿਛਾ ਕਰਕੇ ਉਸ ਨੂੰ ਗੋਲੀ ਮਾਰ ਦਿੱਤੀ। ਉਪਰੰਤ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ। ਸ਼ਿਕਾਗੋ ਪੁਲਿਸ ਮੁਖੀ ਡੇਵਿਡ ਬਰਾਊਨ ਨੇ ਕਿਹਾ ਹੈ ਕਿ ਸ਼ੱਕੀ ਵਿਅਕਤੀ ਨੇ ਬੱਚ ਕੇ ਨਿਕਲ ਜਾਣ ਦੀ ਅਸਫਲ ਕੋਸ਼ਿਸ਼ ਕੀਤੀ। ਉਨਾਂ ਪੁਸ਼ਟੀ ਕੀਤੀ ਕਿ ਇਹ ਉਹ ਹੀ ਸ਼ੱਕੀ ਵਿਅਕਤੀ ਹੈ ਜਿਸ ਨੇ ਜਸਲਿਨ ਐਡਮਜ ਨਾਮੀ 7 ਸਾਲਾ ਬੱਚੀ ਦੇ ਕਈ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ ਤੇ ਬੱਚੀ ਦੇ ਪਿਤਾ ਨੂੰ ਜਖਮੀ ਕਰ ਦਿੱਤਾ ਸੀ ਜਿਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

## ਅਮਰੀਕਾ ਵਿਚ ਹੁਣ ਕੋਰੋਨਾ ਟੀਕਾਕਰਣ ਹੋਇਆ ਮੁਸ਼ਕਿਲ ਕਈ ਰਾਜਾਂ ਨੇ ਵਧੇਰੇ ਮਾਤਰਾ ਵਿਚ ਵੈਕਸੀਨ ਲੈਣ ਤੋਂ ਕੀਤਾ ਇਨਕਾਰ

**ਸੈਕਰਾਮੈਂਟੋ 25 ਅਪ੍ਰੈਲ –** ਅਮਰੀਕਾ ਦੀ 40% ਤੋਂ ਵਧ ਆਬਾਦੀ ਨੂੰ ਮੁਕੰਮਲ ਰੂਪ ਵਿਚ ਜਾਂ ਅੰਸ਼ਕ ਰੂਪ ਵਿਚ ਕੋਰੋਨਾ ਟੀਕਾਕਰਣ ਹੋ ਚੁੱਕਾ ਹੈ। ਸਭ ਤੋਂ ਵਧ ਜੋਖਮ ਵਾਲੇ ਲੋਕਾਂ ਦੇ ਟੀਕਾਕਰਣ ਹੋ ਚੁੱਕਾ ਹੈ ਤੇ ਆਪਣੀ ਇੱਛਾ ਅਨੁਸਾਰ ਟੀਕਾ ਲਵਾਉਣ ਲਈ ਅੱਗੇ ਆਏ ਲੋਕਾਂ ਦੇ ਵੀ ਟੀਕਾ ਲੱਗਾ ਚੁੱਕਾ ਹੈ। ਰਹਿੰਦੀ ਵੱਸੋਂ ਦੇ ਟੀਕਾਕਰਣ ਵਿਚ ਮੁਸ਼ਕਿਲਾਂ ਆ ਰਹੀਆਂ ਹਨ ਤੇ ਲੋਕ ਟੀਕਾ ਲਵਾਉਣ ਲਈ ਖੁਦ ਅੱਗੇ ਨਹੀਂ ਆ ਰਹੇ। ਵਾਈਟ ਹਾਊਸ ਨੇ ਵੈਕਸੀਨ ਲਵਾਉਣ ਵਿਚ ਝਿਝਕ ਵਿਖਾ ਰਹੇ ਲੋਕਾਂ ਤੱਕ ਪਹੁੰਚ ਕਰਨ ਲਈ ਲੋਕਾਂ ਤੱਕ ਸਿੱਧੀ ਪਹੁੰਚ ਕਰਨ ਦੀ ਯੋਜਨਾ ਬਣਾਈ ਹੈ। ਇਸ ਮਕਸਦ ਲਈ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਵੇਗੀ। ਸਿਹਤ ਮਾਹਿਰ ਤੇ ਫਿਲਮੀ ਅਦਾਕਾਰ ਲੋਕਾਂ ਨੂੰ ਟੀਕਾ ਲਵਾਉਣ ਵਾਸਤੇ ਪ੍ਰੇਰਤ ਕਰਨਗੇ। ਵਾਈਟ ਹਾਊਸ ਦੇ ਕੋਵਿਡ-19 ਰਿ-ਸਪਾਂਸ ਕੋਆਰਡੀਨੇਟਰ ਜੈਫ ਜ਼ੀਨਟਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਜਿੰਨੀ ਛੇਤੀ ਸੰਭਵ ਹੋ ਸਕਿਆ ਕੋਰੋਨਾ ਤੋਂ ਬਚਾਅ ਲਈ ਜੋਖਮ ਵਾਲੇ ਵਰਗ ਤੇ ਆਪਣੀ ਇੱਛਾ ਅਨੁਸਾਰ ਅੱਗੇ ਆਏ ਲੋਕਾਂ ਦੇ ਟੀਕਾ ਲਾ ਚੁੱਕੇ ਹਾਂ ਪਰੰਤੂ ਹੁਣ ਸਾਨੂੰ ਪਤਾ ਹੈ ਕਿ ਰਹਿੰਦੀ ਆਬਾਦੀ ਤੱਕ ਪਹੁੰਚ ਕਰਨ ਵਿੱਚ ਸਮਾਂ ਲੱਗੇਗਾ ਤੇ ਅਸੀਂ ਹੁਣ ਇਸ ਪਾਸੇ ਆਪਣਾ ਸਾਰਾ ਧਿਆਨ ਲਾ ਰਹੇ ਹਾਂ। ਜਿਨਾਂ ਰਾਜਾਂ ਨੇ ਵੈਕਸੀਨ ਲੈਣੀ ਬੰਦ ਕਰ ਦਿੱਤੀ ਹੈ ਜਾਂ ਘਟਾ ਦਿੱਤੀ ਹੈ ਉਨਾਂ ਵਿਚ ਲੁਇਸਿਆਨਾ ਤੇ ਮਿਸੀਸਿਪੀ ਸ਼ਾਮਿਲ ਹਨ। ਮਿਸੀਸਿਪੀ ਨੇ ਛੋਟੇ ਪੈਕਟਾਂ ਵਿਚ ਵੈਕਸੀਨ ਭੇਜਣ ਲਈ ਕਿਹਾ ਹੈ ਤਾਂ ਜੋ ਉਹ ਖਰਾਬ ਨਾ ਹੋਵੇ। ਤਿੰਨ ਚੌਥਾਈ ਕਨਸਾਸ ਕਾਊਂਟੀਆਂ ਪਿਛਲੇ ਇਕ ਮਹੀਨੇ ਦੌਰਾਨ ਘੱਟੋ ਘੱਟ ਇਕ ਵਾਰ ਵੈਕਸੀਨ ਲੈਣ ਤੋਂ ਇਨਕਾਰ ਕਰ ਚੁੱਕੀਆਂ ਹਨ। ਇਸੇ ਦੌਰਾਨ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਮੁੜ ਬਜਾਰ ਵਿਚ ਆ ਗਈ ਹੈ ਤੇ ਇਸ ਨੂੰ ਲੋਕਾਂ ਦੇ ਲਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਖੂਨ ਜੰਮਣ ਦੀਆਂ ਸ਼ਿਕਾਇਤਾਂ ਕਾਰਨ 12 ਦਿਨ ਪਹਿਲਾਂ ਇਸ ਨੂੰ ਲਾਉਣਾ ਬੰਦ ਕਰ ਦਿੱਤਾ ਗਿਆ ਸੀ। ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਇਹ ਵੈਕਸੀਨ ਬਹੁਤ ਕਾਰਗਰ ਹੈ ਤੇ ਜੋਖਮ ਦੀ ਸੰਭਾਵਨਾ ਨਾ ਦੇ ਬਰਾਬਰ ਹੈ।

## ਕੈਲੀਫੋਰਨੀਆ ਦੇ ਗਵਰਨਰ ਨੂੰ ਅਹੁਦੇ ਤੋਂ ਹਟਾਉਣ ਲਈ ਦੁਬਾਰਾ ਵੋਟਾਂ ਪਵਾਉਣ ਬਾਰੇ ਪਟੀਸ਼ਨ ਨੂੰ ਭਰਵਾਂ ਹੁੰਗਾਰਾ

**ਸੈਕਰਾਮੈਂਟੋ, 27 ਅਪ੍ਰੈਲ–** ਕੈਲੀਫੋਰਨੀਆ ਦੇ ਸਕੱਤਰ ਨੇ ਐਲਾਨ ਕੀਤਾ ਹੈ ਕਿ ਡੈਮੋਕਰੈਟਿਕ ਗਵਰਨਰ ਗਾਵਿਨ ਨਿਊਸੋਮ ਨੂੰ ਅਹੁੱਦੇ ਤੋਂ ਹਟਾਉਣ ਲਈ ਦੁਬਾਰਾ ਵੋਟਾਂ ਪਵਾਉਣ ਬਾਰੇ ਪਟੀਸ਼ਨ ਉਪਰ 16 ਲੱਖ ਲੋਕਾਂ ਨੇ ਦਸਤਖਤ ਕੀਤੇ ਹਨ ਜੋ ਕਿ ਦੁਬਾਰਾ ਵੋਟਾਂ ਪਵਾਉਣ ਲਈ ਮਜਬੂਰ ਕਰਨ ਵਾਸਤੇ ਲੋੜੀਂਦੇ ਦਸਤਖਤਾਂ ਨਾਲੋਂ ਤਕਰੀਬਨ 1 ਲੱਖ ਵਧ ਹਨ। ਦੁਬਾਰਾ ਵੋਟਾਂ ਪਵਾਉਣ ਮੌਕੇ ਵੋਟਰਾਂ ਕੋਲੋਂ ਦੋ ਸਵਾਲ ਪੁੱਛੇ ਜਾਣਗੇ। ਕੀ ਨਿਊਸੋਮ ਨੂੰ ਅਹੁੱਦੇ ਤੋਂ ਹਟਾ ਦੇਣਾ ਚਾਹੀਦਾ ਹੈ ? ਉਸ ਦੀ ਜਗਾ ਕੌਣ ਲਵੇਗਾ? ਦੂਸਰੇ ਸਵਾਲ ਦੀਆਂ ਵੋਟਾਂ ਦੀ ਗਿਣਤੀ ਤਾਂ ਹੀ ਕੀਤੀ ਜਾਵੇਗੀ ਜੇਕਰ ਪਹਿਲੇ ਸਵਾਲ ਦੇ ਜਵਾਬ ਵਿਚ ਅਧਿਉਂ ਵਧ ਵੋਟਰ 'ਹਾਂ' ਵਿਚ ਜਵਾਬ ਦੇਣਗੇ। ਜਿਨਾਂ ਲੋਕਾਂ ਨੇ ਪਟੀਸ਼ਨ ਉਪਰ ਦਸਤਖਤ ਕੀਤੇ ਹਨ, ਉਨਾਂ ਕੋਲ ਦਸਤਖਤ ਵਾਪਿਸ ਲੈਣ ਲਈ 30 ਦਿਨਾਂ ਦਾ ਸਮਾਂ ਹੈ। ਜੇਕਰ ਨਿਊਸੋਮ ਦੁਬਾਰਾ ਵੋਟਾਂ ਵਿਚ ਬਚ ਜਾਂਦੇ ਹਨ ਤਾਂ ਉਹ 2022 ਵਿਚ ਦੁਬਾਰਾ ਚੋਣ ਲੜ ਸਕਣ ਦੇ ਯੋਗ ਹੋਣਗੇ। ਇਥੇ ਜਿਕਰਯੋਗ ਹੈ ਕਿ 2003 ਵਿਚ ਡੈਮੋਕਰੈਟਿਕ ਗਵਰਨਰ ਗਰੇਅ ਡੇਵਿਸ ਨੂੰ ਦੁਬਾਰਾ ਵੋਟਾਂ ਵਿਚ ਅਹੁੱਦੇ ਤੋਂ ਹਟਾ ਦਿੱਤਾ ਗਿਆ ਸੀ ਤੇ ਉਸ ਦੀ ਜਗਾ ਰਿਪਬਲੀਕਨ ਅਰਨੋਲਡ ਸ਼ਵਰਜ਼ੇਨੇਗਰ ਗਵਰਨਰ ਬਣੇ ਸਨ।

## ਭਾਰਤੀ ਮੂਲ ਦੀ ਅਮਰੀਕਨ ਕਲਾਕਾਰ ਨੇ ਇਟਲੀ ਵਿਚ ਆਪਣੀਆਂ ਕਲਾ ਕ੍ਰਿਤਾਂ ਦੀ ਲਾਈ ਪ੍ਰਦਰਸ਼ਨੀ

**ਸੈਕਰਾਮੈਂਟੋ 25 ਅਪ੍ਰੈਲ –** ਭਾਰਤੀ ਮੂਲ ਦੀ ਅਮਰੀਕਨ ਕਲਾਕਾਰ ਮਾਧੁਰੀ ਸ੍ਰੀਕਾਂਤ ਮਿਲਾਨ (ਇਟਲੀ) ਵਿਚ ਇਕ ਕੌਮਾਂਤਰੀ ਪ੍ਰਦਰਸ਼ਨੀ ਵਿੱਚ ਆਪਣੀਆਂ ਕਲਾਕ੍ਰਿਤਾਂ ਦਾ ਪ੍ਰਦਰਸ਼ਨ ਕਰ ਰਹੀ ਹੈ। ਇਹ ਪ੍ਰਦਰਸ਼ਨੀ 23 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਤੇ 2 ਮਈ ਤੱਕ ਚੱਲੇਗੀ। ਸ੍ਰੀਕਾਂਤ ਦੀਆਂ ਜੜਾਂ ਭਾਰਤ ਦੇ ਤੇਲੰਗਾਨਾ ਰਾਜ ਨਾਲ ਜੁੜੀਆਂ ਹੋਈਆਂ ਹਨ। ਕੈਰੀ, ਉਤਰੀ ਕੈਰੋਲੀਨਾ ਦੀ ਵਸਨੀਕ ਸ੍ਰੀਕਾਂਤ ਨੂੰ ਇਸ



ਪ੍ਰਦਰਸ਼ਨੀ ਵਿਚ ਹਿੱਸਾ ਲੈਣ ਲਈ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਹੈ। ਸ੍ਰੀਕਾਂਤ ਨੇ ਕਿਹਾ ਹੈ ਕਿ ਮੇਰੇ ਲਈ ਕੌਮਾਂਤਰੀ ਪਲੇਟਫਾਰਮ ਉਪਰ ਭਾਰਤੀ ਸਭਿਆਚਾਰ ਤੇ ਰਵਾਇਤਾਂ ਨੂੰ ਕਲਾ ਦੇ ਰੂਪ ਵਿਚ ਪ੍ਰਦਰਸ਼ਤ ਕਰਨ ਦਾ ਇਹ ਇਕ ਵੱਡਾ ਅਵਸਰ ਹੈ। ਉਸ ਨੇ ਕਿਹਾ ਮੇਰੀ ਇੱਛਾ ਹੈ ਕਿ ਭਾਰਤੀ ਮੂਲ ਦੀਆਂ ਹੋਰ ਲੜਕੀਆਂ ਵੀ ਕਲਾ ਦੇ ਖੇਤਰ ਨਾਲ ਜੁੜਨ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


## ਦੁਨੀਆ ਭਰ 'ਚ 24 ਘੰਟਿਆਂ 'ਚ ਵੱਧ ਗਏ ਸਵਾ ਸੱਤ ਲੱਖ ਨਵੇਂ ਪੀੜਤ

(ਸਫਾ 1 ਦੀ ਬਾਕੀ)

ਕੀਤੀ ਗਈ। ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਨਾਲ ਜੂਝਣ ਵਾਲੇ ਬਰਤਾਨੀਆ 'ਚ ਨਵੇਂ ਮਾਮਲਿਆਂ 'ਚ ਹੁਣ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਪਿਛਲੇ 24 ਘੰਟਿਆਂ 'ਚ ਸਿਰਫ਼ 1,712 ਪਾਜ਼ੇਟਿਵ ਕੇਸ ਪਾਏ ਗਏ। ਇਹ ਗਿਣਤੀ ਪਿਛਲੇ ਸਾਲ ਸਤੰਬਰ ਤੋਂ ਬਾਅਦ ਸਭ ਤੋਂ ਘੱਟ ਦੱਸੀ ਜਾ ਰਹੀ ਹੈ। ਇਸ ਨਾਲ ਪੀੜਤ ਲੋਕਾਂ ਦੀ ਕੁੱਲ ਗਿਣਤੀ 44 ਲੱਖ ਚਾਰ ਹਜ਼ਾਰ ਤੋਂ ਜ਼ਿਆਦਾ ਹੋ ਗਈ। ਇਸ ਦੌਰਾਨ 11 ਪੀੜਤਾਂ ਦੇ ਦਮ ਤੋੜਨ ਨਾਲ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ ਇਕ ਲੱਖ 27 ਹਜ਼ਾਰ 428 ਹੋ ਗਈ ਹੈ। ਇਰਾਕ: ਦੇਸ਼ 'ਚ 24 ਘੰਟਿਆਂ 'ਚ 6,034 ਨਵੇਂ ਕੇਸ ਮਿਲਣ ਨਾਲ ਕੁੱਲ ਗਿਣਤੀ ਦੱਸ ਲੱਖ 31 ਹਜ਼ਾਰ ਤੋਂ ਜ਼ਿਆਦਾ ਹੋ ਗਈ ਹੈ। ਇੱਥੇ 15 ਹਜ਼ਾਰ 257 ਪੀੜਤਾਂ ਦੀ ਮੌਤ ਹੋਈ ਹੈ।

### ਕੌਮੀ ਸੰਕਟ ਸਮੇਂ ਚੁੱਪ ਨਹੀਂ ਬੈਠ ਸਕਦੇ: ਸੁਪਰੀਮ ਕੋਰਟ

**ਨਵੀਂ ਦਿੱਲੀ–** ਦੇਸ਼ 'ਚ ਕਰੋਨਾਵਾਇਰਸ ਦੇ ਲਗਾਤਾਰ ਵੱਧ ਰਹੇ ਮਾਮਲਿਆਂ ਨੂੰ ਕੌਮੀ ਸੰਕਟ ਦੱਸਦਿਆਂ ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਉਹ ਅਜਿਹੀ ਸਥਿਤੀ 'ਚ ਮੂਕ ਦਰਸ਼ਕ ਬਣਿਆ ਨਹੀਂ ਰਹਿ ਸਕਦਾ। ਨਾਲ ਹੀ ਅਦਾਲਤ ਨੇ ਸਪੱਸ਼ਟ ਕੀਤਾ ਕਿ ਕੋਵਿਡ-19 ਦੇ ਪ੍ਰਬੰਧਨ ਲਈ ਕੌਮੀ ਨੀਤੀ ਤਿਆਰ ਕਰਨ ਲਈ ਉਸ ਵੱਲੋਂ ਖੁਦ ਨੋਟਿਸ ਲੈ ਕੇ ਸੁਣਵਾਈ ਕਰਨ ਦਾ ਮਤਲਬ ਹਾਈ ਕੋਰਟਾਂ ਦੇ ਕੇਸਾਂ ਨੂੰ ਦਬਾਉਣਾ ਨਹੀਂ ਹੈ। ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਜਸਟਿਸ ਐੱਸ ਰਵਿੰਦਰ ਭੱਟ ਦੇ ਬੈਂਚ ਨੇ ਕਿਹਾ ਕਿ ਹਾਈ ਕੋਰਟ ਖੇਤਰੀ ਹੱਦਾਂ ਅੰਦਰ ਮਹਾਂਮਾਰੀ ਦੀ ਸਥਿਤੀ 'ਤੇ ਨਜ਼ਰ ਰੱਖਣ ਲਈ ਬਿਹਤਰ ਸਥਿਤੀ 'ਚ ਹਨ ਅਤੇ ਸੁਪਰੀਮ ਕੋਰਟ ਪੂਰਕ ਭੂਮਿਕਾ ਨਿਭਾਅ ਰਿਹਾ ਹੈ ਤੇ ਉਸ ਦੇ ਦਖਲ ਨੂੰ ਸਹੀ ਸੰਦਰਭ 'ਚ ਸਮਝਣਾ ਚਾਹੀਦਾ ਹੈ ਕਿਉਂਕਿ ਕੁਝ ਮਾਮਲੇ ਖੇਤਰੀ ਹੱਦਾਂ ਤੋਂ ਵੀ ਅੱਗੇ ਹਨ। ਬੈਂਚ ਨੇ ਕਿਹਾ ਕਿ ਕੁਝ ਕੌਮੀ ਮੁੱਦਿਆਂ 'ਤੇ ਸਿਖਰਲੀ ਅਦਾਲਤ ਦੇ ਦਖਲ ਦੀ ਲੋੜ ਹੈ ਕਿਉਂਕਿ ਕੁਝ ਮਾਮਲੇ ਸੂਬਿਆਂ ਵਿਚਾਲੇ ਤਾਲਮੇਲ ਨਾਲ ਸਬੰਧਤ ਹੋ ਸਕਦੇ ਹਨ। ਬੈਂਚ ਨੇ ਕਿਹਾ, 'ਅਸੀਂ ਪੂਰਕ ਭੂਮਿਕਾ ਨਿਭਾ ਰਹੇ ਹਾਂ। ਜੇਕਰ ਹਾਈ ਕੋਰਟਾਂ ਨੂੰ ਖੇਤਰੀ ਹੱਦਾਂ ਕਾਰਨ ਮੁਕੱਦਮਿਆਂ ਦੀ ਸੁਣਵਾਈ 'ਚ ਕੋਈ ਦਿੱਕਤ ਹੁੰਦੀ ਹੈ ਤਾਂ ਅਸੀਂ ਮਦਦ ਕਰਾਂਗੇ।' ਸੁਪਰੀਮ ਕੋਰਟ ਦੀਆਂ ਇਹ ਟਿੱਪਣੀਆਂ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਕੁਝ ਵਕੀਲਾਂ ਨੇ ਮਹਾਂਮਾਰੀ ਦੇ ਮਾਮਲਿਆਂ ਦੇ ਫਿਰ ਤੋਂ ਵਧਣ ਦਾ ਪਿਛਲੇ ਵੀਰਵਾਰ ਨੂੰ ਖੁਦ ਨੋਟਿਸ ਲੈਣ 'ਤੇ ਸੁਪਰੀਮ ਕੋਰਟ ਦੀ ਆਲੋਚਨਾ ਕੀਤੀ ਸੀ ਅਤੇ ਕਿਹਾ ਸੀ ਕਿ ਹਾਈ ਕੋਰਟਾਂ ਨੂੰ ਸੁਣਵਾਈ ਕਰਨ ਦੇਣੀ ਚਾਹੀਦੀ ਹੈ। ਇਸ ਤੋਂ ਇੱਕ ਦਿਨ ਬਾਅਦ 23 ਅਪਰੈਲ ਨੂੰ ਤਤਕਾਲੀ ਚੀਫ ਜਸਟਿਸ ਐੱਸਏ ਬੋਬੜੇ ਨੇ ਕੁਝ ਵਕੀਲਾਂ ਵੱਲੋਂ ਕੀਤੀ ਗਈ ਆਲੋਚਨਾ 'ਤੇ ਇਤਰਾਜ਼ ਜਤਾਇਆ ਸੀ। ਬੈਂਚ ਨੇ ਕੋਵਿਡ-19 ਦੇ ਟੀਕਿਆਂ ਦੀਆਂ ਵੱਖ ਵੱਖ ਕੀਮਤਾਂ ਬਾਰੇ ਸੀਨੀਅਰ ਵਕੀਲ ਵਿਕਾਸ ਸਿੰਘ ਸਮੇਤ ਵਕੀਲਾਂ ਦੀਆਂ ਦਲੀਲਾਂ 'ਤੇ ਵੀ ਅੱਜ ਗੌਰ ਕੀਤਾ ਅਤੇ ਕੇਂਦਰ ਨੂੰ ਵੱਖ ਵੱਖ ਕੀਮਤਾਂ ਪਿਛਲੇ 'ਤਰਕ ਤੇ ਆਧਾਰ' ਬਾਰੇ ਦੱਸਣ ਨੂੰ ਕਿਹਾ। 18 ਸਾਲ ਤੋਂ ਘੱਟ ਉਮਰ ਦੇ ਸਾਰੇ ਨਾਗਰਿਕਾਂ ਨੂੰ ਟੀਕਾ ਲਗਾਉਣ ਦੇ ਸਰਕਾਰ ਦੇ ਫ਼ੈਸਲੇ 'ਤੇ ਅਦਾਲਤ ਨੇ ਸੂਬਿਆਂ ਨੂੰ ਵੀਰਵਾਰ ਤੱਕ ਜਵਾਬ ਦੇਣ ਲਈ ਕਿਹਾ ਕਿ ਉਹ ਟੀਕਿਆਂ ਦੀ ਮੰਗ ਵਧਣ ਅਤੇ ਇਸ ਲਈ ਜ਼ਰੂਰੀ ਬੁਨਿਆਦੀ ਢਾਂਚੇ ਦੀ ਜ਼ਰੂਰਤ ਨਾਲ ਕਿਵੇਂ ਨਜਿੱਠਣਗੇ। ਬੈਂਚ ਨੇ ਕੇਂਦਰ ਨੂੰ ਸੂਬਿਆਂ ਨੂੰ ਟੀਕਿਆਂ ਦੇ ਨਾਲ-ਨਾਲ ਆਕਸੀਜਨ ਦੀ ਵੰਡ ਕਰਨ ਅਤੇ ਨਿਗਰਾਨੀ ਪ੍ਰਬੰਧ ਦੀ ਰੂਪ-ਰੇਖਾ ਬਾਰੇ ਵੀ ਦੱਸਣ ਲਈ ਕਿਹਾ।

### ਆਕਸੀਜਨ ਸਪਲਾਈ ਲਈ ਜੰਗੀ ਪੱਧਰ 'ਤੇ ਕੰਮ ਜਾਰੀ: ਕੇਂਦਰ

ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕਿਸੇ ਵੀ ਮੁਲਕ ਕੋਲ ਮੈਡੀਕਲ ਆਕਸੀਜਨ ਦਾ ਅਸੀਮਤ ਭੰਡਾਰ ਨਹੀਂ ਹੁੰਦਾ ਅਤੇ ਪ੍ਰਧਾਨ ਮੰਤਰੀ ਦੀ ਨਿਗਰਾਨੀ ਹੇਠ ਦੇਸ਼ 'ਚ ਕਰੋਨਾ ਦੇ ਮਰੀਜ਼ਾਂ ਤੱਕ ਆਕਸੀਜਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਜੰਗੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਹਨ। ਸਰਕਾਰ ਨੇ ਕਿਹਾ ਕਿ ਦੇਸ਼ ਦੇ ਸਾਰੇ ਸੂਬਿਆਂ ਨੂੰ ਅਤੇ ਖਾਸ ਤੌਰ 'ਤੇ ਕਰੋਨਾ ਕਾਰਨ ਬੁਰੀ ਤਰਾਂ ਪ੍ਰਭਾਵਿਤ ਸੂਬਿਆਂ ਨੂੰ ਆਕਸੀਜਨ ਦੀ ਸਪਲਾਈ ਕੀਤੀ ਜਾ ਰਹੀ ਹੈ ਤੇ ਇਸ ਮਾਮਲੇ 'ਚ ਕਿਸੇ ਨਾਲ ਪੱਖਪਾਤ ਨਹੀਂ ਕੀਤਾ ਜਾ ਰਿਹਾ ਹੈ। ਗ੍ਰਹਿ ਮੰਤਰਾਲੇ ਨੇ ਅਦਾਲਤ 'ਚ ਦਾਇਰ ਹਲਫ਼ਨਾਮੇ 'ਚ ਕਿਹਾ ਕਿ ਕੋਵਿਡ-19 ਦੇ ਕੇਸਾਂ 'ਚ ਇਕਦਮ ਹੋਏ ਵਾਧੇ ਕਾਰਨ ਮੌਜੂਦ ਸਰੋਤਾਂ ਦੀ ਕਮੀ ਹੋਈ ਹੈ ਅਤੇ ਇਹਨਾਂ 'ਚ ਪੇਸ਼ੇਵਰਾਨਾ ਢੰਗ ਨਾਲ ਵਾਧਾ ਕਰਨ ਤੇ ਵਰਤੋਂ ਕਰਨ ਦੀ ਲੋੜ ਹੈ। ਕੇਂਦਰ ਨੇ ਕਿਹਾ ਕਿ ਮੈਡੀਕਲ ਆਕਸੀਜਨ ਦੀ ਘਾਟ ਨਾਲ ਨਜਿੱਠਣ ਲਈ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ 162 ਪੀਐੱਸਏ (ਪ੍ਰੈੱਸ਼ਰ ਸਵਿੰਗ ਐਡਜ਼ੋਰਪਸ਼ਨ) ਪਲਾਂਟ ਦੇਸ਼ ਭਰ 'ਚ ਲਾਏ ਜਾ ਰਹੇ ਹਨ।

ਦੇਸ਼ ਦੁਆਬਾ

# May Day Celebrations & Babasaheb Dr Ambedkar's Contributions for Labourers in India

**Prem Kumar Chumber**
**(Editor-in-Chief)**

**B**harat Ratan Bodhi Satav Babasaheb Dr Bhimrao Ramji's contribution towards the emancipation and empowerment of the working class in India both during the freedom struggle as well as after India's independence is worth remembering on the historic May Day: celebrated worldwide as International Workers' Day, also known as Workers' Day and Labour Day. It was chosen to be International Workers' Day at the International's second congress in 1891 to commemorate the 1886 Haymarket affairin Chicago wherein on 1 May workers of various industrial units observed general strike for the eight-hour workday. On 4 May when the Chicago police tried to disperse a public assembly in support of the general strike an unidentified person threw a bomb, which led to police firing resulting in the death of seven police officers, at least four civilians and wounding of sixty police officers and unknown number of civilians. This was led to the arrest of hundreds of labour leaders and their sympathiers. Later on, four of the arrested ones were executed by hanging.

It was coincidence that Babasaheb Dr Ambedkar was born in 1891 and came to acquire higher education in the United States of America in 1913. What he learnt during his three years (1913-16) stint at Columbia University in New York Cityin the class room sessions of his great professors - John Dewey, James Shotwell, Edwin Seligman and James Harvey Robinson - made him struggle for the emancipation and empowerment the labourers on his return in his own country during the British as well as after India's independence.During his tenure as a Labour Minister and as the Labour Member of the Viceroy's Executive Council between 1942 and 1946, he worked hard for the reduction of working hours from 12 to 8 Hrs a day. His contributions towards granting the rights of the labourers are manifold: establishment of Employment Exchange, Employees State Insurance (ESI), Indian Statistical Law, Compulsory Recognition for Trade of Union, Indian Factory act, Dearness Allowance (DA), Paid Holidays, Health Insurance, Extra pay for Overtime, Legal Strike Act, Provident Fund (PF), Labour Welfare Fund, Technical Training Scheme, Mines Maternity Benefit Act, Women Labour Welfare Fund, Women and Child-Labour Protection Act, Maternity Benefit for Women Labour, Equal Pay for Equal Work irrespective of the Sex, Restoration of Ban on Employment of Women on Underground Work in Coal Mines.

As far as the public domain of working class activism is concerned, Dr Ambedkar was always acted as front soldier for the rights of workers. His contribution in highlighting the plight of Dalit workers access in the highest paid textile mill weaving departments is well known. Dalits were not allowed to work in these textile mills for the fear of pollution caused by their saliva to wet the thread during the weaving processto tie the knot, each time the weft bobbin required a replacement. Dr Ambedkar brought this issue in the public during the famous 1928 Bombay Textile Strike. He threathened to dissuade Dalit workers from joining the strike if his demand for Dalits' access to all kind of jobs in the mills was accepted. His contributions towards the bill to abolish the Mahar Watan and Khoti abolition bill were among the several prominent labour welfare measures undertook by him. Abolition of Punjab Land Alienation Act of 1900 was yet another legal relief to the non-agriculture classes, including Dalits, to overcome their exclusion from the land ownership rights.

Ambedkar Times & Desh Doaba Weekly newspapers congratulate all on the May Day Celebrations the world over and also fondly remember the rich contributions made by Bodhi Satav Bharat Ratan Babasaheb Dr Bhimrao Ramji Ambedkar towards the emancipation and empowerment of workers in India!

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-172

## ਛੀਪਾ, ਛੀਂਬਾ ਅਤੇ ਛੀਪਰੋ ਬਾਰੇ ਵਿਚਾਰ!



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨਕੋਸ਼ ਅਨੁਸਾਰ ਛੀਪੇ ਦੀ ਸੰਗਿਆ ਸ਼ਿਲਪਨ ਹੈ। ਛੀਪਾ ਜੋ ਵਸਤ੍ਰਾਂ ਪੁਰ ਬੇਲ ਬੂਟੇ ਛਾਪਣ ਵਾਲਾ ਕਾਰੀਗਰ ਜਾਂ ਛੀਂਬਾ। ਮੰਨੂੰ ਸਿਮ੍ਰਿਤੀ ਅਨੁਸਾਰ ਨੀਵੀਂ ਜਾਤ ਸ਼ੂਦਰ ਤੇ ਅੱਜ ਕੱਲ੍ਹ ਛੀਂਬਾ ਆਖਿਆ ਜਾਂਦਾ, ਭਾਰਤੀ ਸਰਕਾਰੀ ਦੇ ਤੌਰ 'ਤੇ ਪਛੜੀ ਸ਼੍ਰੇਣੀ ਹੈ। ਸ਼ਬਦ ਗੁਰੂ ਗ੍ਰੰਥ ਵਿਖੇ ਇਹ ਲਫਜ਼ ਭਗਤ ਨਾਮਦੇਵ ਲਈ ਇਕ ਸੂਚਕ ਤੌਰ ਤੇ ਵਰਤਿਆ ਗਿਆ ਹੈ। ਛੀਪਾਕਾਰੀ ਦਾ ਕੰਮ ਕਰਨ ਕਰਕੇ ਨਾਮਦੇਵ ਜੀ ਛੀਬੇਂ ਕਹੇ ਜਾਂਦੇ ਤੇ ਕਥਿਤ ਉੱਚ ਜਾਤੀਏ ਉਨ੍ਹਾਂ ਨੂੰ ਸਮਾਜ 'ਚ ਬਰਾਬਰ ਆਦਰ ਨਹੀਂ ਦਿੰਦੇ ਸਨ ਪਰ ਤੀਖਣ ਬੁੱਧੀ ਤੇ ਰੱਬੀ ਗਿਆਨ-ਗਿਆਤਾ ਹੋਣ ਕਰਕੇ ਉਨ੍ਹਾਂ ਦਾ ਗੌਰਵ ਵਧ ਗਿਆ। ਬਾਕੀ ਕੁਝ ਭਗਤਾਂ ਦੇ ਨਾਲ ਇਸ ਪ੍ਰਥਾਏ ਵੀ ਪੰਚਮ ਪਾਤਸ਼ਾਹ ਫੁਰਮਾਂਦੇ ਹਨ ਕਿ-ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ਰਹਾਉ॥ ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥ ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥ ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥ ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥੨॥ (ਮ:੫-੪੮੭) ਗੁਰੂ ਅਮਰਦਾਸ ਆਖਦੇ ਹਨ-ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ॥ਸੁਰਿ ਨਰ ਤਿਨ ਕੀ ਬਾਣੀ ਗਾਵਹਿ, ਕੋਇ ਨ ਮੇਟੈ ਭਾਈ॥੩॥੫॥੨੨॥(ਮ:੩-੬੭) ਗੁਰੂ ਰਾਮਦਾਸ ਪਾਤਸ਼ਾਹ ਫੁਰਮਾਂਦੇ ਹਨ ਕਿ-ਨਾਮਦੇਅ ਪ੍ਰੀਤਿ ਲਈ ਹਰਿ ਸੇਤੀ, ਲੋਕੁ ਛੀਪਾ ਕਹੈ ਬੁਲਾਇ ॥ ਖਤੀ ਬ੍ਰਾਹਮਣ ਪਿਠਿ ਦੇ ਛੋਡੇ, ਹਰਿ ਨਾਮਦੇਉ ਲੀਆ ਮੁਖਿ ਲਾਇ॥੩॥੧॥੮॥ (ਮ:੪-੭੩੩) ਇਤਿਹਾਸ, ਮਿਥਿਹਾਸ ਅਤੇ ਸ਼ਬਦ ਗੁਰੂ ਗ੍ਰੰਥ ਦੀ ਬਾਣੀ ਨੂੰ ਵਾਚਣ ਤੋਂ ਪਤਾ ਚਲਦਾ ਹੈ ਕਿ ਛੀਪਾ ਜਾਂ ਛੀਂਬਾ ਕੋਈ ਜਾਤ ਨਹੀਂ ਸਗੋਂ ਪਿਤਾ-ਪੁਰਖੀ ਕਿੱਤਾ ਹੈ ਜਿਵੇਂ ਪੋਥੀਆਂ ਗ੍ਰੰਥ ਪੜ੍ਹਨ ਵਿਚਾਰਨ ਵਾਲਾ ਪੰਡਿਤ, ਸੋਨਾ ਘੜਨ ਵਾਲਾ ਸੁਨਿਆਰ, ਚਮੜੇ ਦਾ ਕੰਮ ਕਰਨ ਵਾਲਾ ਚਮਿਆਰ, ਖੇਤੀ ਕਰਨ ਵਾਲਾ ਕਿਰਸਾਨ, ਲਕੜਘਾੜਾ ਤਰਖਾਣ, ਸੁਨੇਹੇ ਸੱਦੇ ਦੇਣ ਨਹੁ ਕੱਟਣ ਵਾਲਾ ਨਾਈ,ਪਾਣੀ ਭਰਨ ਵਾਲਾ ਮਾਹਰਾ ਜਾਂ ਮਾਛਕੀ ਤੇ ਵਾਪਾਰ ਕਰਨ ਵਾਲਾ ਵਾਪਾਰੀ ਆਦਿਕ ਕਿਹਾ ਜਾਂਦਾ ਹੈ। ਇਹ ਘ੍ਰਿਣਤ ਜਾਤਾਂ ਨਹੀਂ ਸਗੋਂ ਵੱਖ-ਵੱਖ ਕਿੱਤੇ ਹਨ। ਇਨ੍ਹਾਂ ਕਿੱਤੇ ਸ਼੍ਰੇਣੀਆਂ ਨੂੰ ਚਲਾਕ ਬਾਮਣ ਮੰਨੂੰ ਨੇ ਉੱਚੀਆਂ-ਨੀਵੀਆਂ ਜਾਤਾਂ 'ਚ ਵੰਡ ਦਿੱਤਾ ਜਿਸ ਦਾ ਖਮਿਆਜਾ ਅੱਜ ਵੀ ਦਲਤ ਕਹੇ ਜਾਣ ਵਾਲੇ ਲੋਕ ਭੋਗ ਰਹੇ ਹਨ।

ਰੱਬੀ ਭਗਤਾਂ ਤੇ ਸਿੱਖ ਗੁਰੂ ਸਾਹਿਬਾਨਾਂ ਨੇ ਸੰਕੇਤਕ ਤੌਰ ਤੇ ਇਹ ਪ੍ਰਚਲਤ ਲਫਜ਼ ਗੁਰਬਾਣੀ ਵਿਖੇ ਸਮਝਾਉਣ ਲਈ ਵਰਤਦਿਆਂ ਸਾਰੀ ਮਾਨੁਖਤਾ ਨੂੰ ਜਾਤੀ ਉਚ-ਨੀਚ ਤੋਂ ਉੱਪਰ ਉੱਠਣ ਦਾ ਸਾਂਝਾ ਉਪਦੇਸ਼ ਦਿੱਤਾ ਕਿ-ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਜੇਹੇ ਕਰਮ ਕਮਾਇ॥ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ॥੪॥੧੦॥(ਮ:੧-੧੩੩੦) ਸੋ ਸਾਨੂੰ ਕਿਸੇ ਦਾ ਕਿੱਤਾ ਵੇਖ ਕੇ ਜਾਤ-ਪਾਤ ਨਹੀਂ ਪੁੱਛਣੀ ਚਾਹੀਦੀ ਇਹ ਹੀ ਗੁਰਮਤਿ ਹੈ।

## ਬਾਮਸੇਫ ਦੇ ਸਾਬਕਾ ਕੌਮੀ ਪ੍ਰਧਨ ਡੀ.ਡੀ. ਕਲਿਆਣੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਫਗਵਾੜਾ (ਬੀ.ਕੇ.ਰੱਤੂ)** ਬਾਮਸੇਫ ਦੇ ਸਾਬਕਾ ਰਾਸ਼ਟਰੀ ਪ੍ਰਧਾਨ ਤੇ ਫੂਲੇ ਅੰਬੇਡਕਰੀ ਵਿਚਾਰਧਾਰਾ ਦੇ ਪ੍ਰਚਾਰਕ ਡੀ.ਡੀ. ਕਲਿਆਣੀ (74) ਦੀ ਬੀਤੀ 25 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਕੋਵਿਡ-19 ਕੋਰੋਨਾ ਬਿਮਾਰੀ ਨਾਲ ਹੋਈ ਅਚਨਚੇਤ ਮੌਤ ਪ੍ਰਤੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਬਾਮਸੇਫ ਅਤੇ ਰਾਸ਼ਟਰੀ ਮੂਲ ਨਿਵਾਸੀ ਸੰਘ ਦੇ ਕੌਮੀ ਪ੍ਰਚਾਰਕ ਅਜੇ ਮੂਲ ਨਿਵਾਸੀ ਨੇ ਕਿਹਾ ਕਿ ਸਵ. ਡੀ.ਡੀ. ਕਲਿਆਣੀ ਦਾ ਅਕਾਲ ਚਲਾਣਾ ਪਰਿਵਾਰ ਦੇ ਨਾਲ ਹੀ ਸਮਾਜ ਲਈ ਵੀ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹਨਾਂ ਕਿਹਾ ਕਿ ਸਵ. ਕਲਿਆਣੀ ਨੇ ਆਪਣਾ ਸਾਰਾ ਜੀਵਨ ਬਹੁਜਨ ਸਮਾਜ ਦੇ ਲੋਕਾਂ ਨੂੰ ਜਾਗ੍ਰਤ ਕਰਨ ਵਿਚ ਲਗਾ ਦਿੱਤਾ। ਉਹ ਸੱਤ ਭਾਸ਼ਾਵਾਂ ਦੇ ਗਿਆਤਾ ਅਤੇ ਮਹਾਨ ਵਿਦਵਾਨ ਸ਼ਖ਼ਸੀਅਤ ਦੇ ਮਾਲਕ ਸਨ। ਇਸ ਮੌਕੇ ਮਾਸਟਰ ਅਸ਼ੋਕ ਕੁਮਾਰ, ਮਨਜੀਤ ਜੱਸੀ, ਡਾ. ਰਾਕੇਸ਼, ਕੁਲਵਿੰਦਰ ਬੋਧ, ਆਸ਼ਾ ਰਾਣੀ ਆਦਿ ਨੇ ਵੀ ਸਵ. ਡੀ.ਡੀ. ਕਲਿਆਣੀ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ।

## ਖੁਦਾ ਦਾ ਕਹਿਰ!



ਫਰੈਡੀ ਜੋਜ਼ਫ
ਖੁਦਾਈ ਖਿਦਮਤਗਾਰ

ਇਹ ਇਨਸਾਨੀ ਇਤਿਹਾਸ ਵਿੱਚ ਪਹਿਲਾ ਮੌਕਾ ਹੈ ਕਿ ਕਿਸੇ ਮਹਾਂਮਾਰੀ ਨੇ ਪੂਰੇ ਵਿਸ਼ਵ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ ਅਤੇ ਇਹ ਮਹਾਂਮਾਰੀ ਦਿਨੋ ਦਿਨ ਭਿਆਨਕ ਰੂਪ ਧਾਰਣ ਕਰ ਰਹੀ ਹੈ। ਇਸ ਨੂੰ ਖੁਦਾ ਦਾ ਕਹਿਰ ਸਮਝਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਬਰਡ ਫੱਲੂ ਵੀ ਕਈ ਦੇਸ਼ਾਂ ਵਿੱਚ ਫੈਲ ਗਿਆ ਸੀ ਪਰ ਕੋਰੋਨਾ ਤਾਂ ਇਸ ਸਮੇਂ ਸਾਰੇ ਵਿਸ਼ਵ ਤੇ ਛਾਇਆ ਹੋਇਆ ਹੈ। ਸਾਇੰਸ ਅਤੇ ਖਾਸ ਕਰਕੇ ਮੈਡੀਕਲ ਸਾਇੰਸ ਇਸ ਮਹਾਂਮਾਰੀ ਅੱਗੇ ਗੋਡੇ ਟੇਕਦੀ ਨਜ਼ਰ ਆ ਰਹੀ ਹੈ। ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਇੰਨੀ ਵਧ ਰਹੀ ਹੈ ਕਿ ਸ਼ਮਸ਼ਾਨ ਭੂਮੀਆਂ ਵਿੱਚ ਲੋਕਾਂ ਨੂੰ ਆਪਣੇ ਮੁਰਦੇ ਅਗਨੀ ਸਪੁਰਦ ਕਰਨ ਲਈ ਕਈ ਕਈ ਘੰਟਿਆਂ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ ਅਤੇ ਕਬਰਸਤਾਨਾਂ ਵਿੱਚ ਜਗ੍ਹਾ ਦੀ ਘਾਟ ਹੋ ਰਹੀ ਹੈ। ਆਪਣੇ ਪਿਆਰਿਆਂ ਨੂੰ ਇਸ ਸੰਸਾਰ ਤੋਂ ਜਾਂਦਿਆਂ ਵੇਖਣ ਵਾਲਿਆਂ ਦੀਆਂ ਅੱਖਾਂ ਦੇ ਹੰਝੂ ਨਹੀਂ ਸੁੱਕ ਰਹੇ। ਹਰ ਪਾਸੇ ਹਾਹਾਕਾਰ ਹੈ। ਇਸ ਮਹਾਂਮਾਰੀ ਦੀ ਦਹਿਸ਼ਤ ਇੰਨੀ ਹੈ ਕਿ ਬਹੁਤ ਸਾਰੇ ਲੋਕ ਡਰ ਦੇ ਨਾਲ ਹੀ ਮਰ ਰਹੇ ਹਨ।

ਇਸ ਮਹਾਂਮਾਰੀ ਦਾ ਹੱਲ ਕੀ ਹੈ? ਸਾਰੇ ਧਰਮਾਂ ਦੇ ਲੋਕ ਖੁਦਾ ਅੱਗੇ ਦੁਹਾਈ ਦੇ ਰਹੇ ਹਨ। ਪੂਜਾ ਪਾਠ ਕਰ ਰਹੇ ਹਨ। ਪਵਿੱਤਰ ਬਾਈਬਲ ਵਿੱਚ ਨੀਨਵੇਂ ਸ਼ਹਿਰ ਦੀ ਮਿਸਾਲ ਪੇਸ਼ ਕੀਤੀ ਗਈ ਹੈ। ਉਸ ਸ਼ਹਿਰ ਵਿਚ ਪਾਪ ਇੰਨਾ ਵੱਧ ਗਿਆ ਸੀ ਕਿ ਖੁਦਾ ਨੇ ਉਸ ਸ਼ਹਿਰ ਨੂੰ ਤਬਾਹ ਕਰਨ ਦਾ ਫੈਸਲਾ ਕਰ ਲਿਆ। ਯੂਨਾਹ ਨਬੀ ਨੂੰ ਖੁਦਾ ਨੇ ਨੀਨਵੇਂ ਸ਼ਹਿਰ ਭੇਜਿਆ ਕਿ ਉਹ ਲੋਕਾਂ ਨੂੰ ਚਿਤਾਵਨੀ ਦੇਵੇ ਕਿ ਉਹ ਗੁਨਾਹਾਂ ਤੋਂ ਬਾਜ਼ ਆਉਣ ਤੇ ਨੇਕੀ ਦਾ ਰਾਹ ਅਖਤਿਆਰ ਕਰਨ ਨਹੀਂ ਤਾਂ ਇਹ ਸ਼ਹਿਰ ਤਬਾਹ ਹੋ ਜਾਵੇਗਾ। ਨਬੀ ਦੀ ਚੇਤਾਵਨੀ ਤੇ ਨੀਨਵੇਂ ਦਾ ਬਾਦਸ਼ਾਹ ਸ਼ਾਹੀ ਪੁਸ਼ਾਕ ਲਾਹ ਕੇ ਟਾਟ ਓੜ ਕੇ ਸਿਰ ਵਿੱਚ ਸੁਆਹ ਪਾ ਕੇ ਸੁਆਹ ਵਿੱਚ ਬੈਠ ਗਿਆ। ਉਸਦੇ ਨਾਲ ਸਾਰੀ ਪਰਜਾ ਵੀ ਟਾਟ ਓੜ ਕੇ ਸਿਰ ਵਿੱਚ ਸੁਆਹ ਪਾ ਕੇ ਪਸ਼ਚਾਤਾਪ ਕਰਨ ਲੱਗੀ। ਇਥੋਂ ਤੱਕ ਕਿ ਉਨ੍ਹਾਂ ਦੇ ਪਸ਼ੂਆਂ ਦਾ ਖਾਣਾ ਪੀਣਾ ਵੀ ਬੰਦ ਹੋ ਗਿਆ।

ਉਨ੍ਹਾਂ ਉੱਤੇ ਵੀ ਤੱਪੜ ਪਾ ਦਿੱਤੇ ਗਏ, ਸੁਆਹ ਪਾ ਦਿੱਤੀ ਗਈ। ਦਿਲ ਦੀਆਂ ਤੈਹਾਂ ਤੋਂ ਪਸ਼ਚਾਤਾਪ ਕਰਨ ਤੇ ਖੁਦਾ ਨੇ ਲੋਕਾਂ ਤੇ ਤਰਸ ਖਾ ਕੇ ਆਉਣ ਵਾਲੀ ਤਬਾਹੀ ਨੂੰ ਲੋਕਾਂ ਦੇ ਸਿਰ ਤੋਂ ਹਟਾ ਲਿਆ। ਸ਼ਹਿਰ ਬੱਚ ਗਿਆ। ਅਸੀਂ ਸਮਝਦੇ ਹਾਂ ਕਿ ਇਹ ਹੀ ਇਕੋ ਇੱਕ ਹੱਲ ਹੈ - ਕੋਰੋਨਾ ਦੀ ਮਹਾਂਮਾਰੀ ਤੋਂ ਬਚਣ ਦਾ ਪਰ ਕੀ ਸਾਡੇ ਲੀਡਰ ਜਿੰਨ੍ਹਾਂ ਦੀ ਜ਼ਿੰਮੇਵਾਰੀ ਹੈ ਅਗਵਾਈ ਕਰਨ ਦੀ, ਉਹ ਸੁੰਦਰ ਕੋਠੀਆਂ ਅਤੇ ਕਾਰਾਂ ਵਿਚੋਂ ਨਿਕਲ ਕੇ ਪੈਂਟਾਂ ਟਾਈਆਂ ਲਾਹ ਕੇ ਸੁਆਹ ਵਿੱਚ ਬੈਠਣਗੇ? ਜੇ ਉਹ ਨੀਨਵੇਂ ਦੀ ਤਰਜ਼ ਤੇ ਪਛਤਾਵਾ ਕਰਨ ਅਤੇ ਪਛਤਾਵੇ ਦੀ ਅਗਵਾਈ ਕਰਨ ਤਾਂ ਇਸ ਮਹਾਂਮਾਰੀ ਤੋਂ ਨਿਸ਼ਚੇ ਹੀ ਛੁਟਕਾਰਾ ਮਿਲ ਸਕਦਾ ਹੈ।

## ਬਾਲਾ ਸ਼ਾਹ

ਜਦ ਮੂਸਾ ਤਪ ਲਈ ਪਹਾੜ ਤੇ ਗਿਆ ਹੋਇਆ ਸੀ ਤਾਂ ਖੁਦਾ ਨੇ ਉਸਨੂੰ ਦੋ ਤੱਖਤੀਆਂ ਦਿੱਤੀਆਂ ਜਿਨ੍ਹਾਂ ਉੱਤੇ ਖੁਦਾ ਨੇ ਆਪਣੇ ਹੱਥ ਨਾਲ ਦਸ ਹੁਕਮ ਲਿੱਖੇ ਸਨ ਜਿਨ੍ਹਾਂ ਦੀ ਪਾਲਣਾ ਉਸਨੇ ਇਸਰਾਏਲ ਕੌਮ ਲਈ ਜ਼ਰੂਰੀ ਕਰਾਰ ਦਿੱਤੀ ਸੀ। ਇਨ੍ਹਾਂ ਹੁਕਮਾਂ ਨਾਲ ਬਹੁਤ ਬਰਕਤਾਂ ਬੱਝੀਆਂ ਹੋਈਆਂ ਸਨ ਜੋ ਇਨ੍ਹਾਂ ਹੁਕਮਾਂ ਉੱਤੇ ਅਮਲ ਕਰਨ ਵਾਲਿਆਂ ਨੂੰ ਮਿਲਣੀਆਂ ਸਨ ਪਰ ਲੰਮਾ ਸਮਾਂ ਉਡੀਕਣ ਤੋਂ ਬਾਅਦ ਵੀ ਜਦ ਮੂਸਾ ਵਾਪਸ ਨਾ ਪਰਤਿਆ ਤਾਂ ਇਸਰਾਏਲ ਨੇ ਖੁਦਾ ਨੂੰ ਛੱਡ ਕੇ ਬੁੱਤਾਂ ਦੀ ਪੂਜਾ ਸ਼ੁਰੂ ਕਰ ਦਿੱਤੀ। ਜਦ ਮੂਸਾ ਪਹਾੜ ਤੋਂ ਉਤਰਿਆ ਤਾਂ ਉਸਨੇ ਵੇਖਿਆ ਕਿ ਇਸਰਾਏਲੀ ਇਕ ਸੋਨੇ ਦਾ ਵਛੜਾ ਬਣਾ ਕੇ ਉਸਦੀ ਪੂਜਾ ਕਰਨ ਲੱਗ ਪਏ ਸਨ। ਉਸਨੂੰ ਇੰਨਾ ਗੁੱਸਾ ਆਇਆ ਕਿ ਖੁਦਾ ਦਵਾਰਾ ਉਸਨੂੰ ਦਿੱਤੀਆਂ ਗਈਆਂ ਤਖਤੀਆਂ ਉਸਨੇ ਸੁੱਟ ਦਿੱਤੀਆਂ ਜੋ ਟੁਕੜੇ ਟੁਕੜੇ ਹੋ ਗਈਆਂ। ਤਦ ਮੂਸਾ ਨੇ ਆਪਣੇ ਭਰਾ ਹਾਰੂਨ ਨੂੰ ਜੋ ਜਾਜਕ ਸੀ ਪੁੱਛਿਆ ਕਿ ਇਹ ਤੂੰ ਕੀ ਕੀਤਾ ਤਾਂ ਉਸਨੇ ਕਿਹਾ ਕਿ ਇਸਰਾਏਲੀ ਲੋਕ ਉਸ ਵਿਰੁਧ ਭੜਕ ਪਏ ਸਨ ਤੇ ਉਨ੍ਹਾਂ ਨੇ ਹੀ ਉਸਨੂੰ ਇਹ ਵੱਛੜਾ ਬਣਾਉਣ ਲਈ ਮਜਬੂਰ ਕਰ ਦਿੱਤਾ ਸੀ। ਤਦ ਬਹੁਤ ਸਾਰੇ ਇਸਰਾਏਲੀ ਅੱਗੇ ਆ ਗਏ ਤੇ ਉਨ੍ਹਾਂ ਨੇ ਆਪਣੀ ਗਲਤੀ ਸਵੀਕਾਰ ਕਰ ਲਈ ਤੇ ਕਿਹਾ ਕਿ ਅਸੀਂ ਇਸ ਵੱਛੜੇ ਦੀ ਪੂਜਾ ਨਹੀਂ ਕਰਾਂਗੇ। ਅਸੀਂ ਖੁਦਾ ਦੀ ਹੀ ਪਰਸਤਿਸ਼ ਕਰਾਂਗੇ। ਇਸ ਤੇ ਮੂਸਾ ਨੇ ਖੁਦਾਪ੍ਰਸਤ ਯਹੂਦੀਆਂ ਨੂੰ ਕਿਹਾ - ਇੰਨ੍ਹਾਂ ਬੁਤਪ੍ਰਸਤਾਂ ਨੂੰ ਜਾਨੋ ਮਾਰ ਦਿਓ ਅਤੇ ਬੇਕਿਰਕ ਹੋ ਕੇ ਮਾਰ ਦਿਓ - ਚਾਹੇ ਉਹ ਤੁਹਾਡੇ ਪੁੱਤਰ ਭਤੀਜੇ, ਚਾਚੇ, ਤਾਏ ਤੇ ਹੋਰ ਰਿਸ਼ਤੇਦਾਰ ਵੀ ਕਿਉਂ ਨਾ ਹੋਣ। ਇਸ ਤੇ ਖੁਦਾਪ੍ਰਸਤਾਂ ਅਤੇ ਬੁੱਤਪ੍ਰਸਤਾਂ ਵਿਚ ਲੜਾਈ ਸ਼ੁਰੂ ਹੋ ਗਈ ਜਦ ਬੁੱਤਪ੍ਰਸਤਾਂ ਨੇ ਵੇਖਿਆ ਕਿ ਉਹ ਹਾਰ ਰਹੇ ਹਨ ਤਾਂ ਉਹ ਭੱਜ ਨਿਕਲੇ। ਉਹ ਨੱਸਣ ਲੱਗੇ ਆਪਣੇ ਕੁਝ ਦੇਵਤਿਆਂ ਨੂੰ ਵੀ ਨਾਲ ਲੈ ਆਏ। ਇਨ੍ਹਾਂ ਦੇਵਤਿਆਂ ਵਿੱਚ ਬਾਲ ਦੇਵਤਾ ਵੀ ਸ਼ਾਮਲ ਸੀ। ਇਹ ਬਹੁਤ ਸ਼ਕਤੀਸ਼ਾਲੀ ਦੇਵਤਾ ਸੀ। ਕਨਾਨ ਵੀ ਬਾਲ ਦੇਵਤਾ ਦਾ ਹੀ ਦੇਸ਼ ਸੀ ਜੋ ਖੁਦਾ ਨੇ ਉਸ ਤੋਂ ਖੋਹ ਕੇ ਯਹੂਦੀਆਂ ਨੂੰ ਉਥੇ ਵਸਾਇਆ। ਇਹ ਬਹੁਤ ਖੁਸ਼ਹਾਲ ਦੇਸ਼ ਸੀ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਥੇ ਦੁੱਧ ਤੇ ਸ਼ਹਿਦ ਦੀ ਨਦੀਆਂ ਵਗਦੀਆਂ ਹਨ। ਜੋ ਬੁੱਤ ਪੂਜਕ ਇਸਰਾਏਲੀ ਭਾਰਤ ਆ ਗਏ ਉਹਨਾਂ ਇਥੇ ਆ ਕੇ ਵੀ ਬਾਲ ਦੇਵਤਾ ਦੀ ਪੂਜਾ ਸ਼ੁਰੂ ਕਰ ਦਿੱਤੀ। ਉਨ੍ਹਾਂ ਵੱਲ ਵੇਖ ਕੇ ਬਹੁਤ ਸਾਰੇ ਭਾਰਤ ਦੇ ਮੂਲਵਾਸੀਆਂ ਨੇ ਵੀ ਬਾਲ ਦੇਵਤਾ ਦੀ ਪੂਜਾ ਸ਼ੁਰੂ ਕਰ ਦਿੱਤੀ। ਮੁਗਲ ਸਾਸ਼ਨ ਸਮੇਂ ਬਹੁਤ ਸਾਰੇ ਅਜੇਹੇ ਮੁਸਲਮਾਨ ਵੀ ਇਥੇ ਆ ਗਏ ਸਨ ਜੋ ਝਾੜੇ, ਤਵੀਤ, ਟੂਣੇ, ਧਾਗੇ ਕਰਦੇ ਸਨ। ਅਜੇਹੇ ਲੋਕਾਂ ਨੂੰ ਜਦ ਬਾਲ ਦੇਵਤਾ ਦੀ ਸ਼ਕਤੀ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਬਾਲ ਦੇਵਤਾ ਦੇ ਨਾਂ ਤੇ ਝਾੜੇ, ਤਵੀਤ, ਧਾਗੇ, ਟੂਣੇ ਆਦਿ ਕਰਨੇ ਸ਼ੁਰੂ ਕਰ ਦਿੱਤੇ ਅਤੇ ਇਸ ਦੇਵਤਾ ਦਾ ਨਾਂ ਬਾਲਾ ਸ਼ਾਹ ਰੱਖ ਦਿੱਤਾ।

ਪੰਜਾਬ ਅਤੇ ਉੱਤਰੀ ਭਾਰਤ ਦੇ ਬਹੁਤ ਸਾਰੇ ਪਿੰਡ ਤੇ ਸ਼ਹਿਰਾਂ ਵਿੱਚ ਬਾਲਾ ਸ਼ਾਹ ਦੀਆਂ ਥਾਵਾਂ ਅੱਜ ਵੀ ਮਿਲਦੀਆਂ ਹਨ। ਬਾਲਾਸ਼ਾਹ ਦੇ ਮੰਦਰ ਵਿੱਚ ਹਰ ਵੀਰਵਾਰ ਮਿੱਠੀ ਰੋਟੀ ਦਾ ਪ੍ਰਸ਼ਾਦ ਚੜ੍ਹਦਾ ਸੀ। ਅੱਜ ਦੇ ਬਹੁਤ ਸਾਰੇ ਈਸਾਈ ਉਸ ਸਮੇਂ ਦੇ ਬਾਲ ਦੇਵਤਾ ਦੇ ਪੁਜਾਰੀ ਹੀ ਸਨ। ਅੱਜ ਭਾਵੇਂ ਉਹ ਬਾਲ ਦੇਵਤਾ ਨੂੰ ਛੱਡ ਗਏ ਹਨ ਅਤੇ ਉਨ੍ਹਾਂ ਨੇ ਪ੍ਰਭੂ ਯਿਸੂ ਨੂੰ ਅਪਨਾ ਲਿਆ ਹੈ ਪਰ ਅੱਜ ਵੀ ਉਹਨਾਂ ਦੇ ਮੁਹੱਲਿਆਂ ਵਿੱਚ ਬਾਲਾ ਸ਼ਾਹ ਦੇ ਮੰਦਰ ਮੌਜੂਦ ਹਨ। ਮੇਰੇ ਪਿੰਡ ਸੰਸਾਰਪੁਰ ਵਿੱਚ ਬਾਲਾ ਸ਼ਾਹ ਦੇ ਦੋ ਮੰਦਰ ਹਨ ਜੋ ਕਿ ਈਸਾਈ ਮੁਹੱਲੇ ਵਿੱਚ ਹੀ ਹਨ। ਲੰਮਾ ਪਿੰਡ ਵਿਖੇ ਬਾਲਾ ਸ਼ਾਹ ਦਾ ਮੰਦਰ ਈਸਾਈਆਂ ਦੇ ਮੁੱਹਲੇ ਵਿੱਚ ਹੀ ਹੈ। ਹੋਰ ਵੀ ਬਹੁਤ ਸਾਰੇ ਪਿੰਡਾਂ ਵਿੱਚ ਬਾਲਾ ਸ਼ਾਹ ਦੇ ਮੰਦਰ ਈਸਾਈ ਮੁੱਹਲਿਆਂ ਵਿੱਚ ਹੀ ਹਨ।

ਹਾਲਾਂਕਿ ਉਥੇ ਬਾਲਾ ਸ਼ਾਹ ਦੀ ਇਸ ਸਮੇਂ ਪੂਜਾ ਨਹੀਂ ਹੁੰਦੀ। ਦੂਸਰੇ ਲੋਕਾਂ ਦੇ ਮੁਹਲਿਆਂ ਜਾਂ ਪਿੰਡਾਂ ਵਿੱਚ ਬਾਲਾ ਸ਼ਾਹ ਦਾ ਮੰਦਰ ਦੇਖਣ ਨੂੰ ਨਹੀਂ ਮਿਲਦਾ। ਹਾਲਾਂਕਿ ਭਾਰਤ ਵਿੱਚ ਕਈ ਥਾਈਂ ਬਾਲਾ ਸ਼ਾਹ ਦੇ ਮੰਦਰ ਬਹੁਤ ਵੱਡੇ ਵੱਡੇ ਹਨ ਅਤੇ ਉਥੇ ਜ਼ਿਆਦਾਤਰ ਲੋਕ ਸੋਨਾ ਹੀ ਚੜਾਉਂਦੇ ਹਨ। ਬਾਲਾ ਸ਼ਾਹ ਦੇ ਕੁਝ ਮੰਦਰ ਅਜੇਹੇ ਹਨ ਜਿੱਥੇ ਮਣਾਂ ਦੇ ਹਿਸਾਬ ਨਾਲ ਸੋਨਾ ਪਿਆ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਭਾਰਤ ਨੂੰ ਵੈਕਸੀਨ ਭੇਜਣ ਲਈ ਤਿਆਰ, ਹੋਰ ਕਈ ਦੇਸ਼ਾਂ ਨੇ ਵੀ ਕੀਤੀ ਮਦਦ ਦੀ ਪੇਸ਼ਕਸ਼

**ਸੈਕਰਾਮੈਂਟੋ 26 ਅਪ੍ਰੈਲ–** ਭਾਰਤ ਵਿਚ ਹੈਰਾਨੀਜਨਕ ਢੰਗ ਨਾਲ ਵਧੇ ਕੋਰੋਨਾ ਮਾਮਲਿਆਂ ਕਾਰਨ ਵੈਕਸੀਨ, ਆਕਸੀਜਨ, ਵੈਂਟੀਲੇਟਰਾਂ ਤੇ ਦਵਾਈਆਂ ਦੀ ਪੂਰਤੀ ਲਈ ਅਮਰੀਕਾ ਸਮੇਤ ਹੋਰ ਕਈ ਦੇਸ਼ਾਂ ਨੇ ਮੱਦਦ ਲਈ ਹੱਥ ਵਧਾਇਆ ਹੈ। ਅਮਰੀਕਾ ਦੇ ਕੌਮੀ ਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਆਪਣੇ ਭਾਰਤੀ ਹਮ ਰੁਤਬਾ ਅਜੀਤ ਡੋਵਾਲ ਨੂੰ ਦਸਿਆ ਕਿ ਉਨਾਂ ਦਾ ਦੇਸ਼ ਭਾਰਤ ਨੂੰ ਵੈਕਸੀਨ ਦੇਣ ਵਾਸਤੇ ਤਿਆਰ ਹੈ। ਸੁਲੀਵਨ ਨੇ ਡੋਵਾਲ ਨੂੰ ਕਿਹਾ ਕਿ ਅਮਰੀਕਾ ਕੋਵੀਸ਼ੀਲਡ ਵੈਕਸੀਨ ਤੇ ਆਕਸਫੋਰਡ ਦੀ ਐਸਟਰਾਜੈਨਿਕ ਵੈਕਸੀਨ ਤਿਆਰ ਕਰਨ ਲਈ ਭਾਰਤ ਨੂੰ ਕੱਚਾ ਮਾਲ ਦੇਵੇਗਾ। ਇਸ ਤੋਂ ਇਲਾਵਾ ਟੈਸਟ ਕਿੱਟਾਂ, ਵੈਂਟੀਲੇਟਰ ਤੇ ਨਿੱਜੀ ਰਖਿਆ ਸਾਜ ਸਮਾਨ ਦੀ ਸਪਲਾਈ ਕਰੇਗਾ। ਅਮਰੀਕਾ ਦੇ ਨੈਸ਼ਨਲ ਸਕਿਉਰਿਟੀ ਕੌਂਸਲ ਦੇ ਬੁਲਾਰੇ ਏਮਿਲੀ ਹੌਰਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਿਸ ਤਰਾਂ ਮਹਾਮਾਰੀ ਦੇ ਸ਼ੁਰੂ ਵਿਚ ਭਾਰਤ ਨੇ ਅਮਰੀਕਾ ਨੂੰ ਮੱਦਦ ਭੇਜੀ ਸੀ ਬਿਲਕੁਲ ਉਸੇ ਤਰਾਂ ਅਮਰੀਕਾ ਇਸ ਮੁਸ਼ਕਿਲ ਸਮੇ ਵਿਚ ਭਾਰਤ ਦੀ ਮੱਦਦ ਕਰਨ ਲਈ ਵਚਨਬੱਧ ਹੈ। ਇਸ ਤੋਂ ਪਹਿਲਾਂ ਮੈਡੀਕਲ ਮਾਹਿਰ ਡਾ ਐਨਥਨੀ ਫੌਕੀ ਨੇ ਕਿਹਾ ਸੀ ਕਿ ਅਮਰੀਕਾ ਭਾਰਤ ਨੂੰ ਵਾਧੂ ਪਏ ਐਸਟਰਾਜ਼ੈਨਿਕ ਵੈਕਸੀਨ ਦੇਣ ਬਾਰੇ ਵੀ ਵਿਚਾਰ ਕਰ ਸਕਦਾ ਹੈ। ਇਹ ਪੇਸ਼ਕਸ਼ ਉਨਾਂ ਰਿਪੋਰਟਾਂ ਦਰਮਿਆਨ ਹੋਈ ਹੈ ਜਿਨਾਂ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਸਮੇਤ ਹੋਰ ਵਿਕਸਤ ਦੇਸ਼ਾਂ ਵਿਚ ਵੈਕਸੀਨ ਦੇ ਅੰਬਾਰ ਲੱਗੇ ਹੋਏ ਹਨ ਜਦ ਕਿ ਗਰੀਬ ਮੁਲਕ ਵੈਕਸੀਨ ਲੈਣ ਲਈ ਹੱਥ ਪੈਰ ਮਾਰ ਰਹੇ ਹਨ। ਬਰਤਾਨੀਆ ਨੇ ਭਾਰਤ ਨੂੰ ਵੈਂਟੀਲੇਟਰ ਦੇਣ ਲਈ ਸਹਿਮਤੀ ਪ੍ਰਗਟਾਈ ਹੈ ਜਦ ਕਿ ਯੂਰਪੀ ਯੁਨੀਅਨ ਦੇ ਦੇਸ਼ ਆਕਸੀਜਨ ਤੇ ਹੋਰ ਸਪਲਾਈ ਲਈ ਰਾਜੀ ਹੋਏ ਹਨ।

**50 ਲੱਖ ਤੋਂ ਵਧ ਲੋਕਾਂ ਨੇ ਨਹੀਂ ਲਵਾਇਆ ਦੁਜਾ ਟੀਕਾ**

ਹਾਲਾਂ ਕਿ ਸੈਂਟਰ ਫਾਰ ਡਸੀਜ ਕੰਟਰਲ (ਸੀ ਡੀ ਸੀ) ਲੋਕਾਂ ਨੂੰ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਲਵਾਉਣ ਲਈ ਉਤਸ਼ਾਹਿਤ ਕਰ ਰਿਹਾ ਹੈ ਜੋ ਕਿ ਇਕ ਵਾਰ ਹੀ ਲਾਇਆ ਜਾਣਾ ਹੈ ਪਰੰਤੂ ਦੂਜੇ ਪਾਸੇ ਇਹ ਤੱਥ ਸਾਹਮਣੇ ਆਇਆ ਹੈ ਕਿ&; ਬਹੁਤ ਸਾਰੇ ਅਮਰੀਕੀਆਂ ਨੇ ਦੂਸਰੀ ਖੁਰਾਕ ਲੈਣ ਤੋਂ ਨਾਂਹ ਕਰ ਦਿੱਤੀ ਹੈ। 50 ਲੱਖ ਤੋਂ ਵਧ ਅਮਰੀਕੀ ਜਿਨਾਂ ਨੇ ਫਾਈਜ਼ਰ ਜਾਂ ਮੋਡੇਰਨਾ ਵੈਕਸੀਨ ਲਵਾਈ ਸੀ, ਨੇ ਨਿਸ਼ਚਤ ਸਮੇ ਅੰਦਰ ਦੂਸਰੀ ਖੁਰਾਕ ਨਹੀਂ ਲਈ ਹੈ। ਇਹ ਗਿਣਤੀ ਪਹਿਲੀ ਖੁਰਾਕ (ਡੋਜ਼) ਲੈਣ ਵਾਲਿਆਂ ਦਾ 8% ਬਣਦੀ ਹੈ। ਕੁਝ ਲੋਕਾਂ ਨੇ ਬੁਰੇ ਪ੍ਰਭਾਵ ਦੇ ਡਾਰ ਕਾਰਨ ਦੂਸਰੀ ਖੁਰਾਕ ਨਹੀਂ ਲਈ ਤੇ ਕੁਝ ਸਮਝਦੇ ਹਨ ਕਿ ਉਨਾਂ ਦੀ ਸੁਰੱਖਿਆ ਲਈ ਇਕ ਹੀ ਟੀਕਾ ਕਾਫੀ ਹੈ। ਕਈ ਮਾਮਲਿਆਂ ਵਿਚ ਸਪਲਾਈ ਦੀ ਘਾਟ ਵੀ ਦੂਸਰਾ ਟੀਕਾ ਨਾ ਲਵਾਉਣ ਦਾ ਕਾਰਨ ਬਣੀ ਹੈ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੀ 42% ਆਬਾਦੀ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ ਜਦ ਕਿ 28.5% ਆਬਾਦੀ ਦੇ ਮੁਕੰਮਲ ਟੀਕਾਕਰਣ ਹੋ ਚੁੱਕਾ ਹੈ।

# ਪ੍ਰਵਾਸੀ ਪੰਜਾਬੀਆਂ ਨੇ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲੀ -ਸਤਵੀਰ ਪੱਲੀਝਿੱਕੀ



**ਸੈਕਰਾਮੈਂਟੋ–** ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲਣ ਲਈ ਜਿਥੇ ਪੰਜਾਬ ਸਰਕਾਰ ਨੇ ਪਿੰਡਾਂ ਵਿੱਚ ਗਲੀਆਂ ਨਾਲੀਆਂ, ਲਾਈਟਾਂ, ਸਿਹਤ ਸਹੂਲਤਾਂ ਅਤੇ ਸੜਕਾਂ ਦਾ ਨਿਰਮਾਣ ਕਰਵਾਇਆ ਹੈ ਉਥੇ ਐਨ ਆਰ ਆਈ ਭਰਾਵਾਂ ਨੇ ਆਪਣੇ ਆਪਣੇ ਪਿੰਡਾਂ ਵਿਚ ਵੱਖ ਵੱਖ ਕਾਰਜਾਂ ਵਿੱਚ ਮਾਲੀ ਸਹਾਇਤਾ ਕਰਕੇ ਪਿੰਡਾਂ ਦੀ ਨੁਹਾਰ ਬਦਲ ਦਿੱਤੀ ਹੈ ਤੇ ਹੁਣ ਪਹਿਲੇ ਵਾਲੇ ਪਿੰਡਾਂ ਦੀ ਦਿੱਖ ਸ਼ਹਿਹਾਂ ਵਰਗੀ ਲਗਦੀ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਉਕਤ ਪੱਤਰਕਾਰ ਨਾਲ ਸਾਂਝਾ ਕਰਦਿਆਂ ਕਾਂਗਰਸ ਦੇ ਆਗੂ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਜਿਲਾ ਯੋਜਨਾ ਬੋਰਡ ਦੇ ਚੈਅਰਮੈਨ ਤੇ ਕਾਂਗਰਸ ਦੇ ਬੰਗਾ ਸ਼ਹਿਰ ਦੇ ਇੰਚਾਰਜ ਸਤਵੀਰ ਸਿੰਘ ਪੱਲੀਝਿੱਕੀ ਨੇ ਕਿਹਾ ਕਿ ਆਉਣ ਵਾਲੀ ਸਰਕਾਰ ਵੀ ਪੰਜਾਬ ਚ ਕਾਂਗਰਸ ਦੀ ਸਰਕਾਰ ਹੀ ਆਵੇਗੀ ਕਿਓਂ ਕਿ ਕੈਪਟਨ ਸਰਕਾਰ ਹਮੇਸ਼ਾਂ ਕਿਸਾਨ ਮਜਦੂਰ ਨਾਲ ਖੜੀ ਰਹੀ ਹੈ ਤੇ ਛੋਟੇ ਬਿਜਨਸ ਵਾਲਿਆਂ ਲਈ ਕੈਪਟਨ ਸਰਕਾਰ ਵਰਦਾਨ ਸਾਬਿਤ ਹੋਈ ਹੈ। ਉਨਾਂ ਕਿਹਾ ਕਿ ਬਾਦਲ ਦਲ ਤੋਂ ਲੋਕ ਮੂਹ ਮੋੜ ਚੁਕੇ ਹਨ ਉਹ ਹੁਣ ਇਨਾਂ ਨੂੰ ਲੋਕ ਕਦੇ ਵੀ ਮੂੰਹ ਨਹੀ ਲਗਾਉਣਗੇ ਕਿਓ ਕਿ ਬੀਜੇਪੀ ਨਾਲ ਰਲ ਕੇ ਇਨਾਂ ਨੇ ਪੰਜਾਬੀਆਂ ਦਾ ਹੱਕੀ ਲੋੜਾਂ ਦਾ ਤੇ ਮੰਗਾਂ ਦਾ ਘਾਣ ਕੀਤਾ ਤੇ ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ ਤੇ ਪਿੰਡਾਂ ਚ ਕਿਸੇ ਨੂੰ ਵੀ ਕਿਸੇ ਕੰਮ ਲਈ ਵੀ ਇਨਸਾਫ ਨਹੀਂ ਮਿਲਿਆ ਕਿਓ ਕਿ ਜੋ ਇਨਾਂਦੇ ਇਲਾਕੇ ਦੇ ਜੱਥੇਦਾਰ ਕਹਿੰਦੇ ਸੀ ਓਹੀ ਹੁੰਦਾ ਸੀ ਜਿਸ ਕਰਕੇ ਦਿਹਾਤੀ ਲੋਕ ਮੁੜ ਇਹ ਕੁਝ ਨਹੀਂ ਦੇਖਣਾ ਚਾਹੰਦੇ। ਇਸ ਮੌਕੇ ਸੈਕਰਾਮੈਂਟੋ ਦੇ ਪੂਜਾ ਬੈਂਕੁੱਟ ਹਾਲ ਵਿੱਚ ਸਤਵੀਰ ਸਿੰਘ ਪੱਲੀਝਿਕੀ ਦੇ ਸਤਿਕਾਰ ਵਿੱਚ ਰਾਤ ਦਾ ਖਾਣਾ ਵੀ ਦਿੱਤਾ ਗਿਆ, ਇਸ ਦੌਰਾਨ ਸਥਾਨਕ ਸਿਆਸੀ ਤੇ ਗੈਰ ਸਿਆਸੀ ਸਖਸ਼ੀਅਤਾਂ ਵੀ ਸ਼ਾਮਿਲ ਹੋਈਆਂ।

# ਟੈਕਸਸ ਨੂੰ ਮਿਲਣਗੀਆਂ ਦੋ ਹਰ ਕਾਂਗਰਸ ਸੀਟਾਂ, ਕੈਲੀਫੋਰਨੀਆ ਸਮੇਤ 7 ਰਾਜਾਂ ਕੋਲੋਂ ਖੁਸ ਜਾਵੇਗੀ 1-1 ਸੀਟ

**ਸੈਕਰਾਮੈਂਟੋ 27 ਅਪ੍ਰੈਲ** – 2020 ਦੀ ਜਨਗਣਨਾ ਅਨੁਸਾਰ ਟੈਕਸਸ ਨੂੰ ਦੋ ਹੋਰ ਕਾਂਗਰਸ ਸੀਟਾਂ ਮਿਲਣਗੀਆਂ ਜਦ ਕਿ ਕੈਲੀਫੋਰਨੀਆ ਸਮੇਤ 7 ਰਾਜਾਂ ਵਿਚ 1-1 ਸੀਟ ਘੱਟ ਜਾਵੇਗੀ। ਇਹ ਪ੍ਰਗਟਾਵਾ ਸੈਨਸਸ ਬਿਊਰੋ ਨੇ ਕੀਤਾ ਹੈ। ਇਹ ਤਬਦੀਲੀ ਆਬਾਦੀ ਦੇ ਇਧਰ-ਉਧਰ ਚਲੇ ਜਾਣ ਨਾਲ ਹੋਈ ਹੈ। ਟੈਕਸਸ ਸਮੇਤ ਕੁਲ 13 ਰਾਜ ਪ੍ਰਭਾਵਿਤ ਹੋਣਗੇ। ਕੋਲੋਰਾਡੋ, ਫਲੋਰੀਡਾ, ਮੋਨਟਾਨਾ, ਉਤਰੀ ਕੈਰੋਲੀਨਾ ਤੇ ਉਰਗੋਨ ਰਾਜਾਂ ਵਿਚੋਂ ਹਰੇਕ ਵਿਚ 1 ਕਾਂਗਰਸ ਸੀਟ ਵਧ ਜਾਵੇਗੀ ਜਦ ਕਿ ਕੈਲੀਫੋਰਨੀਆ,ਇਲੀਨੋਇਸ, ਮਿਸ਼ੀਗਨ, ਨਿਊਯਾਰਕ, ਓਹੀਓ, ਪੈਨਸਿਲਵਾਨੀਆ ਤੇ ਵੈਸਟ ਵਰਜੀਨੀਆ ਵਿਚੋਂ ਹਰੇਕ ਰਾਜ ਵਿਚ 1 ਕਾਂਗਰਸ ਸੀਟ ਘੱਟ ਜਾਵੇਗੀ। ਇਹ ਤਬਦੀਲੀ 2022 ਵਿਚ ਹੋਣ ਵਾਲੀਆਂ ਮੱਧ ਕਾਲੀ ਚੋਣਾਂ 'ਤੇ ਲਾਗੂ ਹੋ ਸਕਦੀ ਹੈ। ਉਕਤ ਰਾਜਾਂ ਵਿਚ ਜਿਥੇ ਡੈਮੋਕਰੈਟਸ ਬਹੁਤ ਘੱਟ ਬਹੁਮਤ ਰਖਦੇ ਹਨ, ਉਪਰ ਦਬਾਅ ਵਧ ਸਕਦਾ ਹੈ। ਆਬਾਦੀ ਅਧਾਰਤ ਪ੍ਰਤੀਨਿੱਧ ਸਦਨ ਦੀਆਂ 435 ਸੀਟਾਂ ਹਨ ਤੇ ਹਰੇਕ ਦਹਾਕੇ ਬਾਅਦ ਜਨਗਣਨਾ ਦੇ ਆਧਾਰ 'ਤੇ ਰਾਜਾਂ ਦੀਆਂ ਸੀਟਾਂ ਘੱਟਦੀਆਂ ਜਾਂ ਵਧਦੀਆਂ ਰਹਿੰਦੀਆਂ ਹਨ। ਜਿਨਾਂ ਰਾਜਾਂ ਦੀ ਆਬਾਦੀ ਵਧ ਜਾਂਦੀ ਹੈ ਉਨਾਂ ਦੀਆਂ ਸੀਟਾਂ ਵਧ ਜਾਂਦੀਆਂ ਹਨ ਤੇ ਜਿਨਾਂ ਰਾਜਾਂ ਵਿਚੋਂ ਆਬਾਦੀ ਦੂਸਰੇ ਰਾਜਾਂ ਵਿਚ ਚਲੀ ਜਾਂਦੀ ਹੈ, ਉਨਾਂ ਦੀਆਂ ਸੀਟਾਂ ਘੱਟ ਜਾਂਦੀਆਂ ਹਨ। ਇਸ ਵੇਲੇ ਡੈਮੋਕਰੈਟਸ ਪ੍ਰਤੀਨਿੱਧ ਸਦਨ ਵਿਚ 218-212 ਦੇ ਬਹੁਤ ਘੱਟ ਫਰਕ ਨਾਲ ਬਹੁਮਤ ਵਿਚ ਹਨ। 5 ਸੀਟਾਂ ਖਾਲੀ ਹਨ। ਜਿਨਾਂ ਰਾਜਾਂ ਵਿਚ ਸੀਟਾਂ ਵਧੀਆਂ ਹਨ ਉਨਾਂ ਵਿਚ ਰਿਪ-ਬਲੀਕਨਾਂ ਦਾ ਦਬਦਬਾ ਹੈ। ਟੈਕਸਸ, ਫਲੋਰੀਡਾ, ਮੋਨਟਾਨਾ ਤੇ ਉਤਰੀ ਕੈਰੋਲੀਨਾ ਨੇ 2020 ਦੀਆਂ ਚੋਣਾਂ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੱਕ ਵਿਚ ਵੋਟ ਪਾਈ ਸੀ। ਹਾਲਾਂ ਕਿ ਉਤਰੀ ਕੈਰੋਲੀਨਾ ਵਿਚ ਟਰੰਪ ਨੇ ਜੋਅ ਬਾਇਡਨ ਨੂੰ 1.5% ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਹਰਾਇਆ ਸੀ ਜਦ ਕਿ ਓਰਗੋਨ ਤੇ ਕੋਲੋਰਾਡੋ ਵਿਚ ਡੈਮੋਕਰੈਟਸ ਦਾ ਹੱਥ ਉਪਰ ਰਿਹਾ ਸੀ। ਕੈਲੀਫੋਰਨੀਆ, ਇਲੀਨੋਇਸ ਤੇ ਨਿਊਯਾਰਕ ਜਿਥੇ ਸੀਟਾਂ ਘਟੀਆਂ ਹਨ, ਵਿਚ ਬਾਇਡਨ ਜਿੱਤੇ ਸਨ।


## Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com


# ਹਿੰਦੂਆਂ ਵੱਲੋਂ ਵਿਰੋਧ ਕਰਨ ਉਪਰੰਤ ਕੰਪਨੀ ਨੇ ਗਣੇਸ਼ ਦੇ ਮੂੰਹ ਵਾਲੇ ਉਤਪਾਦਨ ਹਟਾਏ



**ਸੈਕਰਾਮੈਂਟੋ 28 ਅਪ੍ਰੈਲ** ਭਾਰਤੀ ਮੂਲ ਦੇ ਅਮਰੀਕੀ ਹਿੰਦੂਆਂ ਵੱਲੋਂ ਡਲਾਸ ਦੇ ਲਗਜ਼ਰੀ ਫੈਸ਼ਨ ਪਰਚੂਨ ਵਿਕਰੇਤਾ ਨੀਮੈਨ ਮਾਰਕਸ ਗਰੁੱਪ ਨੇ ਹਿੰਦੂ ਦੇਵਤਾ ਗਣੇਸ਼ ਦੇ ਮੂੰਹ ਵਾਲੇ ਉਤਪਾਦਨ ਆਪਣੇ ਸਟੋਰਾਂ ਵਿਚੋਂ ਹਟਾ ਦਿੱਤੇ ਹਨ। ਹਿੰਦੂ ਆਗੂ ਰਾਜਨ ਜ਼ੇਦ ਨੇ ਕੰਪਨੀ ਦੇ ਇਸ ਕਦਮ ਦਾ ਪੁਰਜ਼ੋਰ ਸਵਾਗਤ ਕਰਦਿਆਂ ਕਿਹਾ ਹੈ ਕਿ ਨੀਮੈਨ ਮਾਰਕਸ ਗਰੁੱਪ ਨੇ ਹਿੰਦੂਆਂ ਦੀ ਭਾਵਨਾਵਾਂ ਨੂੰ ਸਮਝਿਆ ਹੈ। ਜ਼ੇਦ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਕੰਪਨੀ ਵੱਲੋਂ ਰਸਮੀ ਅਫਸੋਸ ਪੱਤਰ ਨਹੀਂ ਮਿਲਿਆ। ਜ਼ੇਦ ਵੱਲੋਂ ਜਾਰੀ ਬਿਆਨ ਅਨੁਸਾਰ ਨੀਮੈਨ ਮਾਰਕਸ ਤੇ ਬਰਗਡੌਰਫ ਗੌਡਮੈਨ ਦੀਆਂ ਵੈਬਸਾਈਟਾਂ ਉਪਰ ਗਣੇਸ਼ ਕਫਲਿੰਕਸ ਗਾਇਬ ਹਨ। ਯੁਨੀਵਰਸਲ ਸੋਸਾਇਟੀ ਆਫ਼ ਹਿੰਦੂਇਜ਼ਮ ਦੇ ਪ੍ਰਧਾਨ ਜ਼ੇਦ ਨੇ ਕਿਹਾ ਹੈ ਕਿ ਕੰਪਨੀ ਨੂੰ ਕੋਈ ਵੀ ਉਤਪਾਦਨ ਜਾਰੀ ਕਰਨ ਤੋਂ ਪਹਿਲਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ।


## 'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com


ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਅਮਰੀਕਾ ਨੇ ਜੌਹਨਸਨ ਐਂਡ ਜੌਹਨਸਨ ਕੋਵਿਡ -19 ਟੀਕੇ ਤੋਂ ਰੋਕ ਹਟਾਈ

**ਫਰਿਜ਼ਨੋ (ਕੈਲੀਫੋਰਨੀਆ), 24 ਅਪ੍ਰੈਲ 2021-** ਅਮਰੀਕਾ ਵਿੱਚ ਜੌਹਨਸਨ ਐਂਡ ਜੌਹਨਸਨ ਦੇ ਇੱਕ ਖੁਰਾਕ ਵਾਲੇ ਟੀਕੇ ਉੱਪਰ ਲਗਾਈ ਗਈ ਰੋਕ ਨੂੰ ਹਟਾ ਲਿਆ ਗਿਆ ਹੈ। ਫੈਡਰਲ ਸਿਹਤ ਏਜੰਸੀਆਂ ਦੇ ਅਨੁਸਾਰ ਉਹ ਸਿੰਗਲ-ਸ਼ਾਟ ਟੀਕਾ ਦੁਬਾਰਾ ਸ਼ੁਰੂ ਕਰਨ ਲਈ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ(ਸੀ ਡੀ ਸੀ) ਦੇ ਸਲਾਹਕਾਰਾਂ ਦੇ ਪੈਨਲ ਦੀ ਵੋਟ ਦੇ ਬਾਅਦ, ਇਸ ਟੀਕੇ ਦੀ ਵਰਤੋਂ 'ਤੇ ਪਾਬੰਦੀ ਨੂੰ ਖਤਮ ਕਰ ਰਹੇ ਹਨ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਦਾ ਕਹਿਣਾ ਹੈ ਕਿ ਉਹਨਾਂ ਨੇ ਟੀਕੇ ਨੂੰ ਵਰਤਣ ਦੇ ਅਧਿਕਾਰ ਵਿੱਚ ਸੋਧ ਕੀਤੀ ਹੈ ਤਾਂ ਜੋ 50 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਵਿੱਚ ਖੂਨ ਦੇ ਥੱਬੇ ਜੰਮਣ ਦੀ ਚੇਤਾਵਨੀ ਸ਼ਾਮਿਲ ਕੀਤੀ ਜਾ ਸਕੇ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਦੇ ਸਲਾਹਕਾਰਾਂ ਦੇ ਇੱਕ ਪੈਨਲ ਨੇ ਜੌਹਨਸਨ ਐਂਡ ਜੌਹਨਸਨ ਟੀਕੇ ਦੀ ਮੁੜ ਵਰਤੋਂ ਦੀ ਸਿਫਾਰਸ਼ ਕਰਨ ਲਈ ਸ਼ੁੱਕਰਵਾਰ ਦੇ ਸ਼ੁਰੂ ਵਿੱਚ ਵੋਟ ਦਿੱਤੀ। ਇਸ ਸੰਬੰਧੀ ਫੈਡਰਲ ਸਿਹਤ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਪੈਨਲ ਨੂੰ ਦੱਸਿਆ ਕਿ ਇੱਕ ਵਾਰ ਸੀ ਡੀ ਸੀ ਡਾਇਰੈਕਟਰ ਦੁਆਰਾ ਇਸ ਨੂੰ ਮਨਜ਼ੂਰੀ ਦੇਣ ਅਤੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਟੀਕੇ ਲਈ ਆਪਣੀ ਐਮਰਜੈਂਸੀ ਵਰਤੋਂ ਅਧਿਕਾਰਾਂ ਬਾਰੇ ਅਪਡੇਟ ਪ੍ਰਕਾਸ਼ਤ ਕਰਦਾ ਹੈ ਤਾਂ ਟੀਕੇ ਦੀ ਵਰਤੋਂ ਸ਼ੁਰੂ ਹੋ ਜਾਵੇਗੀ।



ਸੀ ਡੀ ਸੀ ਅਨੁਸਾਰ ਇਹ ਟੀਕਾ ਲਗਵਾਉਣ ਤੋਂ ਬਾਅਦ ਬਲੱਡ ਕਲਾਟਿੰਗ ਨਾਲ ਕੁਲ ਤਿੰਨ ਔਰਤਾਂ ਦੀ ਮੌਤ ਹੋ ਗਈ ਹੈ ਅਤੇ ਸੱਤ ਵਿਅਕਤੀ ਹਸਪਤਾਲ ਦਾਖਲ ਹਨ ਜਦਕਿ ਪੰਜਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਸੀ.ਡੀ.ਸੀ. ਦੇ ਅੰਕੜਿਆਂ ਅਨੁਸਾਰ ਇਹ ਕੇਸ 8 ਮਿਲੀਅਨ ਤੋਂ ਵੱਧ ਖੁਰਾਕਾਂ ਦਾ ਛੋਟਾ ਜਿਹਾ ਹਿੱਸਾ ਬਣਉਂਦੇ ਹਨ ਅਤੇ ਇਸਦੇ ਫਾਇਦੇ ਨੁਕਸਾਨ ਤੋਂ ਜ਼ਿਆਦਾ ਹਨ। ਇਸ ਟੀਕੇ 'ਤੇ ਪਾਬੰਦੀ ਦੌਰਾਨ ਘੱਟੋ ਘੱਟ 170,338 ਜੌਹਨਸਨ ਐਂਡ ਜੌਹਨਸਨ ਦੇ ਟੀਕੇ ਲਗਾਏ ਗਏ ਅਤੇ ਹੋਰ 9.6 ਮਿਲੀਅਨ ਖੁਰਾਕਾਂ ਜੋ ਅਧਿਕਾਰਤ ਖੇਤਰਾਂ ਨੂੰ ਦਿੱਤੀਆਂ ਗਈਆਂ ਸਨ, ਦੀ ਵਰਤੋਂ ਨਹੀਂ ਕੀਤੀ ਗਈ ਹੈ।

# ਨਿਊਯਾਰਕ ਵਿੱਚ ਏਸ਼ੀਅਨ ਵਿਅਕਤੀ ਦੀ ਹਮਲੇ ਤੋਂ ਬਾਅਦ ਹਾਲਤ ਗੰਭੀਰ

**ਫਰਿਜ਼ਨੋ (ਕੈਲੀਫੋਰਨੀਆ), 24 ਅਪ੍ਰੈਲ 2021-** ਨਿਊਯਾਰਕ ਵਿੱਚ ਇੱਕ 60 ਸਾਲਾਂ ਏਸ਼ੀਅਨ ਵਿਅਕਤੀ ਤੇ ਸ਼ੁੱਕਰਵਾਰ ਰਾਤ ਨੂੰ ਹਮਲਾ ਕੀਤਾ ਗਿਆ ਹੈ, ਜਿਸ ਕਰਕੇ ਉਸਦੀ ਹਾਲਤ ਗੰਭੀਰ ਬਣੀ ਹੋਈ ਹੈ। ਇਸ ਸੰਬੰਧੀ ਪੁਲਿਸ ਅਨੁਸਾਰ ਇੱਕ ਏਸ਼ੀਅਨ ਵਿਅਕਤੀ ਪੂਰਬੀ ਹਰਲੇਮ ਵਿੱਚ ਸਿਰ ਵਿੱਚ ਕੁੱਝ ਮਾਰੇ ਜਾਣ ਤੋਂ ਬਾਅਦ ਆਪਣੀ ਜਾਨ ਦੀ ਲੜਾਈ ਲੜ ਰਿਹਾ ਹੈ। ਕਿਸੇ ਵਿਅਕਤੀ ਦੁਆਰਾ ਇਹ ਹਮਲਾ ਇਸ ਵਿਅਕਤੀ ਤੇ ਉਸ ਸਮੇਂ ਕੀਤਾ ਗਿਆ ਜਦੋਂ ਉਹ ਇੱਕ ਸ਼ਾਪਿੰਗ ਕਾਰਟ ਲਿਜਾ ਰਿਹਾ ਸੀ। ਨਿਊਯਾਰਕ ਪੁਲਿਸ ਵਿਭਾਗ ਦੀ ਹੇਟ ਕਰਾਈਮ ਟਾਸਕ ਫੋਰਸ, ਇਸ ਹਮਲੇ ਦੀ ਜਾਂਚ ਕਰ ਰਹੀ ਹੈ ਅਤੇ ਪੁਲਿਸ ਨੇ ਇਹ ਨਿਰਧਾਰਤ ਨਹੀਂ ਕੀਤਾ ਹੈ ਕਿ ਉਸ ਵਿਅਕਤੀ ਨੂੰ ਉਸਦੀ ਜਾਤੀ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ। ਇਹ ਪੀੜਤ, ਜਿਸਦੀ ਪਛਾਣ ਨਹੀਂ ਦੱਸੀ ਗਈ ਹੈ ਅਤੇ ਉਸਦੀ 60 ਸਾਲ ਦੀ ਉਮਰ ਹੈ, ਨੂੰ ਸ਼ੁੱਕਰਵਾਰ ਦੀ ਰਾਤ ਤਿੰਨ ਐਵੀਨਿਊ ਅਤੇ 125 ਵੀਂ ਸਟ੍ਰੀਟ 'ਤੇ ਨਿਰਮਾਣ ਅਧੀਨ 19 ਮੰਜ਼ਲਾ ਅਪਾਰਟਮੈਂਟ ਬਿਲਡਿੰਗ ਦੇ ਹੇਠਾਂ ਸਿਰ ਉੱਪਰ ਵਾਰ ਕਰਕੇ ਹਮਲਾ ਕੀਤਾ ਗਿਆ। ਹਮਲੇ ਵਾਲੀ ਥਾਂ 'ਤੇ ਸ਼ਨੀਵਾਰ ਤੜਕੇ ਖੂਨ ਦੀ ਸਫਾਈ ਅਤੇ ਡੱਬਿਆਂ ਅਤੇ ਬੋਤਲਾਂ ਨਾਲ ਭਰੀ ਪੀੜਤ ਵਿਅਕਤੀ ਦੀ ਸ਼ਾਪਿੰਗ ਕਾਰਟ ਵੀ ਬਰਾਮਦ ਕੀਤੀ ਗਈ। ਵਿਅਕਤੀ ਤੇ ਹਮਲੇ ਤੋਂ ਬਾਅਦ ਇੱਕ ਬੱਸ ਚਾਲਕ ਨੇ ਰਾਤ ਦੇ ਤਕਰੀਬਨ 9 ਵਜੇ 911 'ਤੇ ਫੋਨ ਕਰਕੇ ਇਸ ਹਮਲੇ ਦੀ ਸੂਚਨਾ ਦਿੱਤੀ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀਰਵਾਰ ਨੂੰ, ਅਮਰੀਕਾ ਦੀ ਸੈਨੇਟ ਨੇ ਇੱਕ ਬਿੱਲ ਪਾਸ ਕੀਤਾ ਹੈ ਜੋ ਜਸਟਿਸ ਵਿਭਾਗ ਨੂੰ ਨਿਰਦੇਸ਼ਤ ਕਰਦਾ ਹੈ ਕਿ ਉਹ ਏਸ਼ੀਅਨ ਜਾਤੀਵਾਦ ਵਿਰੋਧੀ ਹਮਲਿਆਂ ਦੀ ਆਪਣੀ ਸਮੀਖਿਆ ਨੂੰ ਤੇਜ਼ ਕਰੇ , ਜਿਸ ਨੇ ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਦੇਸ਼ ਭਰ ਵਿੱਚ ਵਾਧਾ ਕੀਤਾ ਹੈ।




# ਏਸ਼ੀਆਈ ਲੋਕਾਂ ਖਿਲਾਫ ਹਮਲਿਆਂ ਨਾਲ ਨਜਿੱਠਣ ਲਈ ਹੇਟ ਕਰਾਈਮ ਬਿੱਲ ਕੀਤਾ ਪਾਸ

**ਫਰਿਜ਼ਨੋ (ਕੈਲੀਫੋਰਨੀਆ), 24 ਅਪ੍ਰੈਲ 2021-** ਅਮਰੀਕੀ ਸੈਨੇਟ ਨੇ ਏਸ਼ੀਅਨ ਲੋਕਾਂ ਵਿਰੋਧੀ ਨਫ਼ਰਤ ਸੰਬੰਧੀ ਅਪਰਾਧ ਕਾਨੂੰਨ ਨੂੰ ਮਨਜ਼ੂਰੀ ਦੇਣ ਲਈ ਵੀਰਵਾਰ ਨੂੰ 94-1 ਨਾਲ ਵੋਟਾਂ ਪਾਈਆਂ, ਜਿਸਦਾ ਉਦੇਸ਼ ਇਨ੍ਹਾਂ ਅਪਰਾਧਾਂ ਵਿੱਚ ਹੋਏ ਵਾਧੇ ਨੂੰ ਹੱਲ ਕਰਨ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਵਿਸਥਾਰ ਕਰਨਾ ਹੈ। ਬਿੱਲ ਜਸਟਿਸ ਵਿਭਾਗ ਇਸ ਲਈ ਇੱਕ ਅਜਿਹੇ ਵਿਅਕਤੀ ਦੀ ਪਛਾਣ ਕਰੇਗਾ ਜੋ ਨਫ਼ਰਤ ਦੇ ਅਪਰਾਧ ਦੀਆਂ ਘਟਨਾਵਾਂ ਦੀ ਜਲਦੀ ਸਮੀਖਿਆ ਕਰੇਗਾ ਅਤੇ ਨਫ਼ਰਤ ਦੇ ਜੁਰਮਾਂ ਦੀ ਰਿਪੋਰਟ ਕਰਨ ਨੂੰ ਆਸਾਨ ਬਣਾਉਣ ਲਈ ਰਾਜ ਅਤੇ ਸਥਾਨਕ ਸੰਸਥਾਵਾਂ ਨੂੰ ਵਧੇਰੇ ਮਾਰਗ ਦਰਸ਼ਨ ਪ੍ਰਦਾਨ ਕਰੇਗਾ। ਇਹ ਕਾਨੂੰਨ ਪੀੜਤ ਲੋਕਾਂ ਪ੍ਰਤੀ ਜਾਗਰੂਕਤਾ ਅਤੇ ਪਹੁੰਚ ਵਧਾਉਣ ਲਈ ਜਨਤਕ ਸਿੱਖਿਆ ਮੁਹਿੰਮਾਂ ਦਾ ਵੀ ਵਿਸਥਾਰ ਕਰੇਗਾ। ਹਵਾਈ ਦੀ ਡੈਮੋਕਰੇਟਿਕ ਸੈਨੇਟਰ ਮਾਜ਼ੀ ਹੀਰੋਨੋ ਅਤੇ ਨਿਊਯਾਰਕ ਦੀ ਕਾਂਗਰਸ ਵੋਮੇਨ ਗ੍ਰੇਸ ਮੈਂਗ ਦੁਆਰਾ ਪੇਸ਼ ਕੀਤਾ ਗਿਆ ਇਹ ਕਾਨੂੰਨ ਪਿਛਲੇ ਸਾਲ ਏਸ਼ੀਆਈ ਵਿਰੋਧੀ ਅਪਰਾਧਾਂ ਵਿੱਚ ਵਾਧੇ ਦੇ ਵਿਚਕਾਰ ਆਇਆ ਹੈ। ਸੈਨੇਟ ਦੀ ਵੋਟ ਐਟਲਾਂਟਾ ਖੇਤਰ ਵਿੱਚ ਏਸ਼ਿਆਈ ਮੂਲ ਦੀਆਂ ਛੇ ਔਰਤਾਂ ਸਣੇ ਅੱਠ ਲੋਕਾਂ ਦੀ ਹੱਤਿਆ ਦੇ ਬਾਅਦ ਇੱਕ ਮਹੀਨੇ ਬਾਅਦ ਹੋਈ ਹੈ। ਰਾਸ਼ਟਰਪਤੀ ਬਾਈਡੇਨ ਨੇ ਮਾਰਚ ਵਿੱਚ ਇਸ ਬਿੱਲ ਨੂੰ ਪਾਸ ਕਰਨ ਅਤੇ ਕਾਂਗਰਸ ਦੇ ਏਸ਼ੀਅਨ ਪੈਸੀਫਿਕ ਅਮਰੀਕਨ ਕਾਕਸ ਨਾਲ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਬੈਠਕ ਵਿੱਚ, ਕਾਂਗਰਸ ਨੂੰ ਸੱਦਾ ਦਿੱਤਾ ਸੀ ਅਤੇ ਉਹ ਅਤੇ ਉਪ-ਰਾਸ਼ਟਰਪਤੀ ਕਮਲਾ ਹੈਰਿਸ ਇਸ ਕਾਨੂੰਨ ਨੂੰ ਅੱਗੇ ਵਧਾਉਣ ਦੇ ਪੱਖ ਵਿੱਚ ਸਨ। ਵੋਟ ਪਾਉਣ ਤੋਂ ਪਹਿਲਾਂ ਸੈਨੇਟ ਦੇ ਬਹੁਗਿਣਤੀ ਨੇਤਾ ਚੱਕ ਸ਼ੂਮਰ ਨੇ ਕਿਹਾ ਕਿ ਬਿੱਲ ਪਾਸ ਹੋਣ ਨਾਲ ਏ ਏ ਪੀ ਆਈ ਕਮਿਊਨਿਟੀ ਅਤੇ ਦੇਸ਼ ਨੂੰ ਇਹ ਸੰਦੇਸ਼ ਜਾਵੇਗਾ ਕਿ ਹੁਣ ਨਫ਼ਰਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸਦੇ ਇਲਾਵਾ ਸੈਨੇਟ ਨੇ ਬਿੱਲ ਵਿੱਚ ਤਿੰਨ ਰਿਪਬਲਿਕਨ ਸੋਧਾਂ ਉੱਤੇ ਵੀ ਵੋਟ ਪਾਈ ਪਰ ਉਹ ਸਾਰੇ ਅਸਫਲ ਰਹੇ। ਜਦਕਿ ਬਿੱਲ ਹੁਣ ਪ੍ਰਵਾਨਗੀ ਲਈ ਸਦਨ ਵੱਲ ਜਾਵੇਗਾ।




AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544




Prop: Jasbir Singh Takhar
510-755-2132
Harmandeep Singh


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables




New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।










ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

# ਚਰਨਜੀਤ ਸਿੰਘ ਪੰਨੂ ਦੀ 50 ਦਹਾਕਿਆਂ ਦੀ ਨਿਰੰਤਰ ਸਾਹਿਤ ਸਾਧਨਾ ਦਾ ਡਾ. ਰਜਿੰਦਰ ਸਿੰਘ ਵਲੋਂ ਅਲੋਚਨਾਤਮਿਕ ਅਧਿਐਨ

ਬੀਤੇ ਦਿਨੀਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ ਵਿਪਸਾ ਦੀ ਮਾਸਿਕ ਮਿਲਣੀ ਜ਼ੂਮ ਲਿੰਕ ਰਾਹੀਂ ਹੋਈ। ਜਨਰਲ ਸਕੱਤਰ ਕੁਲਵਿੰਦਰ ਨੇ ਸਵਾਗਤੀ ਸ਼ਬਦਾਂ ਨਾ.ਲ ਡਾ. ਸੁਖਵਿੰਦਰ ਕੰਬੋਜ ਨੂੰਮੰਚ ਲਈ ਸੱਦਾ ਦਿੱਤਾ।ਡਾ. ਕੰਬੋਜ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਵਿਪਸਾ ਵਲੋਂ ਆਪਣੇ ਹਰ ਲੇਖਕ ਦੀ ਕਿਰਤ ਦਾ ਸਾਹਿਤਕ ਮੁਲਾਂਕਣ ਲੜੀਬੱਧ ਕਰਵਾਇਆ ਜਾਵੇਗਾ।ਹਰ ਲੇਖਕ ਦੇ ਯੋਗਦਾਨ ਲਈ ਉਸਦੀਆਂ ਰਚਨਾਵਾਂ ਦਾ ਅਲੋਚਨਾਤਮਿਕ ਅਧਿਐਨ ਕਰਵਾਉਣਾ ਜ਼ਰੂਰੀ ਹੈ ਕਿਉਂਕਿ ਹਰ ਸਮੇਂ ਵਿਚ ਗਿਆਨ ਦੀ ਇਕ ਨਿਰੰਤਰ ਗੰਗਾ ਵਹਿੰਦੀ ਰਹਿੰਦੀ ਹੈ ਅਤੇ ਹਰ ਲੇਖਕ ਨੂੰ ਸਮੇਂ ਅਨੁਸਾਰ ਆਪਣੀ ਚੇਤਨਾ ਨੂੰ ਨਵਿਆਉਣੇ ਰਹਿਣਾ ਪੈਂਦਾ ਹੈ।ਅੱਜ ਦੇ ਇਸ ਸੈਸ਼ਨ ਲਈ ਉਹ ਡਾ.ਸੁਹਿੰਦਰਬੀਰ ਸਿੰਘ ਅਤੇ ਡਾ. ਰਜਿੰਦਰ ਸਿੰਘ ਦੇ ਸੁਹਿਰਦ ਸਹਿਯੋਗ ਲਈ ਧੰਨਵਾਦ ਕਰਦੇ ਹਨ।ਇਸ ਉਪਰੰਤ ਗੁਲਸ਼ਨ ਦਿਆਲ ਨੇ ਸੰਚਾਲਨ ਦਾ ਕਾਜ-ਭਾਰ ਸੰਭਾਲਦੇ ਡਾ. ਰਜਿੰਦਰ ਸਿੰਘ ਨੂੰ ਪਰਚਾ ਪੜ੍ਹਨ ਲਈ ਸੱਦਾ ਦਿੱਤਾ।ਡਾ. ਰਜਿੰਦਰ ਸਿੰਘ ਨੇ ਆਪਣੇ ਪਰਚੇ ਵਿਚ ਕਿਹਾ ਕਿ ਪਾਕਿਸਤਾਨ ਲਾਇਲਪੁਰ ਵਿਚ ਜਨਮੇ ਪੰਨੂੰ ਦਾ ਰਚਨਾ-ਕਾਲ ਪੰਜ ਦਹਾਕਿਆਂ ਵਿਚ ਫੈਲਿਆ ਹੋਇਆ ਹੈ ਅਰਥਾਤ ਚਰਨਜੀਤ ਪੰਨੂੰ ਨਿਰੰਤਰ ਸਾਹਿਤ ਸਾਧਨਾ ਨਾਲ ਜੁੜਿਆ ਹੋਇਆ ਹੈ। ਉਹ ਇਕ ਬਹੁ-ਵਿਧਾਈ ਲੇਖਕ ਹੈ, ਜਿਸਨੇ ਦੋ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ, ਕਹਾਣੀ ਸੰਗ੍ਰਹਿ, ਨਾਵਲ ਅਤੇ ਸਫ਼ਰਨਾਮੇ ਆਦਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਚਰਨਜੀਤ ਪੰਨੂ ਦੀ ਸਾਹਿਤ ਪ੍ਰਤਿਭਾ ਬਾਰੇ ਚਰਚਾ ਕਰਦਿਆਂ ਡਾ. ਮੋਹਨ ਤਿਆਗੀ ਪੰਨੂੰ ਬਾਰੇ ਲਿਖਦਾ ਹੈ, ਉਪੰਨੂੰ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਹੈ।ਸਮਕਾਲੀ ਪ੍ਰਸਥਿਤੀਆਂ ਵਿਚ ਉਸਦੇ ਸਾਹਿਤਕ ਸਰੋਕਾਰ ਵਿਸ਼ੇਸ਼ ਅਰਥਾਂ ਦੇ ਧਾਰਨੀ ਹਨ।" ਚਰਨਜੀਤ ਪੰਨੂੰ ਦੀਆਂ ਕਹਾਣੀਆਂ ਇਕ ਵੱਖਰਾ ਕਲਾਤਮਿਕ ਚਿੱਤਰ ਪ੍ਰਦਾਨ ਕਰਦੀਆਂ ਹਨ।ਇਨ੍ਹਾਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਦਾ ਬਿਰਤਾਂਤ ਇਕਹਿਰਾ ਹੈ।ਇਨ੍ਹਾਂ ਦੇ ਪਾਤਰ ਗੁੰਝਲਦਾਰ ਪ੍ਰਸਥਿਤੀਆਂ ਵਿਚ ਵਿਚਰਦੇ ਹੋਣ ਕਾਰਨ ਤਣਾਓ ਗ੍ਰਸਤ ਹਨ। ਕਹਾਣੀਆਂ ਦੀ ਇਕਹੋਰ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਫਾਲਤੂ ਵੇਰਵੇ ਨਹੀਂ ਹਨ। ਇਹ ਉੱਤਮ ਪੁਰਖੀ ਸ਼ੈਲੀ ਵਿਚ ਲਿਖੀਆਂ ਗਈਆਂ ਹਨ। ਇਨ੍ਹਾਂ ਕਹਾਣੀਆਂ ਦੀ ਗਹਿਰਾਈ ਤੱਕ ਪਹੁੰਚਣ ਲਈ ਪੰਨੂ ਦੇ ਜੀਵਨ ਵੇਰਵੇ ਜਾਣਨੇ ਜ਼ਰੂਰੀ ਹਨ।ਇਹ ਕਹਾਣੀਆਂ ਕੇਵਲ ਪਰਵਾਸੀ ਸਰੋਕਾਰਾਂ ਨੂੰ ਚਿਰਕਿਤ ਕਰਨ ਤੱਕ ਮਹਿਦੂਦ ਨਹੀਂ ਬਲਕਿ ਬਹੁਤ ਸਾਰੀਆਂ ਕਹਾਣੀਆਂ ਦਾ ਕੈਨਵਸ ਪੰਜਾਬ ਅਤੇ ਇਸ ਨਾ.ਲ ਜੁੜੇ ਸਰੋਕਾਰ ਹਨ। ਇਸ ਸੰਦਰਭ ਵਿਚ ਉਸਦੀਆਂ ਕਹਾਣੀਆਂ: ਸਾਡੇ ਹੱਕ ਏਥੇ ਰੱਖ, ਦੋਗਲੀ ਨਸਲ, ਓਵਰ ਟਾਈਮ, ਭਲੇ ਲੋਕ, ਸੰਦਲ ਦਾ ਸ਼ਰਬਤ ਆਦਿ ਨੂੰ ਵਿਚਾਰਿਆ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਵਿਚ ਰਾਜਨੀਤਿਕ ਭ੍ਰਿਸ਼ਟਾਚਾਰ, ਰਿਸ਼ਤਿਆਂ ਦੇ ਬਦਲ ਰਹੇ ਪਰਿਪੇਖ, ਫੌਜੀ ਜੀਵਨ, ਸਮਾਜ ਸਭਿਆਚਾਰ ਸਮੱਸਿਆਵਾਂ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ।ਕੁਝ ਕਹਾਣੀਆਂ ਪੜ੍ਹਦੇ ਵਕਤ ਸਫ਼ਰਨਾਮੇ ਦਾ ਝੌ.ਲਾ ਵੀ ਪੈਂਦਾ ਹੈ। ਭਾਸ਼ਾ ਮੁਹਾਵਰੇਦਾਰ ਹੈ: 'ਬਾਬੂ ਪ.ਲਾਈ ਲੱਸੀ ਤੇ ਗ.ਲ 'ਚ ਪਾਈ ਰੱਸੀ। ਕਹਾਣੀਆਂ ਵਿਚ ਵਰਤੇ ਗਏ ਮੁਹਾਵਰਿਆਂ ਦਾ ਅਖਾਣ ਕੋਸ਼ ਤਿਆਰ ਹੋ ਸਕਦਾ ਹੈ। ਡਾ. ਸੁਹਿੰਦਰਬੀਰ ਨੇ ਉਪਰੋਕਤ ਪਰਚੇ ਬਾਰੇ ਬੋਲਦੇ ਕਿਹਾ ਕਿ ਉਹ ਡਾ. ਰਜਿੰਦਰ ਸਿੰਘ ਵਲੋਂ ਪੜ੍ਹੇ ਗਏ ਪਰਚੇ ਨਾ.ਲ ਸਹਿਮਤ ਹਨ ਕਿ ਪੰਨੂੰ ਦੀਆਂ ਕਹਾਣੀਆਂ ਦੇ ਵਿਸ਼ਾ-ਵਸਤੂ ਵਿਚ ਵਿਸ਼ਾਲਤਾ ਹੈ ਅਤੇ ਜੇ ਕਰ ਲੰਮੀਆਂ ਕਹਾਣੀਆਂ ਦੇ ਤੰਦ ਥੋੜ੍ਹੇ ਹੋਰ ਜੋੜ ਦਿੱਤੇ ਜਾਣ ਤਾਂ ਨਾਵਲ ਦਾ ਰੂਪ ਧਾਰਨ ਕਰ ਸਕਦੇ ਹਨ। ਰਵਿੰਦਰ ਸਹਿਰਾਅ ਨੇ ਕਿਹਾ ਕਿ ਉਹ ਵਿਪਸਾ ਦੀ ਹਰ ਮਿਲਣੀ ਵਿਚ ਰਚਾਏ ਜਾਂਦੇ ਸੰਵਾਦ ਤੋਂ ਬੇਹੱਦ ਪ੍ਰਭਾਵਿਤ ਹਨ।ਸਾਹਿਤ ਦੀ ਗੱਲ ਠੀਕ ਇਸ ਤਰ੍ਹਾਂ ਹੀ ਹੋਣੀ ਚਾਹੀਦੀ ਹੈ। ਪੰਨੂ ਖੁਦ ਸਾਹਿਤਕਾਰ ਵੀ ਹਨ ਅਤੇ ਨਵੇਂ ਸਾਹਿਤਕਾਰਾਂ ਨੂੰ ਉਤਸ਼ਾਹਿਤ ਵੀ ਕਰਦੇ ਹਨ। ਕਹਾਣੀ 'ਸਖੀਰਾ' ਉਨ੍ਹਾਂ ਦੇ ਚੇਤੇ ਵਿਚ ਵਸੀ ਹੋਈ ਹੈ ਕਿਉਂਕਿ ਇਸ ਕਹਾਣੀ ਪਾਤਰ ਚਾਚਾ ਕਹਾਣੀ ਦੀਆਂ ਪਰਤਾਂ ਨੂੰ ਬਹੁਤ ਰੌਚਿਕ ਢੰਗ ਨਾ.ਲ ਖੋਲ੍ਹਦਾ ਹੈ। ਚਰਨਜੀਤ ਪੰਨੂਨੇ ਕਿਹਾ ਕਿ ਜਿਸ ਢੰਗ ਨਾਲ ਵਿਪਸਾ ਨੇ ਅੱਜ ਉਨ੍ਹਾਂ ਦੀਆਂ ਕਹਾਣੀਆਂ 'ਤੇ ਚਰਚਾ ਕਰਵਾਈ ਹੈ, ਉਹ ਕਾਬਿਲੇ ਤਾਰੀਫ਼ ਹੈ। ਉਨ੍ਹਾਂ ਕੋ.ਲ ਬਹੁਤ ਕੁਝ ਅਣਕਿਹਾ ਅਤੇ ਅਣਲਿਖਿਆ ਪਿਆ ਹੈ। ਉਹ ਆਪਣੀ ਇਹ ਸਾਧਨਾ ਨਿਰੰਤਰ ਜਾਰੀ ਰੱਖਣਗੇ।






ਤੀਜੇ ਸੈਸ਼ਨ ਦਾ ਸੰਚਾਲਨ ਕਰਦੇ ਹੋਏ ਕੁਲਵਿੰਦਰ ਨੇ ਤਾਰਾ ਸਾਗਰ ਨੂੰ ਕਵੀ ਦਰਬਾਰ ਸ਼ੁਰੂ ਕਰਨ ਲਈ ਸੱਦਾ ਦਿੱਤਾ। ਮਹਿੰਦਰ ਸਿੰਘ ਸੰਘੇੜਾ, ਰਵਿੰਦਰ ਸਹਿਰਾਅ, ਡਾ. ਗੁਰਪ੍ਰੀਤ ਧੁੱਗਾ, ਹਰਪ੍ਰੀਤ ਕੌਰ ਧੂਤ, ਸੁਰਜੀਤ ਸਖੀ, ਐਸ਼ ਕਮ ਐਸ਼, ਲਾਜ ਨੀਲਮ ਸੈਣੀ, ਪਿਆਰਾ ਸਿੰਘ ਕੁੱਦੋਵਾਲ, ਡਾ. ਸੁਖਪਾਲ ਸੰਘੇੜਾ, ਚਰਨਜੀਤ ਪੰਨੂ, ਗੁਲਸ਼ਨ ਦਿਆਲ, ਸੁਰਜੀਤ ਟੋਰਾਂਟੋ, ਕੁਲਵਿੰਦਰ ਅਤੇ ਡਾ. ਸੁਖਵਿੰਦਰ ਕੰਬੋਜ ਨੇ ਆਪਣੀਆਂ ਨਜ਼ਮਾਂ ਪੜ੍ਹੀਆਂ। ਡਾ. ਕੰਬੋਜ ਨੇ ਇਸ ਸ਼ਾਨਦਾਰ ਮਿਲਣੀ ਲਈ ਸਭ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਅਗਲੀ ਸਾਹਿਤਕ ਮਿਲਣੀ ਵਿਚ ਤਾਰਾ ਸਾਗਰ ਦੀ ਕਾਵਿ-ਸਿਰਜਣਾ ਬਾਰੇ ਡਾ. ਉਮਿੰਦਰ ਸਿੰਘ ਜੌਹਲ ਆਪਣਾ ਅਲੋਚਨਾਤਮਿਕ ਪੇਪਰ ਪੜ੍ਹਨਗੇ।

**ਰਿਪੋਰਟ: ਲਾਜ ਨੀਲਮ ਸੈਣੀ**
**ਸਹਾਇਕ ਸਕੱਤਰ ਵਿਪਸਾ**



ਰਾਸ਼ਟਰੀ ਮੂਲਨਿਵਾਸੀ ਬਹੁਜਨ ਕਰਮਚਾਰੀ ਸੰਘ ਵੱਲੋਂ ਜਿਲ੍ਹਾ ਕਨਵੀਨਰ ਬਲਦੇਵ ਸਿੰਘ ਸਿੱਧੂ ਦੀ ਅਗਵਾਈ ਹੇਠ ਜਿਲ੍ਹਾ ਕਪੂਰਥਲਾ ਦੇ ਸਹਾਇਕ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਜੀ ਨੂੰ ਰਾਸ਼ਟਰਪਤੀ ਦੇ ਨਾਮ ਤੇ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਮੁੱਖ ਮੰਗਾਂ 29 ਮਜ਼ਦੂਰ ਕਾਨੂੰਨਾਂ ਨੂੰ ਰੱਦ ਕਰਨ , ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰਨ , ਲੋਕ ਅਤੇ ਕਿਸਾਨ ਵਿਰੋਧੀ ਬਣੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ, ਨਵੀਂ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ ਸਬੰਧੀ ਅਤੇ ਤਰੱਕੀਆਂ ਦੇ ਵਿਚ ਅਨੁਸੂਚਿਤ ਜਾਤੀਆਂ, ਜਨਜਾਤੀਆ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਨ ਬਹਾਲ ਕਰਨਾ ਹਨ। ਇਸ ਮੌਕੇ ਐਸ.ਸੀ , ਬੀ.ਸੀ ਅਧਿਆਪਕ ਯੂਨੀਅਨ ਦੇ ਸੂਬਾ ਸਕੱਤਰ ਨਰਿੰਦਰਜੀਤ ਸਿੰਘ, ਕੁਸ਼ਲ ਕੁਮਾਰ, ਹਰਜਿੰਦਰ ਸਿੰਘ ਹੈਰੀ, ਸੁਰਿੰਦਰਪਾਲ , ਬਲਵੀਰ ਸਿੰਘ ਸਿੱਧੂ ਆਦਿ ਹਾਜ਼ਰ ਸਨ।

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



Chicago's Pizza with a Twist






Parvinder Dhesi



Kulwant Sandhu

1471 B St., Unit B, Livingston, CA 95334

# ਸੰਤ ਰਾਮ ਉਦਾਸੀ ਨੇ ਵਰਗ ਚੇਤਨਾ ਕਵਿਤਾ 'ਚ ਢਾਲ ਕੇ ਲੋਕ ਕਾਵਿ ਪ੍ਰੰਪਰਾ ਨੂੰ ਮਜ਼ਬੂਤ ਕੀਤਾ -ਡਾ: ਸ ਪ ਸਿੰਘ

**ਲੁਧਿਆਣਾ–** ਲੋਕ ਵਿਰਾਸਤ ਅਕਾਡਮੀ ਵੱਲੋਂ ਪੰਜਾਬ ਕਾਮਰਸ ਅਤੇ ਮੈਨੇਜਮੈਂਟ ਅਸੋਸੀਏਸ਼ਨ ਦੇ ਸਹਿਯੋਗ ਨਾਲ ਲੋਕ ਕਵੀ ਸੰਤ ਰਾਮ ਉਦਾਸੀ ਦੇ 80 ਵੇਂ ਜਨਮ ਦਿਵਸ ਮੌਕੇ ਆਨਲਾਈਨ ਸਮਾਗਮ ਕਰਵਾਇਆ ਗਿਆ। ਸੁਆਗਤੀ ਸ਼ਬਦ ਬੋਲਦਿਆਂ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਗੁਰਭਜਨ ਗਿੱਲ ਨੇ ਕਿਹਾ ਕਿ ਸੰਤ ਰਾਮ ਉਦਾਸੀ ਕਾਮਿਆਂ ਦਾ ਕਵੀ ਸੀ ਜਿਸ ਨੇ 1939 ਤੋਂ 1986 ਤੀਕ ਦੇ ਸੰਖੇਪ ਜੀਵਨ ਕਾਲ ਚ ਅਨੇਕ ਸਿਖਰਾਂ ਛੋਹੀਆਂ। ਉਹ ਸੰਘਰਸ਼ਾਂ ਚ ਸਰਕਾਰੀ ਜਬਰ ਦਾ ਸ਼ਿਕਾਰ ਵੀ ਹੋਇਆ ਤੇ ਹਰ ਵਰਗ ਦੀ ਲੁੱਟ ਦੇ ਖਿਲਾਫ਼ ਖੁੱਲ੍ਹ ਕੇ ਬੋਲਿਆ। ਕਵੀ ਦਰਬਾਰਾਂ ਚ ਉਸ ਦੀ ਆਵਾਜ਼ ਇੰਜ ਗੂੰਜਦੀ ਸੀ ਜਿਵੇਂ ਧਰਤੀ ਆਪਣੀ ਪੀੜ ਅੰਬਰ ਨੂੰ ਉਦਾਸੀ ਦੀ ਆਵਾਜ਼ ਰਾਹੀਂ ਸੁਣਾ ਰਹੀ ਹੋਵੇ।

ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਕਰਦਿਆਂ ਕਿਹਾ ਕਿ ਲੋਕ ਪੱਖੀ ਕਵਿਤਾ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਨੇ ਚੌਧਵੀਂ ਸਦੀ 'ਚ ਆਰੰਭੀ ਜਿਸ ਨੂੰ ਲੋਕ ਸੰਘਰਸ਼ ਦੇ ਰਾਹ ਗੁਰੂ ਗੋਬਿੰਦ ਸਿੰਘ ਜੀ ਨੇ ਤੋਰਿਆ। ਪੰਜਾਬੀ ਜਨ ਜੀਵਨ ਵਿੱਚ ਬਾਹਰਲੀਆਂ ਸ਼ਕਤੀਆਂ ਦੇ ਵਿਰੋਧ ਦੀ ਜਵਾਲਾ ਹੁਣ ਤੀਕ ਬਲ ਰਹੀ ਹੈ। ਸੰਤ ਰਾਮ ਉਦਾਸੀ ਕਾਵਿ ਉਸ ਦਾ ਅਹਿਮ ਪੜਾਅ ਹੈ। ਉਨ੍ਹਾਂ ਕਿਹਾ ਕਿ ਲੋਕ ਪੱਖੀ ਕਾਵਿ ਪਰੰਪਰਾ ਦਾ ਮੁਲਾਂਕਣ ਵਿਸ਼ਾਲ ਪ੍ਰਸੰਗ 'ਚ




ਕਰਨ ਦੀ ਲੋੜ ਹੈ। ਉਸ ਵਰਗ ਚੇਤਨਾ ਨੂੰ ਕਵਿਤਾ ਚ ਢਾਲ ਕੇ ਲੋਕ ਕਾਵਿ ਪਰੰਪਰਾ ਨੂੰ ਮਜ਼ਬੂਤ ਕੀਤਾ।

ਮੁੱਖ ਭਾਸ਼ਨ ਦਿੰਦਿਆਂ ਡਾ. ਹਰਿੰਦਰ ਕੌਰ ਸੋਹਲ ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਕਿਹਾ ਕਿ ਸੰਤ ਰਾਮ ਉਦਾਸੀ ਦਾ ਜੀਵਨ ਤੇ ਕਲਾਮ ਸੰਰਸ਼ ਦੀ ਉਪਜ ਹੈ। ਇਸ ਦੇ ਲੋਕ ਧਾਰਾਈ ਕਾਵਿ ਧਰਾਤਲ ਦਾ ਅਧਿਐਨ ਕਰਨ ਲਈ ਉਹ ਨੇੜ ਭਵਿੱਖ ਚ ਯੋਜਨਾ ਬਣਾਉਣਗੇ।

ਪੰਜਾਬੀ ਕਹਾਣੀਕਾਰ ਤੇ ਸੰਤ ਰਾਮ ਉਦਾਸੀ ਕਾਵਿ ਆਲੋਚਨਾ ਦੇ ਸੰਪਾਦਕ ਅਜਮੇਰ ਸਿੱਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸਮੇਟਵੀਂ ਚਰਚਾ ਕਰਦਿਆਂ ਕਿਹਾ ਕਿ ਲੋਕ ਸੰਘਰਸ਼ਾਂ ਚ ਅੱਜ ਵੀ ਉਦਾਸੀ ਸਭ ਤੋਂ ਕਾਰਗਰ ਹਥਿਆਰ ਵਾਂਗ ਪੇਸ਼ ਕੀਤਾ ਜਾ ਰਿਹਾ ਹੈ। ਕਵੀ ਦਰਬਾਰ ਵਿੱਚ ਗੁਰਚਰਨ ਕੌਰ ਕੋਚਰ ਡਾ. ਦੇਵਿੰਦਰ ਦਿਲਰੂਪ ,ਗੁਰਜੰਟ ਸਿੰਘ ਕਾਲਾ ਪਾਇਲ ਵਾਲਾ, ਤ੍ਰੈਲੋਚਨ ਲੋਚੀ ਮਨਜਿੰਦਰ ਧਨੋਆ ਰਵੀਦੀਪ ਰਵੀ, ਡਾ: ਅਸ਼ਵਨੀ ਭੱਲਾ ਤੇ ਗੁਰਭਜਨ ਗਿੱਲ ਸ਼ਾਮਿਲ ਹੋਏ। ਇਸ ਸਮਾਗਮ ਵਿੱਚ ਸੰਤ ਰਾਮ ਉਦਾਸੀ ਦੇ ਸਭ ਤੋਂ ਵੱਧ ਗੀਤ ਗਾਉਣ ਵਾਲੇ ਗਾਇਕ ਸ਼ਿੰਗਾਰਾ ਸਿੰਘ ਚਾਹਲ,ਵਿਜੈ ਯਮਲਾ ਜੱਟ ਪੰਜਾਬੀ ਯੂਨੀਵਰਸਿਟੀ,ਕਰਮਜੀਤ ਗਰੇਵਾਲ ਲਲਤੋਂ, ਰਾਮ ਸਿੰਘ ਅਲਬੇਲਾ ,ਸੰਪੂਰਨ ਸਿੰਘ ਅਮਨਦੀਪ ਸਿੰਘ ਤੇ ਦਰਸ਼ਨ ਸਿੰਘ ਗੁਰੂ ਦਾ ਟੱਲੇਵਾਲੀਆ ਕਵੀਸ਼ਰੀ ਜਥਾ ਤੇ ਪ੍ਰੋ: ਸ਼ੁਭਾਸ਼ ਦੁੱਗਲ ਜਲੰਧਰ ਨੇ ਆਪੋ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ। ਇਸ ਸਮਾਗਮ ਵਿੱਚ ਲੋਕ ਕਵੀ ਸੰਤ ਰਾਮ ਉਦਾਸੀ ਜੀ ਦਾ ਪਰਿਵਾਰ ਵਿੱਚੋਂ ਉਸ ਦੇ ਨਿੱਕੇ ਵੀਰ ਤੇ ਲੋਕ ਗਾਇਕ ਗੁਰਦੇਵ ਸਿੰਘ ਕੋਇਲ ਜਲੰਧਰ ਤੇ ਵੱਡੀ ਬੇਟੀ ਇਕਬਾਲ ਕੌਰ ਉਦਾਸੀ ਤੋਂ ਇਲਾਵਾ ਹੋਰ ਸਬੰਧੀ ਵੀ ਸ਼ਾਮਿਲ ਹੋਏ। ਇਕਬਾਲ ਉਦਾਸੀ ਨੇ ਪਰਿਵਾਰ ਵੱਲੋਂ ਇਹ ਸੁੰਦਰ ਸਮਾਗਮ ਔਨਲਾਈਨ ਰੂਪ 'ਚ ਕਰਵਾਉਣ ਲਈ ਧੰਨਵਾਦ ਕੀਤਾ।

# ਜੀ ਜੀ ਐੱਨ ਖ਼ਾਲਸਾ ਕਾਲਿਜ ਵੱਲੋਂ ਜਿਲਾ ਸਿਹਤ ਪ੍ਰਸ਼ਾਸਨ ਨਾਲ ਮਿਲ ਕੇ ਲਾਇਆ ਕੋਵਿਡ ਟੀਕਾਕਰਨ ਕੈਂਪ

**ਲੁਧਿਆਣਾ–** ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ ਦੇ ਪ੍ਰਬੰਧ ਹੇਠ ਕਾਰਜਸ਼ੀਲ ਸਿੱਖਿਆ ਸੰਸਥਾਵਾਂ ਜੀ ਜੀ ਐੱਨ ਖਾਲਸਾ ਕਾਲਿਜ, ਜੀ ਜੀ ਐੱਨ ਆਈ ਐੱਮ ਟੀ, ਜੀ ਜੀ ਐੱਨ ਵੋਕੇਸ਼ਨਲ ਸਟਡੀਜ਼, ਜੀਜੀ ਐੱਨ ਕਾਲਿਜ ਆਫ ਫਾਰਮੇਸੀ ਤੇ ਜੀ ਜੀ ਐੱਨ ਪਬਲਿਕ ਸਕੂਲ ਵੱਲੋਂ ਜਿਲ੍ਹਾ ਸਿਹਤ ਪ੍ਰਸ਼ਾਸਨ ਦੀ ਮਦਦ ਨਾਲ ਕੋਵਿਡ 19 ਤੋਂ ਬਚਾਅ ਲਈ ਮੁਫ਼ਤ ਟੀਕਾਕਰਨ ਕੈਂਪ ਲਗਾਇਆ ਗਿਆ ਜਿਸ ਵਿੱਚ 45 ਸਾਲ ਤੋਂ ਵੱਧ ਉਮਰ ਵਾਲੇ ਜੀਆਂ ਨੂੰ ਟੀਕਾਕਰਨ ਕੀਤਾ ਗਿਆ। ਕੈਂਪ ਦਾ ਉਦਘਾਟਨ ਪੰਜਾਬ ਦੇ ਖੁਰਾਕ ਤੇ ਸਪਲਾਈ ਮੰਤਰੀ ਤੇ ਹਲਕਾ ਵਿਧਾਇਕ ਭਾਰਤ ਭੂਸ਼ਨ ਆਸੂ ਦੀ ਪਤਨੀ ਅਤੇ ਕੌਂਸਲਰ ਮਮਤਾ ਆਸੂ ਨੇ ਕੀਤਾ। ਉਨ੍ਹਾਂ ਕਿਹਾ ਕਿ ਕੋਲਿਡ ਮਹਾਂ ਮਾਰੀ ਤੋਂ ਮੁਕਤੀ ਲਈ ਲੋਕ ਚੇਤਨਾ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਜੋ ਅਫਵਾਹਾਂ ਦਾ ਬਾਜ਼ਾਰ ਗਰਮ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪਵੇ।



ਕਾਲਿਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ ਨੇ ਸੁਆਗਤੀ ਸ਼ਬਦ ਕਹੇ। ਜੀ ਜੀ ਐੱਨ ਆਈ ਐੱਮ ਟੀ ਦੇ ਡਾਇਰੈਕਟਰ ਪ੍ਰੋ: ਮਨਜੀਤ ਸਿੰਘ ਛਾਬੜਾ ਨੇ ਕੋਵਿਡ ਟੀਕਾਕਰਨ ਦੀ ਮਹੱਤਤਾ ਬਾਰੇ ਸੰਬੋਧਨ ਕੀਤਾ।

ਕਾਲਿਜ ਤੇ ਬਾਕੀ ਸੰਸਥਾਵਾਂ ਵੱਲੋਂ ਮਮਤਾ ਆਸੂ ਨੂੰ ਡਾ: ਐੱਸ ਪੀ ਸਿੰਘ, ਡਾ : ਅਰਵਿੰਦਰ ਸਿੰਘ ਭੱਲਾ ਪ੍ਰਿੰਸੀਪਲ, ਅਰਵਿੰਦਰ ਸਿੰਘ, ਹਰਦੀਪ ਸਿੰਘ, ਕੁਲਜੀਤ ਸਿੰਘ, ਪ੍ਰੋ: ਮਨਜੀਤ ਸਿੰਘ ਛਾਬੜਾ, ਡਾ: ਹਰਪ੍ਰੀਤ ਸਿੰਘ, ਮਿਸਜ ਗੁਣਮੀਤ ਕੋਰ, ਮਿਸਜ ਸ਼ਿਖਾ ਸਹਿਜਪਾਲ ਨੇ ਫੁਲਕਾਰੀ ਪਹਿਨਾਉਣ ਉਪਰੰਤ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਕਾਲਿਜ ਪ੍ਰਿੰਸੀਪਲ ਡਾ: ਅਰਵਿੰਦਰ ਸਿੰਘ ਭੱਲਾ ਨੇ ਮੁੱਖ ਮਹਿਮਾਨ ਮਮਤਾ ਆਸੂ ਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ।

# ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਇਕ ਰਾਸ਼ਟਰ ਇਕ ਰਾਸ਼ਨ ਕਾਰਡ ਸਕੀਮ ਅਧੀਨ ਤੋਂ ਗਰੀਬ ਪ੍ਰੀਵਾਰਾਂ ਨੂੰ ਵਾਂਝਿਆ ਨਾ ਰੱਖਿਆ ਜਾਵੇ- ਕੈਂਥ

**ਚੰਡੀਗੜ੍ਹ–** ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਵਲੋਂ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਕਿਉਂਕਿ ਇਕ ਰਾਸ਼ਟਰ ਇਕ ਰਾਸ਼ਨ ਕਾਰਡ ਨੀਤੀਗਤ ਫੈਸਲਾਕੁੰਨ ਐਲਾਨ ਨੂੰ ਚੁਸਤ ਦਰੁਸਤ ਬਣਾਏ ਜਾਣ ਦੀ ਬੁਨਿਆਦੀ ਜਰੂਰਤ ਗਰੀਬ ਪ੍ਰੀਵਾਰਾਂ ਲਈ ਯਤਨਸ਼ੀਲ ਬਣਾਉਣ ਦੀ ਅਪੀਲ ਕੀਤੀ ਗਈ ਹੈ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਪਿੱਛਲੇ ਸਮੇਂ ਪੰਜਾਬ ਸਰਕਾਰ ਦੁਆਰਾ ਜਨਤਕ ਵੰਡ ਪ੍ਰਣਾਲੀ ਦਾ ਲਾਭ ਉਠਾਉਣ ਵਾਲੇ ਪ੍ਰੀਵਾਰਾਂ ਨੂੰ ਸਿਆਸੀ ਦਖ਼ਲਅੰਦਾਜ਼ੀ ਕਾਰਨ ਨਜ਼ਰ ਅੰਦਾਜ ਕੀਤਾ ਗਿਆ ਹੈ ਉਨ੍ਹਾਂ ਲੋੜਵੰਦ ਗਰੀਬ ਪ੍ਰੀਵਾਰਾਂ ਨੂੰ ਤੁਰੰਤ ਸ਼ਾਮਿਲ ਕੀਤਾ ਜਾਵੇ। ਸ੍ਰ ਕੈਂਥ ਨੇ ਕਿਹਾ ਕਿ ਪਿੰਡਾਂ ਵਿੱਚ ਅਨੁਸੂਚਿਤ ਜਾਤੀ ਅਤੇ ਗਰੀਬ ਪਰਿਵਾਰਾਂ ਨੂੰ ਇਸ ਸਕੀਮ ਤੋਂ ਜਾਣਬੁੱਝ ਵੋਟ ਪੋਲੀਟੀਕਸ ਕਾਰਨ ਵਾਂਝਿਆ ਰੱਖਿਆ ਗਿਆ ਹੈ। ਗਰੀਬ ਪਰਿਵਾਰਾਂ ਲਈ ਕੇਂਦਰ ਸਰਕਾਰ ਵੱਲੋਂ ਮੁਫਤ ਰਾਸ਼ਨ ਕੋਵਿਡ 19 ਕਾਰਨ ਦਿੱਤਾ ਜਾਂਦਾ ਹੈ। ਪਰ ਕੈਪਟਨ ਸਰਕਾਰ ਦੇ ਮੰਤਰੀਆਂ, ਐਮ



ਐਲ ਏ ਅਤੇ ਆਗੂਆਂ ਦੀ ਅਨੁਸੂਚਿਤ ਜਾਤਾਂ ਦੇ ਗਰੀਬ ਪ੍ਰੀਵਾਰਾਂ ਨੂੰ ਸਬਕ ਸਿਖਾਉਣ ਲਈ ਸਕੀਮ ਤੋਂ ਵੱਖ ਰੱਖਣ ਦੀ ਨੀਅਤ ਦੀ ਨੈਸ਼ਨਲ ਸਡਿਊਲਡ ਕਾਸਟਸ ਅਲਾਇੰਸ ਨਿੰਦਿਆ ਕਰਦਾ ਹੈ। ਅੱਜ ਹਜਾਰਾਂ ਗਰੀਬ ਪਰਿਵਾਰ ਪਿੰਡਾਂ ਅਤੇ ਸ਼ਹਿਰਾਂ ਤੋ ਖੁਰਾਕ ਸਪਲਾਈ ਵਿਭਾਗ ਦੇ ਦਫਤਰਾਂ ਦੇ ਬਾਹਰ ਸਮਾਟ ਕਰਾਡ ਬਣਾਉਣ ਲਈ ਚੱਕਰ ਲਗਾ ਰਹੇ ਹਨ ਪਰ ਕੋਈ ਵੀ ਸੁਣਵਾਈ ਨਹੀਂ ਹੋ ਰਹੀ।

ਸ੍ਰ ਕੈਂਥ ਨੇ ਕਿਹਾ ਕਿ ਜਨਤਕ ਵੰਡ ਪ੍ਰਣਾਲੀ ਨੂੰ ਤਰਕਸੰਗਤ ਬਣਾਉਣ ਲਈ ਜ਼ੰਿਮੇਵਾਰੀ ਨਿਭਾਉਣ ਵਾਲਿਆਂ ਨੂੰ ਰਾਜਨੀਤਿਕ ਸੰਗਤ ਤੋ ਦੂਰ ਰਹਿਣਾ ਚਾਹੀਦਾ ਹੈ ਤਾਂ ਜੋ ਲੋੜਵੰਦ ਗਰੀਬ ਪਰਿਵਾਰ ਨੂੰ ਵੀ ਮੁਫਤ ਰਾਸ਼ਨ ਸਕੀਮ ਅਧੀਨ ਮੁਹੱਈਆ ਕਰਵਾਉਣ ਵਾਲਾ ਆਨਾਜ ਪ੍ਰਾਪਤ ਹੋ ਸਕੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਜਿੰਨਾ ਗਰੀਬ ਲੋੜਵੰਦ ਪ੍ਰੀਵਾਰ ਸਮਾਟ ਕਰਾਡ ਬਣਾਉਣ ਵਿਚ ਕਾਣੀ ਵੰਡ ਹੋਈ ਹੈ ਉਸ ਨੂੰ ਤੁਰੰਤ ਦਰੁਸਤ ਕੀਤਾ ਜਾਵੇ ਅਤੇ ਮੁਫਤ ਰਾਸ਼ਨ ਲਈ ਸਮਾਟ ਕਰਾਡ ਬਣਾਉਣ ਦੀ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਜਾਵੇ।

# ਆਉਣ ਵਾਲੇ ਸਮੇਂ ਵਿੱਚ ਮਾਨਸਾ ਜਿਲ੍ਹੇ ਵਿੱਚ ਕਰੋਨਾ ਧਾਰ ਸਕਦਾ ਹੈ ਭਿਆਨਕ ਰੂਪ

**ਮਾਨਸਾ–** ਮਾਨਸਾ ਜਿਲ੍ਹੇ ਦੇ ਵਿੱਚ ਕਰੋਨਾ ਮਹਾਂਮਾਰੀ ਕਾਫੀ ਵੱਡੇ ਰੂਪ ਵਿੱਚ ਫੈਲ ਚੁੱਕੀ ਹੈ। ਮਾਨਸਾ ਜਿਲ੍ਹਾ ਪ੍ਰਸ਼ਾਸਨ ਦੇ ਅੰਕੜਿਆਂ ਅਨੁਸਾਰ ਜਿੱਥੇ ਮਾਨਸਾ ਵਿੱਚ 256 ਕਰੋਨਾ ਮਰੀਜ਼ ਇੱਕ ਦਿਨ ਵਿੱਚ ਪਾਜ਼ੀਟਿਵ ਪਾਏ ਗਏ ਉਥੇ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹਨ ਜ਼ੋ ਘਰਾਂ ਵਿੱਚ ਬਿਮਾਰ ਪਏ ਹਨ ਅਤੇ ਕਰੋਨਾ ਸਬੰਧੀ ਸੋਸ਼ਲ ਮੀਡੀਆ ਦੀਆਂ ਅਫਵਾਹਾਂ ਕਾਰਣ ਆਪਣੇ ਟੈਸਟ ਨਹੀਂ ਕਰਵਾ ਰਹੇ। ਅਸਲ ਵਿੱਚ ਅੰਕੜਾ ਮਾਨਸਾ ਜਿਲ੍ਹੇ ਵਿੱਚ ਕਾਫੀ ਵੱਡਾ ਹੈ। ਇਸ ਸਬੰਧੀ ਸੰਵਿਧਾਨ ਬਚਾਓ ਮੰਚ ਦੇ ਆਗੂ ਗੁਰਲਾਭ ਸਿੰਘ ਮਾਹਲ ਐਡਵੋਕੇਟ ਨੇ ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ, ਸਿਵਲ ਸਰਜਨ, ਮਾਨਸਾ ਨੂੰ ਅਪੀਲ ਕੀਤੀ ਕਿ ਮਾਨਸਾ ਜਿਲ੍ਹੇ ਅਤੇ ਖਾਸ ਕਰ ਸ਼ਹਿਰ ਵਿੱਚ ਘਰ ਘਰ ਜਾ ਕੇ ਜ਼ੋ ਕਰੋਨਾ ਦੇ ਲੱਛਣਾਂ ਵਾਲੇ ਵਿਅਕਤੀ ਹਨ, ਉਨ੍ਹਾਂ ਦਾ ਸਰਵੇ ਕੀਤਾ ਜਾਵੇ ਤੇ ਉਨ੍ਹਾਂ ਨੂੰ ਕਰੋਨਾਂ ਟੈਸਟ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜ਼ੋ ਮਾਨਸਾ ਜਿਲ੍ਹੇ ਵਿੱਚ ਕਰੋਨਾ ਬਿਮਾਰੀ ਦਾ ਅਸਲ ਅੰਕੜਾ ਸਾਹਮਣੇ ਆ ਸਕੇ। ਇਸਤੋਂ ਇਲਾਵਾ ਗੁਰਲਾਭ ਸਿੰਘ ਮਾਹਲ ਐਡਵੋਕੇਟ ਨੇ ਕਿਹਾ ਕਿ ਮਾਨਸਾ ਦੇ ਸਰਕਾਰ ਹਸਪਤਾਲ ਵਿੱਚ ਕਰੋਨਾ ਦੀ ਸਹੂਲਤ ਦੇ ਨਾਂਅ *ਤੇ ਨਾਮਮਾਤਰ ਸਹੂਲਤਾਂ ਹਨ। ਜਿੱਥੇ ਅੱਜ ਤੋਂ ਹਫਤਾ ਪਹਿਲਾਂ ਇੱਕਾ ਦੁੱਕਾ ਵਿਅਕਤੀ ਆਪਣਾ ਕਰੋਨਾ ਟੈਸਟ ਕਰਵਾਉਂਦਾ ਸੀ, ਅੱਜ ਵੱਡੀ ਗਿਣਤੀ ਵਿੱਚ ਲੋਕ ਲਾਇਨਾਂ ਲਗਾ ਕੇ ਸਿਵਲ ਹਸਪਤਾਲ ਮਾਨਸਾ ਵਿੱਚ ਕਰੋਨਾਂ ਟੈਸਟ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰਦੇ ਦੇਖੇ ਗਏ ਹਨ ਜਿਥੇ ਉਨ੍ਹਾਂ ਨੂੰ ਘੰਟਾਂ ਘੰਟਾ ਲਾਇਨਾਂ ਵਿੱਚ ਖੜ੍ਹਨਾ ਪੈ ਰਿਹਾ ਹੈ। ਇਸ ਸਮੇਂ ਕੋਈ ਵੀ ਕਰੋਨਾ ਸਬੰਧੀ ਕੋਈ ਵੀ ਸੋਸ਼ਲ ਡਿਸਟੈਂਸਿੰਗ ਅਤੇ ਸਾਫ ਸਫਾਈ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ। ਉਨ੍ਹਾਂ ਪੰਜਾਬ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਜਿਸ ਤਰੀਕੇ ਨਾਲ ਕਰੋਨਾ ਬਿਮਾਰੀ ਫੈਲ ਰਹੀ ਹੈ, ਜੇਕਰ ਇਹੀ ਰਫਤਾਰ ਰਹੀ ਤਾਂ ਮਾਨਸਾ ਜਿਲ੍ਹੇ ਵਿੱਚ ਪ੍ਰਸ਼ਾਸਨ ਦੇ ਪ੍ਰਬੰਧਾਂ ਦੀ ਘਾਟ ਪੈ ਜਾਵੇਗੀ। ਇਸ ਲਈ ਮਾਨਸਾ ਜਿਲ੍ਹਾ ਪ੍ਰਸ਼ਾਸਨ ਸਮਾਂ ਰਹਿੰਦੇ ਪੰਜਾਬ ਸਰਕਾਰ ਨੂੰ ਮਾਨਸਾ ਜਿਲ੍ਹੇ ਦੀ ਧਰਾਤਲ ਦੀ ਸਚਾਈ ਤੋਂ ਜਾਣੂੰ ਕਰਵਾ ਕੇ ਜਰੂਰੀ ਮੈਡੀਕਲ ਪ੍ਰਬੰਧ ਅਤੇ ਮੈਡੀਕਲ ਸਟਾਫ ਦਾ ਇੰਤਜਾਮ ਯਕੀਨੀ ਬਣਾਵੇ ਤਾਂ ਜਿਲ੍ਹੇ ਵਿੱਚ ਕੋਈ ਅਣਸੁਖ-ਾਵੀਂ ਸਥਿਤੀ ਬਨਣ ਤੋਂ ਰੋਕੀ ਜਾ ਸਕੇ। ਉਨ੍ਹਾਂ ਕਿਹਾ ਕਿ ਜਿਥੇ ਮਾਨਸਾ ਸ਼ਹਿਰ ਦੀਆਂ ਸਮਾਜਿਕ, ਧਾਰਮਿਕ ਅਤੇ ਵਪਾਰਕ ਜਥੇਬੰਦੀਆਂ ਜਿਲ੍ਹਾ ਪ੍ਰਸ਼ਾਸਨ ਨੂੰ ਆਪਣਾ ਪੂਰਾ ਯੋਗਦਾਨ ਦੇ ਰਹੀਆਂ ਹਨ, ਅਤੇ ਆਮ ਲੋਕ ਜ਼ੋ ਮੈਡੀਕਲ ਸਟਾਫ ਵਿਸ਼ਵ ਸੰਕਟ ਸਮੇਂ ਆਪਣੀ ਜਾਨ ਜ਼ੋਖਿਮ ਵਿੱਚ ਪਾਕੇ ਉਸਦਾ ਸਾਥ ਦੇ ਰਿਹਾ ਹੈ ਪਰ ਉਥੇ ਸਮਾਜਿਕ ਜਥੇਬੰਦੀਆਂ ਆਪਣਾ ਫਰਜ਼ ਸਮਝਦੇ ਹੋਏ ਸਮਾਂ ਰਹਿੰਦੇ ਮਾਨਸਾ ਜਿਲ੍ਹਾ ਪ੍ਰਸਾਸ਼ਨ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਆਉਣ ਵਾਲੇ ਕੁਝ ਦਿਨਾਂ ਵਿੱਚ ਧਰਾਤਲ ਤੋਂ ਆ ਰਹੀਆਂ ਰਿਪੋਰਟਾਂ ਦੇ ਹਿਸਾਬ ਨਾਲ ਵੱਡੇ ਪੱਧਰ ਉਪਰ ਕਰੋਨਾ ਬਿਮਾਰੀ ਦੇ ਸ਼ਿਕਾਰ ਲੋਕਾਂ ਨੂੰ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਐਮਰਜੈਂਸੀ ਇੰਤਜ਼ਾਮ ਕਰੇ।



# ਗੁਰੂ ਰਹਿਬਰਾਂ ਦਾ ਅਪਮਾਨ ਕਰਕੇ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਨਾ ਕੀਤਾ ਜਾਵੇ- ਸੰਤੋਸ਼ ਕੁਮਾਰੀ

**ਹੁਸ਼ਿਆਰਪੁਰ–** ਪ੍ਰਸਿੱਧ ਸਮਾਜ ਸੇਵਿਕਾ, ਆਰਕੀਟੈਕਟ ਭੈਣ ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ ਨੇ ਪਿਛਲੇ ਦਿਨੀਂ ਮੁਕੇਰੀਆਂ ਦੇ ਪਿੰਡ ਪੰਡੋਰੀ ਲਮੀਨ ਦੇ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂਆਂ, ਮਹਾਨ ਰਹਿਬਰਾਂ ਦੇ ਸਰੂਪਾਂ ਦੀ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗਲਤ ਢੰਗ ਨਾਲ ਬੇਅਦਬੀ ਕਰਨ ਦੀ ਸਖਤ ਨਿੰਦਿਆ ਕਰਦਿਆਂ ਕਿਹਾ ਕਿ ਪੰਜਾਬ ਨੇ ਬੀਤੇ ਸਮੇਂ ਵਿਚ ਬਹੁਤ ਬੁਰੇ ਦਿਨ ਦੇਖੇ ਹਨ ਅਤੇ ਸੰਤਾਪ ਹੰਢਾਇਆ ਹੈ। ਇਸ ਕਰਕੇ ਪੰਜਾਬ ਦੇ ਅਮਨ ਅਤੇ ਸ਼ਾਂਤਮਈ ਮਾਹੌਲ ਨੂੰ ਖਰਾਬ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗੁਰੂਆਂ, ਰਹਿਬਰਾਂ ਦੇ ਸਰੂਪਾਂ ਦੀ ਬੇਅਦਬੀ ਕਰਨ ਵਾਲੇ ਗੁਰੂ ਦੇ ਸੱਚੇ ਸਿੱਖ ਨਹੀਂ ਹੋ ਸਕਦੇ। ਉਹਨਾਂ ਕਿਹਾ ਕਿ ਕੋਈ ਵੀ ਧਰਮ ਕਿਸੇ ਨਾਲ ਵੀ ਈਰਖਾ, ਨਫਰਤ ਕਰਨਾ ਨਹੀਂ ਸਿਖਾਉਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਸਰਬ ਸਾਂਝੀਵਾਲਤਾ, ਸੇਵਾ, ਸਿਮਰਨ ਦਾ ਉਪਦੇਸ਼ ਦਿੰਦੀ ਹੈ। ਉਹਨਾਂ ਕਿਹਾ ਕਿ ਸੰਗਤਾਂ ਬਾਣੀ ਅਤੇ ਬਾਣੇ ਨਾਲ ਜੁੜ ਕੇ ਭਾਈਚਾਰਾ ਅਤੇ ਆਪਸੀ ਸਾਂਝ ਮਜ਼ਬੂਤ ਕਰਨ।



# ਭੰਗੜਾ ਕਲਾਕਾਰ ਤੇ ਪੰਜਾਬੀ ਗੀਤਕਾਰ ਗਿੱਲ ਸੁਰਜੀਤ ਦੇ ਦੇਹਾਂਤ ਤੇ ਲੁਧਿਆਣਾ 'ਚ ਸੋਗ ਦੀ ਲਹਿਰ

**ਲੁਧਿਆਣਾ–** ਭਾਰਤੀ ਲੋਕ ਨਾਚ ਭੰਗੜਾ ਨੂੰ ਦੇਸ਼ ਦੇਸ਼ਾਂਤਰ ਵਿੱਚ ਪੇਸ਼ ਕਰਨ ਵਾਲੇ ਕਲਾਕਾਰ ਤੇ ਜਗਤ ਪ੍ਰਸਿੱਧ ਗੀਤਕਾਰ ਗਿੱਲ ਸੁਰਜੀਤ ਦੀ ਪਟਿਆਲਾ ਵਿਖੇ ਅੱਜ ਸਵੇਰੇ ਹੋਈ ਮੌਤ ਕਾਰਨ ਲੁਧਿਆਣਾ ਦੇ ਸਾਹਿੱਤਕ, ਸਭਿਆਚਾਰਕ ਤੇ ਸੰਗੀਤਕ ਹਲਕਿਆਂ ਵਿੱਚ ਸੋਗ ਦੀ ਲਹਿਰ ਪਸਰ ਗਈ ਹੈ। ਗਿੱਲ ਸੁਰਜੀਤ ਜਿੰਦਗੀ ਦਾ ਵੱਡਾ ਹਿੱਸਾ ਸਿਵਿਲ ਡੀਫੈਂਸ ਅਧਿਕਾਰੀ ਵਜੋਂ ਲੁਧਿਆਣਾ ਵਿੱਚ ਰਹੇ। ਲਗ ਪਗ ਤੀਹ ਸਾਲ ਉਹ ਲੁਧਿਆਣਾ ਵਾਸ ਦੌਰਾਨ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਸ਼ੌਕੀਆ ਤੌਰ ਤੇ ਗਿੱਧਾ ਤੇ ਭੰਗੜਾ ਸਿਖਾਉਂਦੇ ਰਹੇ। ਉਹ 1982 ਚ ਨਵੀਂ ਦਿੱਲੀ ਵਿਖੇ ਹੋਈਆਂ ਨੌਵੀਆਂ ਏਸ਼ਿਆਈ ਖੇਡਾਂ ਮੌਕੇ ਪੇਸ਼ ਭੰਗੜਾ ਨਾਚ ਦੇ ਕੋਚ ਪੈਨਲ ਦੇ ਮੈਂਬਰ ਸਨ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਦੋ ਦਿਨ ਵਿੱਚ ਹੀ ਬੰਸਰੀ ਵਾਦਕ ਰਵਿੰਦਰ ਸਿੰਘ ਮੋਹਾਲੀ,ਗਿੱਲ ਸੁਰਜੀਤ, ਮੰਚ ਅਦਾਕਾਰ ਲਲਿਤ ਬਹਿਲ , ਡਾ: ਨਰਿੰਦਰ ਕੌਰ ਜੌਹਲ ਸੁਪਤਨੀ ਸ. ਜਨਮੇਜਾ ਸਿੰਘ ਜੌਹਲ ਤੇ ਸ: ਭੁਪਿੰਦਰ ਸਿੰਘ ਮੋਹੀ ਦੀ ਮੌਤ ਮੇਰੇ ਲਈ ਪਰਿਵਾਰਕ ਘਾਟੇ ਵਾਂਗ ਹੈ। ਗਿੱਲ ਸੁਰਜੀਤ 1971 ਤੋਂ ਲੈ ਕੇ ਆਖਰੀ ਸਵਾਸਾਂ ਤੀਕ ਉਹ ਸਾਡੇ ਲਈ ਪ੍ਰੇਰਨਾ ਸਰੋਤ ਰਹੇ। ਗਿੱਲ ਸੁਰਜੀਤ ਪੰਜਾਬੀ ਸਾਹਿੱਤ ਅਕਾਡਮੀ ਦੇ ਵੀ ਜੀਵਨ ਮੈਂਬਰ ਸਨ। ਆਪਣੇ ਜੱਦੀ ਪਿੰਡ ਚੜਿੱਕ (ਮੋਗਾ) ਤੋਂ ਪਟਿਆਲਾ ਵੱਸੇ ਗਿੱਲ ਪਰਿਵਾਰ ਦੇ ਉਹ ਕਲਾਵੰਤ ਪੁੱਤਰ ਸਨ। ਉਨ੍ਹਾਂ ਦੀ ਨਿੱਕੀ ਭੈਣ ਪ੍ਰਿੰਸੀਪਲ ਡਾ. ਪ੍ਰਭਸ਼ਰਨ ਕੌਰ ਵੀ ਗਿੱਧਾ ਤੇ ਫਿਲਮ ਅਦਾਕਾਰੀ ਵਿੱਚ ਪ੍ਰਮੁੱਖ ਹਸਤੀ ਹਨ।



ਗਿੱਲ ਸੁਰਜੀਤ ਦੇ ਗੀਤਾਂ ਦੇ ਤਿੰਨ ਸੰਗ੍ਰਹਿ ਮੇਲਾ ਮੁੰਡੇ ਕੁੜੀਆਂ ਦਾ, ਝਾਂਜਰ ਦਾ ਛਣਕਾਟਾ,ਵੰਗਾਂ ਦੀ ਛਣਕਾਰ ਤੇ ਚੇਤੇ ਕਰ ਬਚਪਨ ਨੂੰ ਨਾਮ ਅਧੀਨ ਪ੍ਰਕਾਸ਼ਤਿ ਹੋਏ। ਉੱਘੇ ਲੋਕ ਗਾਇਕ ਸੁਰਿੰਦਰ ਸ਼ਿੰਦਾ, ਹਰਦੀਪ ਮੋਹਾਲੀ, ਮਲਕੀਤ ਸਿੰਘ ਗੋਲਡਨ ਸਟਾਰ ਤੇ ਹੋਰ ਅਨੇਕਾਂ ਗਾਇਕਾਂ ਨੇ ਉਸ ਦੇ ਲਗਪਗ 300 ਗੀਤ ਰੀਕਾਰਡ ਕਰਵਾਏ। ਨਿਊਯਾਰਕ (ਅਮਰੀਕਾ) ਤੋਂ ਲੋਕ ਗਾਇਕ ਸੁਰਿੰਦਰ ਸ਼ਿੰਦਾ ਨੇ ਟੈਲੀਫੋਨ ਰਾਹੀਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਸਹੀ ਲੋਕ ਨਬਜ਼ ਪਛਾਨਣ ਵਾਲੇ ਗੀਤਕਾਰ ਦਾ ਵਿਛੋੜਾ ਬੇਹੱਦ ਦੁਖਦਾਈ ਹੈ। ਪੰਜਾਬੀ ਲੋਕ ਨਾਚ ਤੇ ਸੰਗੀਤ ਦਾ ਸੁਮੇਲ ਕਰਕੇ ਉਸ ਨੇ ਨਵਾਂ ਮੁਹਾਂਦਰਾ ਘੜਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ, ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਡਾ: ਸੁਰਜੀਤ ਪਾਤਰ,ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਭੱਠਲ, ਡਾ: ਆਤਮਜੀਤ ਸਿੰਘ,ਲੋਕ ਨਾਚ ਮਾਹਿਰ ਰਵਿੰਦਰ ਰੰਗੂਵਾਲ, ਟਹਿਲ ਸਿੰਘ ਖੀਵਾ, ਹਰਵਿੰਦਰ ਸਿੰਘ ਬਾਜਵਾ, ਪੰਜਾਬੀ ਸਭਿਆਚਾਰਕ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਪੰਜਾਬ ਯੂਨੀਵਰਸਿਟੀ ਦੇ ਡਾਇਰੈਕਟਰ ਡਾ: ਨਿਰਮਲ ਜੌੜਾ, ਸੈਨੇਟਰ ਹਰਪ੍ਰੀਤ ਸਿੰਘ ਦੂਆ,ਲੋਕ ਗਾਇਕ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਡਾ: ਵੀਰ ਸੁਖਵੰਤ,ਸੁਖਵਿੰਦਰ ਸੁੱਖੀ, ਪੰਜਾਬੀ ਲੇਖਕ ਡਾ: ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਸਹਿਜਪ੍ਰੀਤ ਸਿੰਘ ਮਾਂਗਟ, ਡਾ: ਅਨਿਲ ਸ਼ਰਮਾ, ਡਾ. ਜਗਵਿੰਦਰ ਜੋਧਾ, ਦਲਜੀਤ ਸਿੰਘ ਜੱਸਲ, ਮਲਕੀਤ ਸਿੰਘ ਔਲਖ, ਸਰਬਜੀਤ ਵਿਰਦੀ ਤੇ ਹਰਬੰਸ ਮਾਲਵਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



ਬਹੁਜਨ ਸਮਾਜ ਦੀ ਬੁਲੰਦ ਤੇ ਬੇਖੌਫ ਆਵਾਜ ਮਾਣਯੋਗ ਡੀ ਡੀ ਕਲਿਆਣੀ ਜੀ ਨਹੀਂ ਰਹੇ। ਬਹੁਤ ਹੀ ਦੁੱਖਦ ਖਬਰ...ਬਹੁਜਨ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ।
ਨਿੱਘੀ ਸ਼ਰਧਾਜਲੀ।

# ਗੀਤਕਾਰ ਦੇਵ ਘੋਲੀਏ ਨੂੰ ਦੂਸਰਾ ਸਦਮਾ



ਫਰਿਜ਼ਨੋ ਤੋਂ ਮਿਲੀ ਫੈਕਸ ਅਨੁਸਾਰ ਦੇਵ ਘੋਲੀਆ ਨੂੰ ਦੂਸਰਾ ਸਦਮਾ ਉਦੋਂ ਲੱਗਾ ਜਦੋਂ ਉਹਨਾਂ ਦੇ ਵੱਡੇ ਭਰਾ ਦਲੀਪ ਸਿੰਘ ਦੀਪਾ ਦਾ ਫਰਿਜ਼ਲੋ ਵਿਖੇ ਦਿਹਾਂਤ ਹੋ ਗਿਆ। ਜਦਕਿ ਦੋ ਮਹੀਨੇ ਪਹਿਲਾਂ ਉਸਦਾ ਵੱਡਾ ਭਰਾ ਗੁਰਚਰਨ ਚੰਨਾ ਫਰਵਰੀ ਮਹੀਨੇ ਸਦੀਵੀ ਵਿਛੋੜਾ ਦੇ ਗਏ ਸਨ। ਦਲੀਪ ਸਿੰਘ 64 ਵਰ੍ਹਿਆਂ ਦੇ ਸਨ। ਉਹ ਪਿਛਲੇ ਕਾਫੀ ਸਮੇਂ ਤੋਂ ਲੀਵਰ ਦੀ ਬਿਮਾਰੀ ਤੋਂ ਪੀੜਤ ਸਨ। ਉਹ ਮਿਲਟਰੀ ਵਿਚ ਸਰਵਿਸ ਕਰਨ ਤੋਂ ਬਾਅਦ 2005 ਵਿਚ ਫਰਿਜ਼ਨੋ ਸ਼ਹਿਰ ਵਿਚ ਆ ਵੱਸੇ ਸਨ, ਉਹਨਾਂ ਦਾ ਪਿੰਡ ਮੋਗੇ ਜ਼ਿਲ੍ਹੇ ਨਾਲ ਸਬੰਧਤ ਪਿੰਡ ਘੋਲੀਆ ਖੁਰਦ ਹੈ। ਉਹ ਸੋਲਾਂ ਸਾਲਾਂ ਤੋਂ ਪਰਿਵਾਰ ਸਮੇਤ ਫਰਿਜ਼ਨੋ ਵਿਖੇ ਰਹਿ ਰਹੇ ਸਨ। ਉਹ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਇਕ ਧੀ ਤੇ ਦੋ ਪੁੱਤਰ ਅਤੇ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਉਹਨਾ ਦਾ ਸਸਕਾਰ ਸ਼ਾਂਤ ਭਵਨ ਵਿਖੇ ਦਿਨ ਐਤਵਾਰ ਨੂੰ 2 ਮਈ ਨੂੰ 11 ਤੋਂ 2 ਵਜੇ ਤੱਕ ਹੋਵੇਗਾ। ਸਸਕਾਰ ਉਪਰੰਤ ਨਾਨਕ ਪ੍ਰਕਾਸ਼ ਕਲੋਵਿਸ ਵਿਖੇ ਅੰਤਿਮ ਅਰਦਾਸ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਪੁੱਤਰ ਹਰਮਨ ਗਿੱਲ 551-283-1721, ਪੁੱਤਰ ਗੁਰਪ੍ਰੀਤ ਗਿੱਲ 550-892-6317 ਜਾਂ ਭਰਾ 559-232-7764, ਕੁੜਮ ਮਲਕੀਤ ਕਿੰਗਰਾ 559-470-3498 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਆਸੀ ਗਲਿਆਰਿਆਂ 'ਚ ਕੈਪਟਨ ਤੇ ਸਿੱਧੂ ਦੇ ਪੇਚੇ ਦੀ ਚਰਚਾ

**ਪਟਿਆਲਾ–** ਸੂਬੇ ਦੀਆਂ ਸਿਆਸੀ ਸਫਾਂ 'ਚ ਪਟਿਆਲੇ ਦੇ ਆਗੂਆਂ ਦਾ ਭਾਵੇਂ ਖਾਸ ਰੁਤਬਾ ਰਿਹਾ ਹੈ ਪਰ ਇਹਨਾਂ ਦੇ ਪੇਚੇ ਵੀ ਅਕਸਰ ਹੀ ਫਸਦੇ ਰਹੇ ਹਨ। ਅਜੋਕੇ ਦਿਨਾਂ 'ਚ ਦੋ ਪਟਿਆਲੇ ਦੇ ਆਗੂਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਛੱਤੀ ਦਾ ਅੰਕੜਾ ਸਿਖਰ 'ਤੇ ਅੱਪੜ ਗਿਆ ਹੈ। ਚਰਚਾ ਇਹ ਵੀ ਜ਼ੋਰਾਂ 'ਤੇ ਹੈ ਕਿ ਦੋਵੇਂ ਆਗੂ ਸ਼ਾਇਦ ਹੀ ਹੁਣ ਇੱਕ ਪਾਰਟੀ ਦਾ ਹਿੱਸਾ ਬਣੇ ਰਹਿ ਸਕਣ। ਜਿਕਰ ਯੋਗ ਹੈ ਕਿ ਪਟਿਆਲਵੀ ਆਗੂਆਂ 'ਚ ਕਦੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸਿਆਸਤ ਵੀ ਗਰਮਾਈ ਰਹੀ ਸੀ। ਅਕਾਲੀ ਸਫਾਂ 'ਚ ਜਥੇਦਾਰ ਟੌਹੜਾ ਇੱਕ ਥੰਮ ਸਨ ਪਰ ਇੱਕ ਵਾਰ ਉਹਨਾਂ ਦਾ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਅਜਿਹਾ ਸਿਆਸੀ ਪੇਚ ਫਸਿਆ ਕਿ ਮਾਮਲਾ ਪੌੜੀ ਦੇ ਸਿਖਰਲੇ ਡੰਡੇ 'ਤੇ ਜਾ ਖੜੋਤਾ। ਅਖੀਰ ਜਥੇਦਾਰ ਟੌਹੜਾ ਨੂੰ ਕੁਝ ਚਿਰ ਸ਼ਰੋਮਣੀ ਅਕਾਲੀ ਦਲ 'ਚੋਂ ਲਾਂਭੇ ਰਹਿਣ ਲਈ ਮਜਬੂਰ ਹੋਣਾ ਪਿਆ। ਇਸੇ ਤਰਾਂ ਕੈਪਟਨ ਅਮਰਿੰਦਰ ਸਿੰਘ ਦੇ ਵੀ ਇੱਕ ਵਾਰ ਜਥੇਦਾਰ ਟੌਹੜਾ ਨਾਲ ਸਿਆਸੀ ਪੇਚ ਫਸ ਗਏ ਸਨ। ਲਿਹਾਜ਼ਾ ਕੈਪਟਨ ਨੂੰ ਉਸ ਵੇਲੇ ਦੀ ਨੁਮਾਇੰਦਾ ਅਕਾਲੀ ਧਿਰ 'ਚੋਂ ਬਾਹਰ ਜਾਣ ਲਈ ਮਜਬੂਰ ਹੋਣ ਪਿਆ ਸੀ। ਅਜੋਕੇ ਦੌਰ 'ਚ ਕੈਪਟਨ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਕਰੀਬ ਆਹਮੋ-ਸਾਹਮਣੀ ਸਿਆਸੀ ਜੰਗ ਸਿਖਰ 'ਤੇ ਹੈ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਵਰਣ, ਧਰਮ, ਜਾਤਿ ਅਤੇ ਸਿਆਸਤ



Ronki Ram
Shaheed Bhagat Singh Chair Professor
of Political Science
Panjab University, Chandigarh
*ronkiram@yahoo.co.in*
Visiting Professor, Centre for Sikh
and Panjabi Studies,
University of Wolverhampton, UK

**ਤੱਤਸਾਰ:** ਇਸ ਲੇਖ ਵਿਚ ਇਨਸਾਨ ਨੂੰ ਇਨਸਾਨ ਨਾ ਮੰਨਣ ਵਾਲੇ ਜਾਤਪਾਤ ਦੇ ਸਮਾਜੀ ਪ੍ਰਬੰਧ ਦੇ ਹਜ਼ਾਰਾਂ ਸਾਲਾਂ ਦੇ ਤੀਹ ਤੋਂ ਵਧ ਸਦੀਆਂ ਦੇ ਇਤਿਹਾਸ ਦੀ ਚਰਚਾ ਕੀਤੀ ਗਈ ਹੈ ਕਿ ਧਰਮ ਨੇ ਸਿਆਸਤ ਨੂੰ ਤੇ ਸਿਆਸਤ ਨੇ ਧਰਮ ਨੂੰ ਕਿਵੇਂ ਵਰਤਿਆ। ਪਹਿਲਾਂ ਵਰਣ ਬਣੇ; ਫੇਰ ਜਾਤਾਂ ਬਣਦਿਆਂ ਤੇਰਾਂ ਸੌ ਸਾਲ ਲਗ ਗਏ। ਮਨੂਵਾਦ ਦਾ ਸਿੱਧਾ ਜਿਹਾ ਮਤਲਬ ਹੈ ਕਿ ਜੋ ਵੀ ਹੱਥੀਂ ਕਿਰਤ ਕਰਦਾ ਹੈ, ਉਹ ਸ਼ੂਦਰ ਹੈ। ਜਾਤਪਾਤ ਦੀ ਸਮਾਜੀ ਲਾਹਨਤ ਅੱਜ ਵੀ ਮੌਜੂਦ ਹੈ। ਇਹਨੂੰ ਸਹੀ ਸਾਬਿਤ ਕਰਨ ਲਈ ਸਦੀਆਂ ਪਹਿਲਾਂ ਸੰਸਕ੍ਰਿਤ ਵਿਚ ਅਨੇਕ ਗ੍ਰੰਥ ਰਚੇ ਗਏ, ਜਿਨਾਂ ਵਿੱਚੋਂ ਕੁਝ ਗ੍ਰੰਥਾਂ ਦੀ ਅੱਜ ਵੀ ਪੂਜਾ ਹੁੰਦੀ ਹੈ।

ਭਾਰਤੀ ਸਮਾਜ ਦੀ ਬਣਤਰ ਵਿਚ ਧਰਮ ਦਾ ਅਹਿਮ ਥਾਂ ਹੈ। ਧਰਮ ਦੇ ਨਾਲ਼ ਹੀ ਜਾਤਿ[1] ਤੇ ਸਿਆਸਤ ਦੀਆਂ ਗੁੰਝਲ਼ਾਂ ਇਹਦੀ ਰੂਪ-ਰੇਖਾ ਨੂੰ ਸਮਝਣ ਵਿਚ ਔਖੇ ਸਵਾਲ ਖੜ੍ਹੇ ਕਰਦੀਆਂ ਹਨ। ਅਸਲ ਵਿਚ ਜਾਤਿ ਅਤੇ ਧਰਮ ਆਪਸ ਵਿਚ ਇਸ ਤਰ੍ਹਾਂ ਰ਼ਲਗਡ ਹੋਏ ਪਏ ਹਨ ਕਿ ਇਹ ਇਕ ਦੂਸਰੇ ਦੇ ਪੂਰਕ ਬਣ ਚੁੱਕੇ ਹਨ। ਧਰਮ ਦਾ ਨਾਤਾ ਮਨੁੱਖ ਦੇ ਜੀਵਨ ਦੀ ਕਾਰਜਸ਼ੈਲੀ ਨਾ਼ਲ ਨਾ ਜੋੜ ਕੇ ਉਹਦੇ ਜੀਵਨ ਦੇ ਸਾਮਾਜਿਕ ਪੱਧਰਾਂ ਤੇ ਉਹਦੀ ਦੁਨਿਆਵੀ ਹੈਸੀਅਤ ਨਾ਼ਲ ਮਿ਼ਲਾ ਕੇ ਪੇਸ਼ ਕੀਤਾ ਜਾਂਦਾ ਹੈ। ਧਰਮ ਤੇ ਜਾਤਿ ਰ਼ਲ ਕੇ ਸਿਆਸਤ ਨੂੰ ਜਿਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ, ਉਹਨੂੰ ਸਮਝ ਕੇ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਧਰਮ ਤੇ ਜਾਤਿ ਸਿਆਸਤ ਦਾ ਧਰਮੀਕਰਨ/ਜਾਤਿਕਰਨ ਕਰਦੇ ਹਨ ਜਾਂ ਫਿਰ ਸਿਆਸਤ ਧਰਮ ਤੇ ਜਾਤਿ ਦਾ ਸਿਆਸੀਕਰਨ ਕਰਦੀ ਹੈ। ਧਰਮ ਤੇ ਜਾਤਿ ਦੇ ਉਪਾਸ਼ਕ ਅਪਣੇ ਅੰਦਰੂਨੀ ਤੇ ਆਪਸੀ ਖੋਟਾਂ ਨੂੰ ਅਕਸਰ ਸਿਆਸਤ ਦੇ ਨਾਂ 'ਤੇ ਮੜ੍ਹਦੇ ਹਨ ਅਤੇ ਜਾਤਿ ਸਿਰਫ਼ ਮਨੁੱਖੀ ਪਛਾਣ ਦੀ ਧਰਮ ਦੇ ਨਾ਼ਲ ਜੁੜ ਕੇ ਨਿਵੇਕਲੀ ਨਿਸ਼ਾਨੀ ਹੀ ਨਹੀਂ ਬਣਾਉਂਦੀ, ਬਲਕਿ ਇਹ ਉਹਦੇ ਸਦੀਵੀ ਸਾਮਾਜਿਕ ਪੱਧਰ 'ਤੇ ਨਿਰਧਾਰਿਤ ਦਰਜਾ-ਬ-ਦਰਜਾ ਸਾਮਾਜਿਕ ਰੁਤਬੇ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਦਰਜੇਵਾਰ ਰੁਤਬੇ ਨੂੰ ਬਣਾਏ ਰੱਖਣ ਜਾਂ ਫਿਰ ਨੀਵੇਂ ਪੱਧਰ 'ਤੇ ਧੱਕੇ ਹੋਏ ਮਨੁੱਖਾਂ ਦੇ ਅਨਿਆਂ-ਸੰਗਤ ਰੁਤਬੇ ਦੇ ਵਿਰੋਧ ਵਿਚ ਚੱਲੇ ਸੰਘਰਸ਼ ਐਸੇ ਪਿੜ ਦੀ ਉਸਾਰੀ ਕਰਦੇ ਹਨ, ਜਿਹਦਾ ਮੁੱਖ ਬਿੰਦੂ ਸਿਆਸਤ ਬਣ ਜਾਂਦੀ ਹੈ। ਐਸੀ ਹਾਲਤ ਵਿਚ ਕੀ ਧਰਮ ਸਿਆਸਤ ਨੂੰ ਜਨਮ ਦਿੰਦਾ ਹੈ, ਜਾਂ ਫਿਰ ਜਾਤਿ ਧਰਮ ਨੂੰ ਅਪਣੇ ਹਿੱਤ ਲਈ ਵਰਤਦੀ ਹੈ – ਆਦਿ ਸਵਾਲ ਵੀ ਸਿਆਸਤ ਦੇ ਖ਼ੇਮੇ ਵਿਚ ਜਾ ਡਿੱਗਦੇ ਹਨ। ਕੀ ਧਰਮ ਸਿਆਸਤ ਨੂੰ ਜਾਂ ਫਿਰ ਸਿਆਸਤ ਧਰਮ ਨੂੰ ਪ੍ਰਭਾਵਿਤ ਕਰਦੀ ਹੈ, ਇਸ ਬਾਰੇ ਕੋਈ ਆਖ਼ਿਰੀ ਨਿਰਣਾ ਕਰਨਾ ਬੜਾ ਮੁਸ਼ਕਿਲ ਹੈ।

ਧਰਮ, ਜਾਤਿ ਤੇ ਸਿਆਸਤ ਦੀਆਂ ਪੀਡੀਆਂ ਗੁੰਝ਼ਲਾਂ ਨੂੰ ਸਮਝਣ ਤੋਂ ਪਹਿਲਾਂ ਧਰਮ ਤੇ ਜਾਤਿ ਦੀ ਨਿਵੇਕਲੇ ਤੌਰ 'ਤੇ ਸਮਝ ਬਣਾਉਣੀ ਜ਼ਰੂਰੀ ਹੈ। ਹੇਠਲੀਆਂ ਸਤਰਾਂ ਵਿਚ ਅਸੀਂ ਧਰਮ ਨੂੰ ਉਸੇ ਦੇ ਹੀ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਦਾ ਜਾਤਿ ਨਾ਼ਲ ਤੇ ਸਿਆਸਤ ਨਾ਼ਲ ਨਾਤਾ ਉਸ ਤੋਂ ਬਾਅਦ ਵਿਚ ਪਰਖਿਆ ਜਾਵੇਗਾ। ਪਰ ਇਥੇ ਇਕ ਹੋਰ ਨੁਕਤਾ ਜਿਹੜਾ ਵਿਚਾਰਨਯੋਗ ਹੈ, ਉਹਦਾ ਸੰਬੰਧ 'ਵਰਣ' ਨਾ਼ਲ ਹੈ। ਧਰਮ ਤੋਂ ਪਹਿਲਾਂ 'ਵਰਣ' ਹੈ। ਐਸਾ ਅਕਸਰ ਧਰਮ ਸ਼ਾਸਤਰਾਂ ਵਿਚ ਦਰਸਾਇਆ ਮਿ਼ਲਦਾ ਹੈ। ਧਰਮ ਸ਼ਾਸਤਰ ਧਰਮ ਦਾ ਸਰੋਤ ਮੂਲ ਰੂਪ ਵਿਚ ਵੇਦ ਵਿਚ ਸਥਾਪਿਤ ਕਰਦੇ ਹਨ। ਵੇਦ ਦੀ ਹੋਂਦ ਦਾ ਸਮਾਂ 3500 ਬੀ.ਸੀ. ਤੋਂ 1500 ਬੀ.ਸੀ. ਦੇ ਦਰਮਿਆਨ ਮੰਨਿਆ ਜਾਂਦਾ ਹੈ, ਅਤੇ ਇਹ ਸਮਾਂ ਆਰੀਆਂ ਦੀ ਭਾਰਤ ਵਿਚ ਆਮਦ ਨਾ਼ਲ ਜੋੜ ਕੇ ਵੀ ਦੇਖਿਆ ਜਾਂਦਾ ਹੈ। ਇਹਦਾ ਮਤਲਬ ਇਹ ਵੀ ਹੈ ਕਿ ਵੇਦ ਤੇ ਵਰਣ ਆਰੀਆਂ ਦੀ ਦੇਣ ਹਨ। ਭਾਵੇਂ ਵੇਦ ਵਿਚ ਦੱਸੇ ਵਰਣ ਤੇ ਜਾਤਿ ਦੇ ਹੋਂਦ ਦੇ ਸਮੇਂ ਦਾ ਤਕਰੀਬਨ 1300 ਸਾਲ ਦਾ ਫ਼ਰਕ ਮੰਨਿਆ ਜਾਂਦਾ ਹੈ, ਪਰ ਜਾਤਿ ਦਾ ਸਰੋਤ ਵਰਣ ਨਾ਼ਲ ਹੀ ਜਾ ਬੱਝਦਾ ਹੈ। ਵਰਣ ਵਿਵਸਥਾ ਦੀ ਹੋਂਦ ਤੋਂ ਲੈ ਕੇ ਉਹਦੀ ਜਾਤਿ ਵਿਚ ਤਬਦੀਲੀ ਦੇ ਲੰਮੇ ਸਫ਼ਰ ਦੇ ਦੌਰਾਨ ਹੀ ਸਿਆਸਤ ਦੇ ਉਪਜਣ ਦੀ ਜਟਿਲ ਗਾਥਾ ਲੁਕੀ ਹੋਈ ਹੈ। ਇਸ ਲਈ ਸਿਆਸਤ ਨੂੰ ਸਮਝਣ ਲਈ ਧਰਮ ਤੇ ਵਰਣ ਦੀ ਸਮਝ ਅਤਿ ਜ਼ਰੂਰੀ ਹੈ। ਇਹੋ ਸਮਝ ਹੀ ਸਾਨੂੰ ਜਾਤਿ ਦੀ ਜਟਿਲ ਬਣਤਰ ਤੇ ਉਹਦੇ ਸਿਆਸਤ ਨਾ਼ਲ ਗੂੜ੍ਹੇ ਸੰਬੰਧਾਂ ਦੀ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਵਿਚ ਸਹਾਈ ਹੋਵੇਗੀ।

### ਵਰਣ ਤੇ ਧਰਮ

ਵਰਣ ਤੇ ਧਰਮ ਨੂੰ ਸਮਝਣ ਲਈ ਅਸੀਂ ਧਰਮ ਸ਼ਾਸਤਰਾਂ ਦੀ ਮਦਦ ਲਵਾਂਗੇ। ਧਰਮ ਸ਼ਾਸਤਰ ਦੋ ਅਲੱਗ-ਅਲੱਗ ਸਰੋਤਾਂ ਨੂੰ ਜੋੜ ਕੇ ਬਣਦਾ ਹੈ। ਇਹ ਦੋ ਸਰੋਤ ਹਨ: ਧਰਮ ਸੂਤਰ ਤੇ ਸਿਮ੍ਰਤੀ। ਸੂਤਰ ਤੋਂ ਭਾਵ ਹੈ, ਕਿਸੇ ਵਸਤੂ ਜਾਂ ਵਿਚਾਰ ਬਾਰੇ ਗਿਆਨ ਠੋਸ ਰੂਪ ਵਿਚ ਥੋੜ੍ਹੇ ਸ਼ਬਦਾਂ ਵਿਚ ਪੇਸ਼ ਕਰਨਾ। ਇਸ ਵਿਧੀ ਨੂੰ ਸੂਤਰ ਦੇ ਨਾਮ ਨਾ਼ਲ ਜਾਣਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਵੇਦਾਂ ਦਾ ਲਿਖਤੀ ਰੂਪ ਸਮਾਜ ਵਿਚ ਉਨ੍ਹਾਂ ਦੀ ਅਸਲ ਹੋਂਦ ਤੋਂ ਬਹੁਤ ਸਮੇਂ ਬਾਅਦ ਸਾਹਮਣੇ ਆਉਂਦਾ ਹੈ। ਵੇਦ ਦੇ ਲਿਖਤੀ ਰੂਪ ਵਿਚ ਆਉਣ ਤੋਂ ਪਹਿਲਾਂ ਉਹਦੀ ਸੰਭਾ਼ਲ ਮਨੁੱਖ ਨੇ ਅਪਣੀ ਯਾਦ ਸ਼ਕਤੀ ਦੇ ਨਾ਼ਲ ਬਣਾਈ ਰੱਖੀ। ਇਜੇਹੀ ਸਥਿਤੀ ਵਿਚ ਵੇਦ ਨੂੰ ਪੂਰਨ ਤੌਰ 'ਤੇ ਵਿਆਖਿਆ ਸਹਿਤ ਯਾਦ ਕਰਨਾ ਬਹੁਤ ਔਖਾ ਕੰਮ ਸੀ। ਜਿਸ ਕਾਰਣ ਉਹਨੂੰ ਸੂਤਰਾਂ ਦੇ ਰੂਪ ਵਿਚ ਕੰਠ ਕੀਤਾ ਜਾਂਦਾ ਸੀ। ਵੇਦੀ, ਦ੍ਵਿਵੇਦੀ, ਤ੍ਰਿਵੇਦੀ, ਚਤੁਰਵੇਦੀ ਨਾਂ ਇਸੇ ਕਰਕੇ ਪਏ। ਇਸ ਲਈ ਵੇਦ ਦੀ ਵਿਆਕਰਣ ਸੂਤਰ ਦੇ ਰੂਪ ਵਿਚ ਪੇਸ਼ ਕੀਤੀ ਜਾਂਦੀ ਹੈ। ਇਸ ਵਿਧੀ ਤੋਂ ਹੀ ਸੂਤਰ ਸਾਹਿਤ ਦੀ ਉਪਜ ਹੁੰਦੀ ਹੈ।

ਭਾਵੇਂ ਜੀਵਨ ਦੇ ਨਿਯਮਾਂ ਦਾ ਬਾਤਰਤੀਬ ਉਲੇਖ ਵੇਦਾਂ ਵਿਚ ਨਹੀਂ ਮਿ਼ਲਦਾ, ਪਰ ਉਨ੍ਹਾਂ ਦੇ ਸਰੋਤ ਦਾ ਮੁੱਖ ਸੋਮਾ ਵੇਦ ਵਿਚ ਹੀ ਜਾ ਮਿ਼ਲਦਾ ਹੈ। ਧਰਮ ਸ਼ਾਸਤਰਾਂ ਵਿਚ ਵਿਖਿਆਤ ਵਿਆਹ ਨਾ਼ਲ ਸੰਬੰਧਤ ਧਾਰਣਾਵਾਂ, ਪੁੱਤਰਾਂ ਦੀਆਂ ਵੱਖ-ਵੱਖ ਪ੍ਰਕਾਰਾਂ ਅਤੇ ਵਿਰਾਸਤ ਸੰਬੰਧੀ ਨਿਯਮਾਂ ਬਾਰੇ ਗਿਆਨ ਵੇਦ ਸਾਹਿਤ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ। ਧਰਮ ਸੂਤਰਾਂ ਦੇ ਮੁੱਖ ਲੇਖਾਕਾਰ ਗੌਤਮ, ਅਪਸਤੰਬ, ਵਿਸ਼ਿਸ਼ਟ, ਸਿਮ੍ਰਤੀਕਾਰ ਮਨੂ ਤੇ ਯਗਨਾਵਲਕ ਅਤੇ ਹੋਰ ਬਹੁਤ ਸਾਰੇ ਸਿਮ੍ਰਤੀਕਾਰ ਇਸ ਗੱਲ 'ਤੇ ਸਹਿਮਤ ਹਨ ਕਿ ਵੇਦ ਹੀ ਧਰਮ ਦਾ ਅਸਲੀ ਸਰੋਤ ਹਨ। (ਯਗਨਾਵਲਕ ਉਨ੍ਹਾਂ ਵੈਦਿਕ ਵਿਦਵਾਨਾਂ ਵਿਚ ਪਰਮੰਨਿਆ ਨਾਂ ਹੈ, ਜਿਨ੍ਹਾਂ ਨੂੰ ਸਫ਼ੈਦ ਯਜੁਰਵੇਦ ਦਾ ਗਿਆਤਾ ਵੀ ਮੰਨਿਆ ਜਾਂਦਾ ਹੈ।) ਧਰਮ ਸੂਤਰ ਤੇ ਸਿਮ੍ਰਤੀਆਂ ਦਾ ਵਿਖਿਆਨ ਸੂਤਰ ਦੇ ਰੂਪ ਵਿਚ ਮਿ਼ਲਦਾ ਹੈ। ਧਰਮ ਸੂਤਰ ਵਾਰਤਕ ਵਿਚ ਅੰਕਿਤ ਮਿ਼ਲਦੇ ਹਨ ਅਤੇ ਸਿਮ੍ਰਤੀਆਂ ਵਾਰਤਕ ਤੇ ਕਵਿਤਾ ਦੋਨਾਂ ਵਿਚ ਹੀ ਹਨ। ਧਰਮ ਸੂਤਰ ਤੇ ਸਿਮ੍ਰਤੀਆਂ ਪ੍ਰਾਚੀਨ ਭਾਸ਼ਾ ਵਿਚ ਲਿਖੇ ਮਿ਼ਲਦੇ ਹਨ। ਧਰਮ ਸੂਤਰਾਂ ਦੀ ਭਾਸ਼ਾ ਸਿਮ੍ਰਤੀਆਂ ਨਾ਼ਲੋਂ ਜ਼ਿਆਦਾ ਪੁਰਾਤਨ ਹੈ। ਧਰਮ ਸੂਤਰ ਵਿਚ ਸਿਮ੍ਰਤੀਆਂ ਦੇ ਮੁਕਾਬਲਤਨ ਵਿਸ਼ੇ-ਵਸਤੂ ਨੂੰ ਬਾਤਰਤੀਬ ਤੇ ਨਿਰੀਖਣ ਵਿਧੀ ਦੇ ਦ੍ਰਿਸ਼ਟੀਕੋਣ ਤੋਂ ਘੱਟ ਤਵੱਜੋ ਦਿੱਤੀ ਗਈ ਹੈ। ਇਥੇ ਇਹ ਲਿਖਣਾ ਕੁਥਾਂ ਨਹੀਂ ਕਿ ਧਰਮ ਸੂਤਰਾਂ ਦੇ ਲੇਖਕ ਖ਼ਾਸ ਤੌਰ 'ਤੇ ਮੁੱਢਲੇ ਲੇਖਕ ਅਪਣੇ-ਆਪ ਨੂੰ ਪਰਮ ਮਨੁੱਖ ਜਾਂ ਮਹਾਨ ਸੰਤ ਕਰਕੇ ਪੇਸ਼ ਨਹੀਂ ਕਰਦੇ, ਜਦਕਿ ਸਿਮ੍ਰਤੀਕਾਰ ਖ਼ਾਸ ਕਰਕੇ ਮਨੂ ਤੇ ਯਗਨਾਵਲਕ ਸਿਮ੍ਰਤੀਆਂ ਵਿਚਲੇ ਗਿਆਨ ਨੂੰ ਈਸ਼ਵਰੀ ਸ਼ਕਤੀ ਦਾ ਵਰਦਾਨ ਮੰਨਦੇ ਹਨ। ਇਹੀ ਈਸ਼ਵਰੀ ਸ਼ਕਤੀ ਸਿਆਸਤ ਦੇ ਮੋਖੌਟੇ ਦਾ ਹੀ ਦੂਸਰਾ ਨਾਂ ਸੀ। ਇਸ ਕਾਰਣ ਸਮਾਜ ਦੀ ਕਾਣੀ ਵੰਡ ਨੂੰ ਵਾਜਿਬ ਠਹਿਰਾਇਆ ਗਿਆ। ਸਿਮ੍ਰਤੀਆਂ ਦੀ ਹੋਂਦ ਧਰਮ ਸੂਤਰਾਂ ਤੋਂ ਬਾਅਦ ਦੀ ਹੈ। ਭਾਵੇਂ ਸਿਮ੍ਰਤੀਆਂ ਪ੍ਰਾਚੀਨ ਸਮੇਂ ਨਾ਼ਲ ਸੰਬੰਧਤ ਹਨ, ਪਰ ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡ ਕੇ ਇਨ੍ਹਾਂ ਦੀ ਸਮਝ ਬਾਰੇ ਵਿਖਿਆਨ ਮਿ਼ਲਦਾ ਹੈ। ਇਹ ਦੋ ਭਾਗ ਇਨ੍ਹਾਂ ਦੇ ਵੱਡੇ ਤੇ ਸੀਮਿਤ ਪਹਿਲੂਆਂ ਤੋਂ ਲਏ ਜਾਂਦੇ ਹਨ। ਜਿਥੋਂ ਤਕ ਵੱਡੇ ਦਾਇਰੇ ਦਾ ਸੰਬੰਧ ਹੈ, ਇਸ ਵਿਚ ਸਿਮ੍ਰਤੀਆਂ ਉਨ੍ਹਾਂ ਸਭ ਪ੍ਰਾਚੀਨ ਲਿਖਤਾਂ ਨੂੰ ਅਪਣੇ ਕਲਾਵੇ ਵਿਚ ਲੈ ਲੈਂਦੀਆਂ ਹਨ; ਜੋ ਵੇਦਾਂ ਤੋਂ ਅਲੱਗ ਹੋਂਦ ਰੱਖਦੀਆਂ ਹਨ, ਜਿਵੇਂ ਕਿ ਕਲਪ ਤੇ ਯਗਨਾਵਲਕ ਦੀਆਂ ਕਿਰਤਾਂ। ਸੀਮਿਤ ਪੱਖ ਤੋਂ ਸਿਮ੍ਰਤੀਆਂ ਨੂੰ, ਜਿਵੇਂ ਮਨੂ ਮੰਨਦਾ ਹੈ, ਧਰਮ ਸੂਤਰਾਂ ਦਾ ਪੂਰਕ ਮੰਨਿਆ ਜਾਂਦਾ ਹੈ। ਗੌਤਮ ਤੇ ਵਿਸ਼ਿਸ਼ਟ ਵੀ ਸਿਮ੍ਰਤੀਆਂ ਨੂੰ ਧਰਮ ਦੇ ਵਿਸ਼ਲੇਸ਼ਣ ਲਈ ਪ੍ਰਮੁੱਖ ਮੰਨਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਇਹ ਸਾਫ਼ ਦਿਸਦਾ ਹੈ ਕਿ ਧਰਮ ਸੂਤਰਾਂ ਤੇ ਸਿਮ੍ਰਤੀਆਂ ਦੇ ਵਿਚਕਾਰਲਾ ਫ਼ਰਕ ਖ਼ਤਮ ਹੋ ਜਾਂਦਾ ਹੈ। ਇਸ ਦੀ ਗਵਾਹੀ ਰਿਸ਼ੀ ਗੌਤਮ – ਜੋ ਕਿ ਧਰਮ ਸੂਤਰਾਂ ਦੇ ਮੁੱਢਲੇ ਲੇਖਕਾਂ ਵਿੱਚੋਂ ਹਨ – ਅਪਣੇ-ਆਪ ਤੇ ਮਨੂ ਨੂੰ ਸਿਮ੍ਰਤੀਕਾਰ ਆਖਦੇ ਹਨ। ਵਿਸ਼ਿਸ਼ਟ ਵੀ ਅਪਣੇ-ਆਪ ਨੂੰ ਗੌਤਮ, ਪਰਜਾਪਤੀ, ਯਮ, ਹਰਿਤ ਤੇ ਮਨੂ ਦੇ ਨਾ਼ਲ ਸਿਮ੍ਰਤੀਕਾਰ ਮੰਨਦਾ ਹੈ। ਧਰਮ ਸੂਤਰਾਂ ਤੇ ਸਿਮ੍ਰਤੀਆਂ ਤੋਂ ਇਲਾਵਾ ਪੁਰਾਣਾਂ ਵਿਚ ਵੀ ਧਰਮ ਬਾਰੇ ਖ਼ੂਬ ਚਰਚਾ ਕੀਤੀ ਗਈ ਹੈ। ਪੁਰਾਣ ਵੀ ਕਾਫ਼ੀ ਪ੍ਰਾਚੀਨ ਸਮੇਂ ਦੌਰਾਨ ਹੋਂਦ ਵਿਚ ਆਏ ਸਨ, ਜਿਨ੍ਹਾਂ ਦਾ ਹਵਾਲਾ ਚੰਦੋਗ ਉਪਨਿਸ਼ਦ ਤੇ ਗੌਤਮ ਧਰਮ ਸੂਤਰ ਵਿਚ ਮਿ਼ਲਦਾ ਹੈ। ਬਹੁਤ ਸਾਰੇ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਬੁੱਧ ਮੱਤ ਤੇ ਜੈਨ ਮੱਤ ਦੀ ਸਮਾਜ ਉੱਤੇ ਪਕੜ ਢਿੱਲੀ ਪੈਣ ਤੋਂ ਬਾਅਦ ਤੇ ਬ੍ਰਾਹਮਣਵਾਦ ਦੀ ਪੁਨਰਸਿਰਜਣਾ ਤੋਂ ਬਾਅਦ ਪੁਰਾਣ ਸਾਹਿਤ ਲੋਕਾਂ ਵਿਚ ਕਾਫ਼ੀ ਚਰਚਿਤ ਹੋਇਆ। ਪੁਰਾਣਾਂ ਦੀ ਗਿਣਤੀ ਅਠਾਰਾਂ ਦੱਸੀ ਜਾਂਦੀ ਹੈ, ਜਿਨ੍ਹਾਂ ਵਿਚ ਮਤਸ ਪੁਰਾਣ ਵਿਚ ਧਰਮ ਬਾਰੇ ਕਾਫ਼ੀ ਚਰਚਾ ਮਿ਼ਲਦੀ ਹੈ; ਖ਼ਾਸ ਕਰਕੇ ਸ਼ਰਾਧ, ਵਰਤ ਅਤੇ ਰਾਜ ਧਰਮ ਸੰਬੰਧੀ ਰੀਤੀ ਰਿਵਾਜਾਂ ਦੇ ਹਵਾਲੇ ਨਾ਼ਲ। ਵਿਸ਼ਣੂੰ ਪੁਰਾਣ ਵਿਚ ਅਲੱਗ-ਅਲੱਗ ਵਰਣਾਸ਼ਰਮ, ਨਿਤਯ ਕਰਮ (ਨਿਤ ਦੇ ਜੀਵਨ ਦੇ ਕਰਤੱਵ) ਤੇ ਨੈਮਿਤਿਕ ਕਰਮਕਾਂਡ (ਖ਼ਾਸ ਮੌਕਿਆਂ ਵੇਲੇ ਲਾਜ਼ਿਮੀ ਜੀਵਨ ਨਾ਼ਲ ਸੰਬੰਧਤ ਕਰਤੱਵ) ਆਦਿ ਬਾਰੇ ਕਾਫ਼ੀ ਚਰਚਾ ਮਿ਼ਲਦੀ ਹੈ। ਜਿਥੋਂ ਤਕ ਧਰਮ ਦੀ ਬਹੁਤ ਚਰਚਿਤ ਵਿਆਖਿਆ ਦਾ ਸਵਾਲ ਹੈ, ਉਸ ਬਾਰੇ ਮਨੂ ਸਿਮ੍ਰਤੀ ਤੋਂ ਬਾਅਦ ਜੇ ਕਿਸੇ ਹੋਰ ਗ੍ਰੰਥ ਦਾ ਜ਼ਿਕਰ ਆਉਂਦਾ ਹੈ, ਤਾਂ ਉਹ ਹੈ ਯਗਨਾਵਲਕ ਦੀ ਸਿਮ੍ਰਤੀ। ਬਰਹਦਾਰਣਯਕ ਉਪਨਿਸ਼ਦ ਵਿਚ ਜਗਨਾਵਲਕ ਨੂੰ ਮਹਾਨ ਦਾਰਸ਼ਨਿਕ ਵਜੋਂ ਪੇਸ਼ ਕੀਤਾ ਗਿਆ ਹੈ, ਜਿਹਨੇ ਅਪਣੀ ਪਤਨੀ ਮੈਤਰੀ ਨੂੰ ਭਗਵਾਨ ਤੇ ਅਨੈਤਿਕਤਾ ਦੇ ਸਿਧਾਂਤ ਦੀ ਸਿੱਖਿਆ ਦਿੱਤੀ।

ਉਪਰੋਕਤ ਸਰੋਤਾਂ ਵਿਚ ਧਰਮ ਦੀ ਜੋ ਵਿਆਖਿਆ ਮਿ਼ਲਦੀ ਹੈ, ਉਹਨੂੰ ਮਨੂ ਸਿਮ੍ਰਤੀ ਦੇ ਪ੍ਰਮੁੱਖ ਵਿਆਖਿਆਕਾਰ ਵਿਦਵਾਨ ਮੇਧਾਥਿਤੀ ਅਨੁਸਾਰ ਧਰਮ ਨੂੰ ਪੰਜ ਭਾਗਾਂ ਵਿਚ ਵੰਡਦੇ ਹਨ। ਇਹ ਪੰਜ ਭਾਗ ਇਸ ਤਰ੍ਹਾਂ ਹਨ: (ੳ) ਵਰਣ ਧਰਮ (ਚਾਰ ਵਰਣਾਂ ਨਾ਼ਲ ਸੰਬੰਧਤ ਕਰਤੱਵਾਂ ਬਾਰੇ-ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) (ਅ) ਆਸ਼ਰਮ ਧਰਮ (ਚਾਰ ਆਸ਼ਰਮ – ਬ੍ਰਹਮਚਾਰਯ, ਗ੍ਰਿਸਥੀ, ਬਾਣਪ੍ਰਸਥ ਤੇ ਸੰਨਿਆਸੀ) (ੲ) ਵਰਣਾਸ਼ਰਮ ਧਰਮ (ਜਾਤਾਂ ਦੇ ਜੀਵਨ ਦੇ ਵੱਖ-ਵੱਖ ਆਸ਼ਰਮਾਂ ਦੇ ਦੌਰਾਨ ਕਰਤੱਵ) (ਸ) ਨੈਮਿਤਿਕਾ ਧਰਮ (ਖ਼ਾਸ ਮੌਕਿਆਂ ਵੇਲੇ ਲਾਜ਼ਮੀ ਕਰਤੱਵ – ਜਿਵੇਂ ਕਿ ਪਸ਼ਚਾਤਾਪ ਅਤੇ) (ਹ) ਗੁਣ ਧਰਮ (ਜਿਵੇਂ ਕਿ ਰਾਜੇ ਦਾ ਅਪਣੀ ਜਨਤਾ ਨੂੰ ਪਾਲਣ ਪ੍ਰਤੀ ਕਰਤੱਵ)। ਇਸ ਵੰਡ ਅਨੁਸਾਰ ਧਰਮ ਦਾ ਸਿੱਧਾ-ਸਿੱਧਾ ਨਾਤਾ ਵਰਣ ਵਿਵਸਥਾ ਨਾ਼ਲ ਸੰਬੰਧਤ ਜਾਤਿ ਪ੍ਰਣਾਲੀ ਤੇ ਆਸ਼ਰਮ ਦੀ ਜੀਵਨ ਵੰਡ ਦੇ ਕਰਤੱਵਾਂ ਨਾ਼ਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਹਰ ਜਾਤਿ ਤੇ ਜੀਵਨ ਪੜਾਅ ਦੇ ਅਪਣੇ-ਅਪਣੇ ਨਿਰਧਾਰਿਤ ਕਰਤੱਵ ਹਨ। ਕਰਤੱਵਾਂ ਨੂੰ ਜਾਤਿ ਦੀ ਵੰਡ 'ਤੇ ਆਧਾਰਿਤ ਹੀ ਦਰਸਾਇਆ ਗਿਆ ਹੈ। ਹਰ ਜਾਤਿ ਦੀ ਉਸ ਸਮਾਜ ਵਿਚ ਸਾਮਾਜਿਕ ਪੱਧਰ 'ਤੇ ਜੋ ਮਾਨਤਾ ਮੰਨੀ ਗਈ ਹੈ, ਉਹਦੇ ਆਧਾਰ 'ਤੇ ਹੀ ਉਹਦੇ ਕਰਤੱਵ ਨਿਰਧਾਰਿਤ ਕੀਤੇ ਗਏ ਹਨ। ਇਸ ਤਰ੍ਹਾਂ ਨਿਰਧਾਰਿਤ ਕਰਤੱਵਾਂ ਦਾ ਪਾਲਣ ਕਰਨਾ ਹੀ ਧਰਮ ਮੰਨਿਆ ਜਾਂਦਾ ਹੈ। ਧਰਮ ਦਾ ਅਸਲ ਵਿਚ ਸੰਬੰਧ ਨਾ ਤਾਂ ਪ੍ਰਭੂ ਦੀ ਭਗਤੀ ਜਾਂ ਉਸ ਨਾ਼ਲ ਸੰਬੰਧਤ ਦਰਸ਼ਨ ਨਾ਼ਲ ਹੈ, ਬਲਕਿ ਕਿਸ ਨੂੰ ਇਹ ਭਗਤੀ ਕਰਨ ਦੀ ਇਜਾਜ਼ਤ






ਸਿਆਸਤਦਾਨ ਇਹ ਕਹਿਣੋਂ ਅੱਕਦੇ ਨਹੀਂ ਕਿ ਧਰਮ ਤੇ ਜਾਤਿ ਉਨ੍ਹਾਂ ਦੀ ਸਿਆਸਤ ਵਿਚ ਆਪਮੁਹਾਰੇ ਹੀ ਦਿਉ ਦੀ ਤਰ੍ਹਾਂ ਰਸਤਾ ਮੱਲੀ ਖੜ੍ਹੀ ਰਹਿੰਦੀ ਹੈ। ਧਰਮ, ਜਾਤਿ ਤੇ ਸਿਆਸਤ ਨੂੰ ਜੇ ਅਲੱਗ-ਅਲੱਗ ਕਰਕੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਤਾਂ ਇਹ ਸਾਨੂੰ ਕਿਸੇ ਠੋਸ ਨਤੀਜੇ 'ਤੇ ਪਹੁੰਚਾਉਣ ਵਿਚ ਮਦਦਗਾਰ ਸਾਬਤ ਨਹੀਂ ਹੁੰਦੀ ਲਗਦੀ; ਕਿਉਂਕਿ ਇਨ੍ਹਾਂ ਤਿੰਨਾਂ ਦਾ ਆਪਸ ਵਿਚ ਇਸ ਤਰ੍ਹਾਂ ਰ਼ਲਗਡ ਹੋਇਆ ਪਿਆ ਹੈ ਕਿ ਇਕੱਲੇ ਤੌਰ 'ਤੇ ਇਨ੍ਹਾਂ ਨੂੰ ਵੱਖ-ਵੱਖ ਸਮਝਦਿਆਂ ਵੀ ਇਨ੍ਹਾਂ ਦੇ ਅਸਲੀ ਪੱਖ ਸਾਡੇ ਅਧਿਅਨ ਵਿੱਚੋਂ ਬਾਹਰ ਰਹਿ ਜਾਂਦੇ ਹਨ।

ਹਰ ਧਰਮ ਤੇ ਹਰ ਜਾਤਿ ਅਪਣੀ ਵੱਖਰੀ ਪਛਾਣ, ਵੱਖਰੇ ਉਦੇਸ਼ ਅਤੇ ਵੱਖਰੀਆਂ ਜੀਵਨ ਸ਼ੈਲੀਆਂ ਨੂੰ ਰੂਪਮਾਨ ਕਰਨ ਵਿਚ ਹਮੇਸ਼ਾ ਹੀ ਤਤਪਰ ਰਹਿੰਦੀ ਹੈ। ਵਿਦਵਾਨ ਅਕਸਰ ਸਮਾਜ ਨੂੰ ਇਕ ਹੀ ਇਕਾਈ ਸਮਝ ਕੇ ਤੇ ਉਸ ਵਿਚਲੇ ਧਰਮਾਂ ਤੇ ਜਾਤਾਂ ਨੂੰ ਅਲੱਗ-ਅਲੱਗ ਇਕਾਈਆਂ ਮੰਨ ਕੇ ਸਮਾਜ ਦੇ ਪ੍ਰਸੰਗ ਵਿਚ ਉਨ੍ਹਾਂ ਦਾ ਵਿਸ਼ਲੇਸ਼ਣ ਕਰਦੇ ਹਨ। ਅਸਲ ਵਿਚ ਸਿਆਸਤ ਇਕੱਲੇ ਸਿਆਸਤਦਾਨ ਹੀ ਨਹੀਂ ਕਰਦੇ, ਨਾ ਹੀ ਸਿਆਸਤ ਸਿਰਫ਼ ਤੇ ਸਿਰਫ਼ ਸਿਆਸਤਦਾਨਾਂ ਦੇ ਨਾ਼ਲ ਵੱਖਰੇ ਕਿੱਤੇ ਦੀ ਤਰ੍ਹਾਂ ਜੁੜੀ ਹੋਈ ਹੈ। ਸਿਆਸਤ ਤਾਂ ਜਾਤਿ ਤੇ ਧਰਮ ਦੇ ਅਨੁਆਈ ਵੀ ਅਪਣੇ-ਅਪਣੇ ਤਰੀਕੇ ਨਾ਼ਲ ਨਾ ਚਾਹੁੰਦਿਆਂ ਵੀ ਅਪਣੀ ਹੈਸੀਅਤ ਨੂੰ ਬਰਕਰਾਰ ਰੱਖਦਿਆਂ ਇਸ ਦਾ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਦਾ ਦਸਤੂਰ ਸਮਾਜ ਵਿਚ ਧਰਮ ਤੇ ਜਾਤਾਂ ਦੀ ਬਹੁਲਤਾ ਕਰਕੇ ਪੈਦਾ ਹੁੰਦਾ ਹੈ, ਕਿਉਂਕਿ

1 ਅਰਬੀ ਦਾ ਸ਼ਬਦ 'ਜ਼ਾਤ' (ਵੰਸ਼, ਕੁੱਲ, ਨਸਲ, ਖ਼ੁਦ, ਹਸਤੀ) ਤੇ ਸੰਸਕ੍ਰਿਤ ਦਾ 'ਜਾਤਿ' (ਜਨਮ, ਉਤਪਤੀ) ਸਮਅਰਥੀ ਹਨ। ਪੰਜਾਬੀ ਵਿਚ ਆ ਕੇ ਇਹ ਸ਼ਬਦ 'ਜਾਤ' ਬਣ ਗਏ। ਲਿਖਣ ਵਿਚ ਜ਼ਾਤਪਾਤ, ਜਾਤਿ ਪਾਤ ਵੀ ਹੈ। ਸੋ ਪੰਜਾਬੀ ਚਿੰਤਨ ਸਾਹਿਤ ਵਿਚ ਜਾਤਿ ਲਿਖਣਾ ਸਹੀ ਹੈ, ਭਾਵੇਂ ਕਿ ਜਾਤਿ ਦੇ ਬਹੁਵਚਨ ਵਿਚ ਸਿਹਾਰੀ ਲਾਹੁਣੀ ਪੈਣੀ ਹੈ; ਜਾਤਾਂ ਨੂੰ 'ਜਾਤਿਾਂ' ਲਿਖਿਆ ਓਪਰਾ ਲਗਦਾ ਹੈ। ਮੈਂ ਇਸ ਵਲ ਤੇ ਇਸ ਲੇਖ ਦੀ ਲਿਖਤ ਸਿੱਧੀ ਕਰਨ ਲਈ ਵਿਦਵਾਨ ਲੇਖਕ ਮਿਤਰ ਅਮਰਜੀਤ ਚੰਦਨ ਦਾ ਸ਼ੁਕਰਗੁਜ਼ਾਰ ਹਾਂ। **– ਲੇਖਕ**

**(ਬਾਕੀ ਅਗਲੇ ਸਫੇ 'ਤੇ)**

# ਵਰਣ, ਧਰਮ, ਜਾਤਿ ਅਤੇ ਸਿਆਸਤ

ਹੈ ਜਾਂ ਨਹੀਂ ਹੈ, ਉਸ ਨਾਲ਼ ਮੰਨਿਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਧਰਮ ਨੂੰ ਨਿਯਮਾਂ ਦੀ ਪ੍ਰੋੜਤਾ ਤੇ ਪਾਲਣਾ ਦਾ ਪੂਰਕ ਮੰਨਿਆ ਜਾਂਦਾ ਹੈ।

ਇਸ ਵਿਚਾਰ ਦੀ ਪ੍ਰੋੜਤਾ ਸੰਤ ਕਬੀਰ ਜੀ ਇੰਜ ਕਰਦੇ ਹਨ:

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥੧॥
ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥੧॥ਰਹਾਉ॥
ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥੨॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ॥ (ਗੁਰੂ ਗ੍ਰੰਥ, ਪੰਨਾ ੩੨੯)

ਆਪ ਵੇਦਾਂ ਦੇ ਆਧਾਰ ’ਤੇ ਬਣੀਆਂ ਸਿਮ੍ਰਤੀਆਂ ਨੂੰ ਵਰਣਾਸ਼ਰਮ ਅਤੇ ਕਰਮਕਾਂਡ ਦੇ ਸੰਗਲਾਂ ਤੇ ਰੱਸੀਆਂ ਦੱਸਦੇ ਹਨ। ਸਿਮ੍ਰਤੀਆਂ ਨੂੰ ਮੰਨਣ ਵਾਲ਼ੇ ਇਨ੍ਹਾਂ ਵਿਚ ਲਿਖੇ ਨਿਯਮਾਂ ਨਾਲ਼ ਜਿਸ ਤਰ੍ਹਾਂ ਬੱਝੇ ਬੈਠੇ ਹਨ, ਉਸ ਤੋਂ ਖ਼ਲਾਸੀ ਨਹੀਂ ਪਾਈ ਜਾ ਸਕਦੀ। ਕਬੀਰ ਜੀ ਸਿਮ੍ਰਤੀਆਂ ਦੀ ਤੁਲਨਾ ਸੱਪਣੀ ਨਾਲ਼ ਕਰਦੇ ਹਨ ਕਿ ਜਿਵੇਂ ਉਹ ਅਪਣੇ ਬੱਚਿਆਂ ਨੂੰ ਖਾ ਜਾਂਦੀ ਹੈ, ਉਸੇ ਤਰ੍ਹਾਂ ਇਨ੍ਹਾਂ ਵਿਚ ਦਰਜ ਨਿਯਮ ਇਨ੍ਹਾਂ ਨੂੰ ਮੰਨਣ ਵਾਲ਼ਿਆਂ ਦੀ ਬੁੱਧੀ ਮਲੀਨ ਕਰ ਦਿੰਦੇ ਹਨ। ਇਸ ਬਾਣੀ ਤੋਂ ਇਹ ਸਾਫ਼ ਸਮਝ ਪੈਂਦੀ ਹੈ ਕਿ ਸਿਮ੍ਰਤੀਆਂ ਦਾ ਨਾਤਾ ਮਨੁੱਖ ਦੇ ਸਾਮਾਜਿਕ ਜੀਵਨ ਦੀ ਵਰਣਾਸ਼ਰਮ ਵਿਵਸਥਾ ਦੇ ਆਧਾਰ ’ਤੇ ਸੰਜੋਈ ਹੋਈ ਸੰਰਚਨਾ ਨਾਲ਼ ਹੈ, ਜਿਹਦਾ ਆਤਮਿਕ ਗਿਆਨ ਨਾਲ ਕੋਈ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਗੁਰੂ ਅਰਜਨ ਦੇਵ ਵੀ ਅਪਣੀ ਬਾਣੀ ਵਿਚ ਸਿਮ੍ਰਤੀਆਂ ਬਾਰੇ ਲਿਖਦੇ ਹਨ:

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥
ਨਾਮ ਬਿਨਾ ਸਭਿ ਕੂੜੁ ਗ੍ਹਾਲੀ ਹੋਛੀਆ॥੧॥
(ਗੁਰੂ ਗ੍ਰੰਥ, ਪੰਨਾ ੭੬੧)

ਜਿਹੜੇ ਮਨੁੱਖ ਵੇਦ, ਪੁਰਾਣ, ਸਿਮ੍ਰਤੀਆਂ ਆਦਿ ਧਰਮ ਪੁਸਤਕਾਂ ਪੜ੍ਹ ਕੇ ਅਤੇ ਆਤਮਕ ਗਿਆਨ ਨੂੰ ਲਾਂਭੇ ਰੱਖ ਕੇ ਕਰਮਕਾਂਡ ਆਦਿ ਦਾ ਪ੍ਰਚਾਰ ਕਰਦੇ ਹਨ, ਉਹ ਥੋਥੀਆਂ ਗੱਲਾਂ ਕਰਦੇ ਹਨ। ਪਰਮਾਤਮਾ ਦੇ ਨਾਮ ਤੋਂ ਬਿਨਾਂ ਇਜੇਹਾ ਸਭ ਪ੍ਰਚਾਰ ਝੂਠ ਦਾ ਅਡੰਬਰ ਹੈ। ਇਸੇ ਤਰ੍ਹਾਂ ਗੁਰੂ ਅਮਰਦਾਸ ਅਪਣੀ ਬਾਣੀ ਵਿਚ ਦਰਸਾਉਂਦੇ ਹਨ:

ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ॥
ਗੁਰੂ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥
(ਗੁਰੂ ਗ੍ਰੰਥ, ਪੰਨਾ ੬੮)

ਕੀ ਪੰਡਤ, ਜੋਤਿਸ਼ੀ ਤੇ ਵੱਖ-ਵੱਖ ਭੇਖਾਂ ਦੇ ਸਾਧੂ ਸ਼ਾਸਤਰ ਆਦਿ ਧਰਮ ਪੁਸਤਕਾਂ ਨੂੰ ਪੜ੍ਹ ਕੇ ਕੁਰਾਹੇ ਪੈ ਰਹੇ ਹਨ ਤੇ ਸਹਿਜ ਅਵਸਥਾ ਪਾ ਨਹੀਂ ਸਕੇ। ਜਿਨ੍ਹਾਂ ਉੱਤੇ ਪਰਮ-ਾਤਮਾ ਅਪਣੀ ਕ੍ਰਿਪਾ ਕਰਦਾ ਹੈ, ਉਹ ਹੀ ਗੁਰੂ ਦੇ ਜ਼ਰੀਏ ਸਹਿਜ ਅਵਸਥਾ ਤੇ ਸੱਚਾ ਗਿਆਨ ਪ੍ਰਾਪਤ ਕਰ ਸਕਦੇ ਹਨ। ਆਪ ਜੀ ਅੱਗੇ ਲਿਖਦੇ ਹਨ:

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥੫॥
ਆਪੇ ਰੰਗੇ ਰੰਗੁ ਚੜਾਏ॥ (ਗੁਰੂ ਗ੍ਰੰਥ, ਪੰਨਾ ੧੧੭)

ਅਰਥਾਤ ਪੰਡਤ ਤੇ ਹੋਰ ਸਿਆਣੇ ਵੇਦ ਆਦਿ ਧਾਰਮਿਕ ਪੁਸਤਕਾਂ ਦੇ ਗਿਆਤਾ ਪੜ੍ਹ ਕੇ ਥੱਕ ਜਾਂਦੇ ਹਨ, ਪਰ ਉਨ੍ਹਾਂ ਨੂੰ ਆਤਮਿਕ ਅਵਸਥਾ ਪ੍ਰਾਪਤ ਨਹੀਂ ਹੁੰਦੀ। ਵਰਣ, ਜਾਤ ਤੇ ਧਰਮ ਦੀ ਗੱਠ ਨੂੰ ਸੁਲ਼ਝਾਉਂਦਿਆਂ ਬਾਬਾ ਨਾਨਕ ਸਭਨਾਂ ਵਿਚ ਇਕ ਪ੍ਰਭੂ ਦੀ ਜੋਤ ਦਾ ਜ਼ਿਕਰ ਕਰਕੇ ਜਾਤੀ ਦਾ ਖੰਡਨ ਕਰਦੇ ਹਨ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥ਰਹਾਉ॥
(ਗੁਰੂ ਗ੍ਰੰਥ, ਪੰਨਾ ੩੪੯)

ਇਥੇ ਇਹ ਦਰਸਾਉਣਾ ਜ਼ਰੂਰੀ ਹੈ ਕਿ ਧਰਮ ਸ਼ਾਸਤ੍ਰਾਂ ਵਿਚ ਵਰਣ ਤੇ ਜਾਤਿ ਨੂੰ ਇਕ ਦੂਜੇ ਦੇ ਪੂਰਕ ਦੇ ਰੂਪ ਵਿਚ ਅਕਸਰ ਵਰਤਿਆ ਜਾਂਦਾ ਹੈ, ਜੋ ਕਿ ਜਾਤਿ ਬਾਰੇ ਸਹੀ ਸਮਝ ਅਪਣਾਉਣ ਵਿਚ ਅੜਚਣ ਬਣਦਾ ਹੈ। ਜਿਵੇਂ ਕਿ ਅਸੀਂ ਸ਼ੁਰੂ ਵਿਚ ਇਹ ਦੱਸਿਆ ਹੈ ਕਿ ਵਰਣ ਦੇ ਹੋਂਦ ਵਿਚ ਆਉਣ ਦਾ ਸਮਾਂ ਤੇ ਜਾਤਿ ਦੀ ਹੋਂਦ ਦੇ ਸਮੇਂ ਦਾ ਆਪਸ ਵਿਚ ਤਕਰੀਬਨ 1300 ਸੌ ਸਾਲ ਦਾ ਫ਼ਰਕ ਹੈ। ਚਾਰਾਂ ਵਰਣਾਂ (ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) ਦੇ ਕਰਤੱਵਾਂ ਦਾ ਸੰਬੰਧ ਜਨਮ ਨਾਲ਼ ਨਾ ਹੋ ਕੇ ਕਿੱਤੇ ਨਾਲ਼ ਜੁੜਿਆ ਮੰਨਿਆ ਜਾਂਦਾ ਸੀ। ਪਰ ਵਰਣ ਤੋਂ ਲੈ ਕੇ ਜਾਤਿ ਤਕ ਦੇ ਲੰਮੇ ਸਫ਼ਰ ਦੌਰਾਨ ਇਹ ਨਾਤਾ ਕਰਮ ਤੋਂ ਹਟ ਕੇ ਜਨਮ ਨਾਲ਼ ਜੁੜ ਗਿਆ। ਜਨਮ ਨਾਲ਼ ਐਸਾ ਨਾਤਾ ਜੋੜਨ ਲਈ ਧਰਮ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਇਸ ਹਾਲਤ ਵਿਚ ਧਰਮ ਦੀ ਜੋ ਵੈਦਿਕ ਤੇ ਧਰਮ ਸ਼ਾਸਤਰਾਂ ਦੇ ਸਮੇਂ ਦੌਰਾਨ ਕਰਤੱਵਾਂ ਨੂੰ ਪਾਲਣ ਕਰਨ ਦੀ ਪਛਾਣ ਬਣੀ ਸੀ, ਉਹਨੂੰ ਮਨੁੱਖ ਦੇ ਸਾਮਾਜਿਕ ਰੁਤਬੇ ਵਿਚ ਤਬਦੀਲ ਕਰ ਦਿੱਤਾ ਗਿਆ। ਕਰਤੱਵ ਦਾ ਸੰਬੰਧ ਤਾਂ ਕਰਮ ਨਾਲ਼ ਸੀ, ਜਿਸ ਨੂੰ ਬਾਅਦ ਵਿਚ ਧਰਮ ਨਾਲ਼ ਜੋੜ ਕੇ ਸਾਮਾਜਿਕ ਜਾਗ੍ਰਿਤੀ ਦੇ ਰਸਤੇ ਵਿਚ ਬੰਧਨ ਬਣਾ ਕੇ ਲਿਆ ਖੜ੍ਹਾ ਕੀਤਾ। ਮੇਰੀ ਜਾਚੇ ਇਹ ਸਭ ਕੁਝ ਸਿਆਸਤ ਦੇ ਮਾਧਿਅਮ ਰਾਹੀਂ ਸੰਭਵ ਹੋਇਆ। ਇਸ ਲਈ ਸਿਆਸਤ ਨੂੰ ਸਮਝਣ ਲਈ ਵਰਣ, ਧਰਮ ਤੇ ਜਾਤਿ ਦਾ ਆਪਸੀ ਸੰਬੰਧ ਸਮਝਣਾ ਬਹੁਤ ਜ਼ਰੂਰੀ ਹੈ।

ਧਰਮ ਤੇ ਜਾਤਿ ਦੇ ਆਪਸੀ ਸੰਬੰਧ ਤੋਂ ਪਹਿਲਾਂ ਵਰਣ ਦੀ ਜਾਤਿ ਵਿਚ ਕਿਵੇਂ ਤਬਦੀਲ ਹੁੰਦੀ ਹੈ, ਇਸ ਬਾਰੇ ਸਮਝ ਬਣਾਉਣਾ ਵੀ ਅਤਿ ਜ਼ਰੂਰੀ ਹੈ। ਇਹ ਉਹ ਪ੍ਰਕਿਰਿਆ ਹੈ, ਜਿਸ ਵਿਚ ਸਿਆਸਤ ਦੀਆਂ ਥੰਮ੍ਹ਼ੀਆਂ ਸਮਾਜ ਵਿਚ ਗੱਡੀਆਂ ਗਈਆਂ। ਇਸ ਵਿਸ਼ੇ ’ਤੇ ਭਾਵੇਂ ਕਾਫ਼ੀ ਚਰਚਾ ਹੋ ਚੁੱਕੀ ਹੈ, ਪਰ ਉਹਦਾ ਪੰਜਾਬੀ ਸਾਹਿਤ ਵਿਚ ਉਲੇਖ ਹੋਣਾ ਅਜੇ ਬਾਕੀ ਹੈ। ਵਰਣ ਤੋਂ ਲੈ ਕੇ ਜਾਤਿਪਾਤਿ ਦੀ ਸੰਸਥਾ ਦੇ ਸਥਾਪਨ ਤਕ ਜੋ ਕਾਰਣ ਸਮਝਣਯੋਗ ਹਨ, ਉਨ੍ਹਾਂ ਵਿਚ ਮਰਦ ਪ੍ਰਧਾਨ ਸਮਾਜ, ਸ਼੍ਰੇਣੀ ਵੰਡ ਤੇ ਰਾਜ (ਸਟੇਟ) ਦਾ ਬਹੁਤ ਅਹਿਮ ਯੋਗਦਾਨ ਹੈ। ਇਹਨੂੰ ਅਹਿਮ ਯੋਗਦਾਨ ਕਿਹਾ ਜਾਵੇ ਜਾਂ ਨਾ, ਅਪਣੇ-ਆਪ ਵਿਚ ਵੱਖਰਾ ਵਿਸ਼ਾ ਹੈ। ਜਾਤਿ ਪ੍ਰਣਾਲੀ ਭਾਰਤ ਵਰਸ਼ ਵਿਚ ਇੱਕੋ ਹੀ ਸਮੇਂ ਹੋਂਦ ਵਿਚ ਨਹੀਂ ਆਈ। ਸਗੋਂ ਵੱਖ-ਵੱਖ ਖ਼ਿੱਤਿਆਂ ਵਿਚ ਇਹਨੇ ਵੱਖ-ਵੱਖ ਰੂਪ ਅਖ਼ਤਿਆਰ ਕੀਤੇ। ਮਰਦ ਪ੍ਰਧਾਨ ਸਮਾਜ ਦਾ ਕੋਠਾ ਸਗੋਤਰ ਵਿਆਹ ਦੇ ਸਿਧਾਂਤ ਨੂੰ ਵਰਤੋਂ ਵਿਚ ਲਿਆ ਕੇ ਉਸਾਰਿਆ ਗਿਆ, ਜਿਹਨੇ ਵਰਣ ਨੂੰ ਜਾਤਿ ਵਿਚ ਤਬਦੀਲ ਕਰਨ ਵਿਚ ਅਹਿਮ ਯੋਗਦਾਨ ਪਾਇਆ। ਕਿੱਤਿਆਂ ਦੀ ਮੁਹਾਰਤ, ਦਰਜੇਵਾਰ ਸਾਮਾਜਿਕ ਰੁਤਬੇ ਦੀ ਬਣਤਰ ਅਤੇ ਔਰਤ ਤੇ ਅੱਤਿਆਚਾਰ ਆਦਿ ਕਾਰਣਾਂ ਦਾ ਵੀ ਜਾਤਿ-ਆਧਾਰਿਤ ਸਮਾਜ ਦੀ ਬਣਤਰ ਵਿਚ ਬਹੁਤ ਯੋਗਦਾਨ ਰਿਹਾ ਹੈ। ਇਹ ਸਾਰੇ ਕਾਰਣ ਵੱਖ-ਵੱਖ ਕਬੀਲਿਆਂ ਤੇ ਉਨ੍ਹਾਂ ਵਿਚ ਉਪਜੀਆਂ ਜਾਤਾਂ ਦੇ ਆਪਸੀ ਸਮਾਜਿਕ ਰਿਸ਼ਤਿਆਂ ਦੇ ਸੰਬੰਧਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇੱਕੀਵੀਂ ਸਦੀ ਵਿਚ ਵੀ ਇਹੋ ਕਾਰਣ ਭਾਰਤੀ ਸਮਾਜ ਦਾ ਕਿਸੇ ਨਾ ਕਿਸੇ ਰੂਪ ਵਿਚ ਅਨਿੱਖੜ ਅੰਗ ਬਣੇ ਬੈਠੇ ਹਨ, ਜਿਸ ਕਰਕੇ ਜਾਤਿ ਦਾ ਜੱਫਾ ਢਿੱਲਾ ਹੁੰਦਾ ਨਜ਼ਰ ਨਹੀਂ ਆਉਂਦਾ।

ਕੁਝ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਔਰਤ ਦੀਆਂ ਸਰੀਰਕ ਤੌਰ ’ਤੇ ਕੁਦਰਤੀ ਤਬਦੀਲੀਆਂ, ਅਤੇ ਵੈਦਿਕ ਕਾਲ ਦੇ ਪ੍ਰੋਹਿਤਵਾਦ ਨੇ ਉਨ੍ਹਾਂ ਨੂੰ ਭੌਤਿਕ ਅਤੇ ਅਭੌਤਿਕ (ਮੈਟਾਫ਼ਿਜ਼ੀਕਲ) ਸਮੱਸਿਆ ਦੇ ਤੌਰ ’ਤੇ ਪੇਸ਼ ਕਰ ਕੇ ਉਨ੍ਹਾਂ ਦੀ ਸ਼ਮੂਲੀਅਤ ਨੂੰ ਵੈਦਿਕ ਰੀਤੀ ਰਿਵਾਜਾਂ ਵਿੱਚੋਂ ਮਨਫ਼ੀ ਕਰ ਦਿੱਤਾ। ਔਰਤ ਦੇ ਕੁਦਰਤੀ ਮਾਸਿਕ ਰਿਤੂਚਕ੍ਰ ਨੂੰ (ਜੋ ਕਿ ਉਹਦੀ ਜੈਵਿਕ ਪ੍ਰਕਿਰਿਆ ਨਾਲ਼ ਜੁੜਿਆ ਹੋਇਆ ਹੈ) ਅਸ਼ੁੱਧ ਗਰਦਾਨਣਾ ਮਰਦ ਪ੍ਰਧਾਨ ਸਮਾਜ ਦੀ ਵਿਚਾਰਧਾਰਾ ਵਿੱਚੋਂ ਉਪਜਿਆ ਹੋਇਆ ਕੁਕਰਮ ਹੈ। ਇਸ ਵਿਸ਼ੇ ਨਾਲ਼ ਸੰਬੰਧਤ ਮਾਨਤਾ ਪੂਰਵਕ ਲਿਖਤਾਂ ਵਿਚ ਇਹ ਦੇਖਣ ਨੂੰ ਅਕਸਰ ਮਿਲ਼ਦਾ ਹੈ ਕਿ ਬਹੁਤ ਸਾਰੇ ਭਾਰਤੀ ਕਬੀਲੇ ਮਾਹਵਾਰੀ ਕਾਰਣ ਔਰਤ ਦੀ ਅਸ਼ੁੱਧਤਾ ਦੇ ਸਿਧਾਂਤ ਨੂੰ ਅਪਣੇ ਜਾਤਿ ਆਧਾਰਤ ਸਮਾਜ ਨਾਲ਼ ਜੁੜਨ ਤੋਂ ਪਹਿਲਾਂ ਬਿਲਕੁਲ ਨਹੀਂ ਮੰਨਦੇ ਸਨ। ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਵਰਣ ਵਿਵਸਥਾ ਦੇ ਜਾਤਿ ਸਮਾਜ ਵਿਚ ਤਬਦੀਲ ਹੋਣ ਦੌਰਾਨ ਔਰਤ ਦਾ ਰੁਤਬਾ ਮਰਦ ਦੀ ਬਰਾਬਰੀ ਤੋਂ ਡਿਗ ਕੇ ਨਿਚਲੇ ਸਤੱਰ ’ਤੇ ਆ ਜਾਂਦਾ ਹੈ। ਇਸ ਲਈ ਇਹ ਕਹਿਣਾ ਕੁਥਾਂ ਨਹੀਂ ਕਿ ਔਰਤ ਨੂੰ ਨੀਵਾਂ ਦਿਖਾਉਣ ਦੇ ਪਿੱਛੇ ਜਾਤਿਵਾਦੀ ਸਮਾਜ ਦੀ ਉਸਾਰੀ ਦਾ ਸਿੱਧਾ ਹੱਥ ਹੈ। ਅੰਬੇਡਕਰ ਨੇ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਦਿਆਂ ਤਿਆਰ ਕੀਤੇ ਅਪਣੇ ਪਹਿਲੇ ਕਿਤਾਬਚੇ Castes in India: Their Mechanism, Genesis & Development ਵਿਚ ਇਹਦਾ ਉਲੇਖ ਖੁੱਲ੍ਹ ਕੇ ਕੀਤਾ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਿੱਟ ਨੂੰ ਸਮਝਣ ਲਈ ਸਗੋਤਰ ਵਿਆਹ (Endogamy) ਤੇ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤ (ਓਣੋਗਅਮੇ) ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਹ ਅਪਣੀ ਇਸ ਮੁੱਢਲੀ ਲਿਖਤ ਵਿਚ ਮਰਦ ਪ੍ਰਧਾਨ ਸਮਾਜ ਤੇ ਔਰਤ ਨਾਲ਼ ਵਿਤਕਰੇ ਨੂੰ ਜਾਤਿ ਸਮਾਜ ਦੀ ਬਣਤਰ ਦੇ ਅਹਿਮ ਕਾਰਣਾਂ ਵਿਚ ਅੰਕਿਤ ਕਰਦੇ ਹਨ।

### ਸਗੋਤਰ ਵਿਆਹ

ਜਿਥੋਂ ਤਕ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤ ਦਾ ਸਵਾਲ ਹੈ, ਇਸ ਬਾਰੇ ਸਮਾਜ ਵਿਗਿਆਨੀਆਂ ਵਿਚ ਕਾਫ਼ੀ ਮਤਭੇਦ ਹਨ। ਐੱਸ.ਬੀ. ਕਰੰਦੀਕਰ, ਇਰਾਬਤੀ ਕਾਰਬੇ ਤੇ ਜੀ.ਐੱਸ. ਗੁਰੇ ਆਖਦੇ ਹਨ ਕਿ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤ ਬਾਰੇ ਵੈਦਿਕ ਆਰੀਅਨ, ਭਾਰਤ ਵਿਚ ਆਉਣ ਤੋਂ ਪਹਿਲਾਂ ਵਾਕਿਫ਼ ਨਹੀਂ ਸਨ ਤੇ ਉਨ੍ਹਾਂ ਨੂੰ ਇਹਦੀ ਕਨਸੋਅ ਇਥੋਂ ਦੇ ਮੂਲ ਬਸ਼ਿੰਦਿਆਂ ਤੋਂ ਪਈ। ਇਸ ਵਿਚਾਰ ਦੇ ਉਲ਼ਟ ਬਿਨਵਿਨੀਸਤ ਤੇ ਜੌਹਨ ਬਰੋ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਰਿਗਵੇਦ ਦੇ ਸਮੇਂ ਦੌਰਾਨ ਸਗੋਤਰ ਵਿਆਹ ਦਾ ਸਿਧਾਂਤ ਅਪਣੀ ਹੋਂਦ ਅਖ਼ਤਿਆਰ ਕਰ ਚੁੱਕਾ ਸੀ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਬ੍ਰਾਹਮਣੀ ਗੋਤਰ ਸਗੋਤਰ ਵਿਆਹ ਦੇ ਸਿਧਾਂਤ ਦੀ ਆਮਦ ਭਾਰਤੀ ਕਬੀਲਿਆਂ ਵਿਚ ਇੰਡੋ-ਯੂਰਪੀਅਨ ਸੰਬੰਧਾਂ ਦੀ ਦੇਣ ਹੈ। ਭਾਵੇਂ ਕਾਰਣ ਜੋ ਵੀ ਰਹੇ ਹੋਣ ਮਰਦ ਪ੍ਰਧਾਨ ਸਮਾਜ, ਸਗੋਤਰ ਵਿਆਹ ਦੇ ਸਿਧਾਂਤਾਂ ਤੇ ਔਰਤ ਦੀ ਉਤਪੀੜਨ ਨੇ ਝਾਤਿ ਆਧਾਰਿਤ ਸਮਾਜ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਇਆ। ਸਾਨੂੰ ਰਿਗਵੇਦ ਵਿੱਚੋਂ ਇਹ ਹਵਾਲੇ ਮਿਲ਼ਦੇ ਹਨ ਕਿ ਲੜਕੀ ਦੇ ਵਿਆਹ ਤੋਂ ਬਾਅਦ ਉਹ ਅਪਣਾ ਪੇਕਾ ਘਰ ਤਿਆਗ ਕੇ ਸਹੁਰੇ ਘਰ ਵਾਸਾ ਕਰਦੀ ਹੈ। ਵਿਆਹ ਦੇ ਸਮਾਗਮ ਦੌਰਾਨ ਜਿਹੜਾ ਸ਼ਬਦ ‘ਜੰਞ’ ਵਰਤਿਆ ਜਾਂਦਾ ਹੈ, ਉਸ ਦਾ ਸੰਬੰਧ ਕੁਝ ਵਿਦਵਾਨ ‘ਜੰਨ’ ਨਾਲ਼ ਜੋੜਦੇ ਹਨ। ਅਰਥਵਵੇਦ ਵਿਚ ਇਸ ਗੱਲ ਦਾ ਜ਼ਿਕਰ ਮਿਲ਼ਦਾ ਹੈ ਕਿ ਲਾੜੇ ਦਾ ਸੰਬੰਧ ਲਾੜੀ ਦੇ ਪਰਿਵਾਰ ਤੋਂ ਅਲੱਗ ਪਰਿਵਾਰ ਨਾਲ਼ ਹੁੰਦਾ ਹੈ। ਲਾੜਾ ਤੇ ਲਾੜੀ ਦਾ ਸੰਬੰਧ ਅਲੱਗ-ਅਲੱਗ ਜੰਨਾਂ ਨਾਲ਼ ਹੁੰਦਾ ਹੈ। ‘ਜੰਨ’ ਸ਼ਬਦ ‘ਜੰਞ’ ਤੋਂ ਬਣਿਆ ਹੈ। ਜੰਞ ਦਾ ਆਉਣਾ ਵਿਆਹ ਦੇ ਸਗੋਤਰ ਤੋਂ ਬਾਹਰ ਹੋਣ ਦਾ ਪ੍ਰਤੀਕ ਹੈ। ਇੰਡੋਲੋਜਿਸਟ ਹਿਸਟਰਮਾਨ ਦਾ ਇਹ ਮੰਨਣਾ ਹੈ ਕਿ ‘ਜੰਨ ਮਿੱਤਰ’ ਤੋਂ ਭਾਵ ਹੈ ਵਿਆਹ ਦੇ ਸੰਬੰਧ ਰਾਹੀਂ ਬਣਿਆ ਹੋਇਆ ਰਿਸ਼ਤੇਦਾਰ। ਇਸ ਨੁਕਤੇ ਨੂੰ ਸਮੇਟਦਿਆਂ ਅਸੀਂ ਇਹ ਆਖ ਸਕਦੇ ਹਾਂ ਕਿ ਸਗੋਤਰੀ ਵਿਆਹ ਤੇ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤਾਂ ਨੇ ਜਿਥੇ ਔਰਤ ਨੂੰ ਮਰਦ ਤੋਂ ਨੀਵਾਂ ਦੱਸਿਆ ਹੈ, ਉਹਦੇ ਨਾਲ਼ ਹੀ ਜਾਤਿ ਪ੍ਰਥਾ ਨੂੰ ਸੰਜੋਣ ਵਿਚ ਠੋਸ ਭੂਮਿਕਾ ਨਿਭਾਈ ਹੈ। ਜਿਵੇਂ ਕਿ ਅਖ਼ੀਰਲੇ ਵੈਦਿਕ ਸਰੋਤਾਂ ਤੋਂ ਪਤਾ ਚਲਦਾ ਹੈ ਮਰਦ ਪ੍ਰਧਾਨ ਸਮਾਜ ਦੇ ਸਿਧਾਂਤ ਦੀ ਉਸਾਰੀ ਨੇ ਵੈਦਿਕ ਕਬੀਲਿਆਂ ਨੂੰ ਆਪਸ ਵਿਚ ਵੰਡ ਕੇ ਉਨ੍ਹਾਂ ਨੂੰ ਵਰਣ ਸ਼੍ਰੇਣੀਆਂ ਵਿਚ ਤਬਦੀਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਪ੍ਰਕਿਰਿਆ ਨਾਲ਼ ਹੀ ਦਰਜੇਵਾਰ ਊਚ-ਨੀਚ ਕਬੀਲੇ ਬਣੇ। ਰਿਗਵੇਦ ਵੇਲੇ ‘ਰਾਜਨ’ ਸ਼ਬਦ ਦੀ ਉਤਪਤੀ ਹੋ ਜਾਂਦੀ ਹੈ, ਜਿਹਦਾ ਉਲੇਖ ‘ਪੁਰੂਸ਼ ਸੂਤਕ’ ਵਿਚ ਮਿਲ਼ਦਾ ਹੈ। ਮਗਰਲੇ ਵੈਦਿਕ ਸਾਹਿਤ ਦੇ ਸਤਪਥ ਬ੍ਰਾਹਮਣ ਦੇ ਵਿਚ ਬ੍ਰਾਹਮਣ ਤੇ ਕਸ਼ੱਤਰੀ ਵਿਚ ਫ਼ਰਕ ਦਰਸਾਇਆ ਗਿਆ ਹੈ। ਜਾਤਿ ਸਮਾਜ ਵਿਚ ਬ੍ਰਾਹਮਣਵਾਦੀ ਰੀਤੀ ਰਿਵਾਜ ਖ਼ਾਸ ਤੌਰ ’ਤੇ ਯਗਯੋਪਵੀਤ ਸੰਸਕਾਰ ਦਾ ਵਿਸ਼ੇਸ਼ ਯੋਗਦਾਨ ਹੈ। ਯਗਯੋਪਵੀਤ ਸੰਸਕਾਰਾਂ ਨੇ ਸਾਮਾਜਿਕ ਦੂਰੀ ਦੇ ਸਿਧਾਂਤ ਨੇ ਆਰ. ਐੱਸ. ਸ਼ਰਮਾ ਅਨੁਸਾਰ ਯਗਯੋਪਵੀਤ ਸੰਸਕਾਰਾਂ ਦੇ ਸਿਧਾਂਤ ਨੇ ਜਾਤੀ ਵਖਰੇਵਾਂ ਹੋਰ ਗੂੜ੍ਹਾ ਕੀਤਾ। ਅਖ਼ੀਰਲੇ ਵੈਦਿਕ ਸਮੇਂ ਦੀ ਸਮਾਪਤੀ ਦੌਰਾਨ ਵਰਣ ਅਪਣੀ ਹੋਂਦ ਪੂਰਨ ਤੌਰ ’ਤੇ ਅਖ਼ਤਿਆਰ ਕਰ ਚੁੱਕੇ ਸਨ। ਜਿਸ ਵਿਚ ਜਾਤੀ ਸੰਸਥਾ ਦੀਆਂ ਤਿੰਨ ਮੁੱਖ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ। ਇਹ ਤਿੰਨ ਜਾਤੀ ਸੰਸਥਾ ਆਧਾਰਿਤ ਵਿਸ਼ੇਸ਼ਤਾਵਾਂ ਹਨ: (ੳ) ਸ਼੍ਰੇਣੀਬੱਧ ਸੰਸਥਾ ਪ੍ਰਣਾਲੀ (ਅ) ਵਿਰਾਸਤ ਵਿਚ ਮਿਲ਼ਿਆ ਹੋਈ ਮੁਹਾਰਤ ਆਧਾਰਿਤ ਕਿੱਤਾ ਅਤੇ (ੲ) ਸਗੋਤਰ ਵਿਆਹ। ਬੌਧਿਆਨ ਸਰੋਤਰ ਸੂਤਰ ਅਨੁਸਾਰ ਬ੍ਰਾਹਮਣ ਵੰਸ਼ ਨੂੰ ਗੋਤ ਪਰਿਵਾਰ ਦੀਆਂ ਕਿਸਮਾਂ ਵਿਚ ਵਿਧੀਪੂਰਵਕ ਸਥਾਪਿਤ ਹੁੰਦਾ ਦਰਸਾਇਆ ਗਿਆ ਹੈ ਅਤੇ ਸਤਪਥ ਬ੍ਰਾਹਮਣ ਗ੍ਰੰਥ ਵਿਚ ਕਸ਼ੱਤਰੀ ਦਾ ਜਨਮ ਕਸ਼ੱਤਰੀ ਤੋਂ, ਵੈਸ਼ ਦਾ ਜਨਮ ਵੈਸ਼ ਤੋਂ, ਸ਼ੂਦਰ ਦਾ ਜਨਮ ਸ਼ੂਦਰ ਤੋਂ ਹੁੰਦਾ ਦਰਸਾਇਆ ਗਿਆ ਹੈ। ਵਰਣ ਦੀ ਜਾਤਿ ਵਿਚ ਤਬਦੀਲੀ ਬਾਰੇ ਜ਼ਿਕਰ ਰਿਸ਼ੀ ਪਾਤੰਜਲੀ ਅਪਣੀ ਲਿਖਤ ਵਿਚ ਵੀ ਕਰਦੇ ਹਨ।

ਉਪਰੋਕਤ ਚਰਚਾ ਦੇ ਆਧਾਰ ’ਤੇ ਇਹ ਕਹਿਣਾ ਤਰਕਸੰਗਤ ਹੈ ਕਿ ਜਾਤਿ ਸਮਾਜ ਦੀ ਉਪਜ ਵਰਣ ਵਿਵਸਥਾ ਦੇ ਵਿਭਾਜਨ ਤੇ ਉਸ ਵਿਚ ਹੋਰ ਕਬੀਲਿਆਂ ਦੀ ਸ਼ਮੂਲੀਅਤ ਦੀ ਪ੍ਰਕਿਰਿਆ ਦੌਰਾਨ ਹੋਂਦ ਵਿਚ ਆਉਂਦੀ ਹੈ। ਇਸ ਵਿਸ਼ਲੇਸ਼ਣ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਵਰਣ ਦੇ ਸਿਧਾਂਤ ਦੀ ਜਾਤਿ ਵਿਚ ਤਬਦੀਲੀ ਦੇ ਦੌਰਾਨ ਉਹਦੀ ਸੰਸਥਾਗਤ ਤੇ ਵਿਚਾਰਧਾਰਕ ਆਧਾਰਾਂ ਨੂੰ ਸਮਾਜ ਦੇ ਜਾਤਿ ਆਧਾਰਤ ਵਿਕਾਸ ਲਈ ਵਰਤੋਂ ਵਿਚ ਲਿਆਂਦਾ ਗਿਆ। ਕੁਝ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਆਰੀਆ ਕਬੀਲਿਆਂ ਦੀ ਆਪਸੀ ਸ਼੍ਰੇਣੀ ਵਿਰੋਧ ਮੂਲ ਬਸ਼ਿੰਦਿਆਂ ਦੇ ਨਾਲ਼ ਟਕਰਾਓ ਅਤੇ ਉਨ੍ਹਾਂ ਨੂੰ ਅਪਣੇ ਅਧੀਨ ਕਰਨ ਦੀ ਪ੍ਰਕਿਰਿਆ ਨੇ ਵੀ ਜਾਤਿ ਆਧਾਰਤ ਸਮਾਜ ਨੂੰ ਬਣਾਉਣ ਵਿਚ ਨਿਵੇਕਲੀ ਭੂਮਿਕਾ ਨਿਭਾਈ। ਵੈਦਿਕ ਕਾਲ ਦੇ ਸਮੇਂ ਦੌਰਾਨ ਲਚਕੀਲੀ ਵਰਣ ਵਿਵਸਥਾ ਦਾ ਸਿਧਾਂਤ ਇਸ ਕਾਲ ਦੇ ਪਿਛਲੇ ਸਮੇਂ ਦੌਰਾਨ ਆ ਕੇ ਠੋਸ ਸ਼੍ਰੇਣੀਆਂ ਜਿਵੇਂ ਪ੍ਰਮੁੱਖ ਸ਼੍ਰੇਣੀ ਜਾਤਿ ਤੇ ਅਧੀਨ ਸ਼੍ਰੇਣੀ ਜਾਤਿ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਇਸ ਸਮੇਂ ਦੌਰਾਨ ਜਾਤਿ ਵਿਵਸਥਾ ਸਥਿਤੀ ਬਾਰੇ ਜ਼ਿਕਰ ਕਰਦਿਆਂ ਰਿਸ਼ੀ ਪਾਤੰਜਲੀ ਲਿਖਦੇ ਹਨ ਕਿ ਜਿਹੜੇ ਧਾਤੂ ਬਰਤਨ ਅਨੀਰਵਾਸਿਤ ਸ਼ੂਦਰ (ਜਿਵੇਂ ਕਿ ਗੰਢਕ, ਸਾਕ, ਯਵਨ) ਵਰਤਦੇ ਸਨ, ਉਨ੍ਹਾਂ ਨੂੰ ਅੱਗ ਵਿਚ ਪਾ ਕੇ ਸ਼ੁੱਧ ਕੀਤਾ ਜਾ ਸਕਦਾ ਸੀ। ਪਰ ਜੇ ਇਹ ਭਾਂਡੇ ਨੀਰਵਾਸਿਤ ਸ਼ੂਦਰ (ਜਿਵੇਂ ਕਿ ਚੰਡਾਲ ਤੇ ਮਰਤਪਾ- ਮਰੇ ਹੋਏ ਬੰਦਿਆਂ ਨੂੰ ਸ਼ਮਸ਼ਾਨਘਾਟ ਤਕ ਪਹੁੰਚਾਉਣ ਵਾਲ਼ੇ ਤੇ ਉਨ੍ਹਾਂ ਦੇ ਕੱਪੜੇ ਲੈਣ ਵਾਲ਼ੇ ਲੋਕ) ਵਰਤੋਂ ਵਿਚ ਲਿਆਂਦੇ ਹਨ, ਤਾਂ ਉਨ੍ਹਾਂ ਨੂੰ ਇਸ ਪ੍ਰਕਿਰਿਆ ਰਾਹੀਂ ਵੀ ਸ਼ੁੱਧ ਨਹੀਂ ਕੀਤਾ ਸਕਦਾ ਸੀ। ਸ਼ੂਦਰਾਂ ਦਾ ਇਸ ਤਰ੍ਹਾਂ ਦੀ ਸਾਮਾਜਿਕ ਦਰਜਾਬੰਦੀ ਬਾਰੇ ਦੂਜੀ ਸਦੀ ਈਸਾ ਪੂਰਵ ਦੀਆਂ ਲਿਖਤਾਂ ਵਿਚ ਜ਼ਿਕਰ ਮਿਲ਼ਦਾ ਹੈ।

### ਦੈਵੀ ਸਿਧਾਂਤ

ਕੱਟੜ ਬ੍ਰਾਹਮਣਾਂ ਦੀ ਨਜ਼ਰ ਵਿਚ ਉਹ ਸਭ ਲੋਕ ਜਿਹੜੇ ਬ੍ਰਾਹਮਣ ਸਮਾਜ ਤੋਂ ਬਾਹਰ ਜਾਂ ਫਿਰ ਹਾਸ਼ੀਏ ਤੇ ਧੱਕੇ ਹੋਏ ਸਨ, ਉਨ੍ਹਾਂ ਸਾਰਿਆਂ ਨੂੰ ਉਹ ਸ਼ੂਦਰ ਦੇ ਦਰਜੇ ਵਿਚ ਬੰਨ੍ਹਦੇ ਸਨ। ਇਸ ਤੋਂ ਭਾਵ ਇਹ ਹੈ ਕਿ ਕਿੱਤਾ ਤੇ ਸਾਮਾਜਿਕ ਦਰਜਾਬੰਦੀ ਜਾਤਿ ਪਛਾਣ ਵਿਚ ਰੂਪਮਾਨ ਹੁੰਦੀ ਹੈ। ਵਰਣ ਨੂੰ ਜਾਤਿ ਵਿਚ ਤਬਦੀਲ ਕਰਨ ਲਈ ਦੈਵੀ ਜਾਂ ਈਸ਼ਵਰੀ ਸ਼ਕਤੀ ਦੇ ਸਿਧਾਂਤ ਨੂੰ ਵਰਤੋਂ ਵਿਚ ਲਿਆਂਦਾ ਗਿਆ। ਚਾਰ ਵਰਣ ਤੇ ਅਣਗਿਣਤ ਜਾਤਾਂ ਦੀ ਉਤਪਤੀ ਨੂੰ ਸਹੀ ਠਹਿਰਾਉਣ ਤੇ ਉਸ ਵਿਚਲੇ ਕੁਹਜੇ ਦਰਜਾਬੰਦੀ ਸਿਧਾਂਤ ਰਾਹੀਂ ਹਿੰਦੂ ਸਮਾਜ ਦੀ ਬਹੁਲ ਸੰਖਿਆ ਨੂੰ ਉਹਦੇ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਰੱਖਣ ਵਿਚ ਇਸ ਦੈਵੀ ਸਿਧਾਂਤ ਦੀ ਜਿਸ ਤਰ੍ਹਾਂ ਬੁਣਤੀ ਬੁਣੀ ਗਈ ਹੈ, ਉਸ ਵਿਚ ਸਿਆਸਤ ਦੀ ਮੱਦ ਸਾਫ਼-ਸਾਫ਼ ਨਜ਼ਰ ਆਉਂਦੀ ਹੈ। ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਸ਼੍ਰੇਣੀਆਂ ਵਿਚ ਜਨਮ ਨੂੰ ਈਸ਼ਵਰ ਦੀ ਦੇਣ ਮੰਨ ਕੇ ਉਹਨੂੰ ਧਰਮ ਦੇ ਨਾਲ਼ ਨੂੜ ਕੇ ਉਹਦੀ ਸਦੀਵੀ ਹੋਂਦ ਦਾ ਅਡੰਬਰ ਰਚਿਆ ਗਿਆ ਹੈ। ਇਸ ਅਡੰਬਰ ਦੇ ਪਿੱਛੇ ਜੋ ਸਿਆਸਤ ਕੰਮ ਕਰਦੀ ਨਜ਼ਰ ਆਉਂਦੀ ਹੈ, ਉਹ ਹੈ ਬਹੁ-ਗਿਣਤੀ ਸ਼ੂਦਰ ਸਮਾਜ ਦੀ ਕਿਰਤ ਆਧਾਰਿਤ ਉਪਜ ਨੂੰ ਉਪਰਲੀਆਂ ਤਿੰਨਾਂ ਵਰਣ ਸ਼੍ਰੇਣੀਆਂ ਦੇ ਲਾਭ ਲਈ ਵਰਤੋਂ ਵਿਚ ਲਿਆਉਣਾ। ਇਹਦੇ ਨਾਲ਼ ਹੀ ਇਸ ਦੈਵੀ ਸਿਧਾਂਤ ਤਹਿਤ ਇਹ ਵੀ ਵਿਚਾਰ ਪੈਦਾ ਕਰਨਾ ਕਿ ਸ਼ੂਦਰ ਸਮਾਜ ਦੀ ਹੋਂਦ ਹੀ ਸੇਵਾ ਕਰਨ ਵਾਸਤੇ ਹੋਈ ਹੈ ਅਤੇ ਉਨ੍ਹਾਂ





**(ਬਾਕੀ ਅਗਲੇ ਸਫੇ ‘ਤੇ)**

# ਵਰਣ, ਧਰਮ, ਜਾਤਿ ਅਤੇ ਸਿਆਸਤ

ਨੂੰ ਇਹ ਸੇਵਾ ਅਪਣੇ ਪਿਛਲੇ ਜਨਮਾਂ ਵਿਚ ਕੀਤੇ ਕੁਕਰਮਾਂ ਤੋਂ ਉਪਜੇ ਇਸ ਨੀਵੇਂ ਪਰਿਵਾਰਾਂ ਵਿਚ ਜਨਮ ਲੈ ਕੇ ਮੁਕਤੀ ਵਾਸਤੇ ਹੈ। ਜੇ ਵਰਣ ਵਿਵਸਥਾ ਦੇ ਸਿਧਾਂਤ ਨੂੰ ਆਲੋਚਨਾਤਮਕ ਤਰੀਕੇ ਨਾਲ ਘੋਖਿਆ ਜਾਵੇ; ਤਾਂ ਇਹਦੀ ਅੰਦਰਲੀ ਦਰਜੇਬੰਦੀ ਨੂੰ ਜਿਸ ਤਰ੍ਹਾਂ ਈਸ਼ਵਰੀ ਸਿਧਾਂਤ ਰਾਹੀਂ ਮਾਨਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ; ਉਹ ਇਸ ਵਿਚਲੀ ਨਾਬਰਾਬਰੀ ਦੇ ਪਹਿਲੂਆਂ ਨੂੰ ਸਿਰਫ਼ ਲੁਕਾਉਂਦੇ ਹੀ ਨਹੀਂ, ਸਗੋਂ ਇਸ ਨੂੰ ਸਰਬ ਲੋਕਾਈ ਦੇ ਭਲਾਈ ਦੇ ਸਿਧਾਂਤ ਵਜੋਂ ਵੀ ਪੇਸ਼ ਕਰਦੀ ਹੈ। ਇਸ ਚਹੁਵਰਣੀ ਵਿਵਸਥਾ ਦੇ ਸਮਰਥਕ ਅਕਸਰ ਇਹ ਕਹਿੰਦੇ ਹੁੰਦੇ ਹਨ ਕਿ ਇਸ ਨਾਲ ਸਮਾਜ ਵਿਚ ਅਲੱਗ-ਅਲੱਗ ਖਿੱਤਿਆਂ ਦੀ ਮੁਹਾਰਤ ਉਜਾਗਰ ਹੁੰਦੀ ਹੈ, ਜਿਸ ਰਾਹੀਂ ਸਮਾਜ ਖ਼ੁਸ਼ਹਾਲੀ ਦੀਆਂ ਨਵੀਂਆਂ ਪੈੜਾਂ ਉਲੀਕਦਾ ਹੈ। ਇਹ ਵੀ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ ਜਾਤਿ ਪ੍ਰਥਾ ਤਾਂ ਵਰਣ ਦਾ ਵਿਗੜਿਆ ਹੋਇਆ ਰੂਪ ਹੈ। ਜੇ ਇਸ ਵਿੱਚੋਂ ਘਿਰਣਾ ਨੂੰ ਮਨਫ਼ੀ ਕਰ ਦਿਤਾ ਜਾਵੇ, ਤਾਂ ਫਿਰ ਜਾਤਿ ਵਿਵਸਥਾ ਦੀ ਸਮਾਜ ਦੇ ਪੱਖ ਵਿਚ ਸਿਰਜਣਾਤਮਕ ਧਿਰ ਵਜੋਂ ਸ਼ਮੂਲੀਅਤ ਕਰਵਾਈ ਜਾ ਸਕਦੀ ਹੈ। ਪਰ ਇਜੇਹਾ ਕੁਝ ਨਜ਼ਰ ਨਹੀਂ ਆਉਂਦਾ। ਜੇ ਵੇਦ ਦੀ ਹੋਂਦ ਦਾ ਸਮਾਂ 1500 ਈਸਾ ਪੂਰਵ ਮੰਨ ਲਿਆ ਜਾਵੇ; ਤਾਂ ਹੁਣ ਤਕ ਤਕਰੀਬਨ ਪੌਣੇ 4000 ਹਜ਼ਾਰ ਸਾਲ ਦਾ ਸਮਾਂ ਬੀਤ ਚੁੱਕਾ ਹੈ, ਜਿਸ ਦੌਰਾਨ ਤਾਂ ਅਜੇ ਤਕ ਇਸ ਮਨੁੱਖੀ ਨਾਬਰਾਬਰੀ ਦੇ ਖ਼ਾਤਮੇ ਦਾ ਆਲਮ ਕਿਤੇ ਵੀ ਨਜ਼ਰ ਨਹੀਂ ਆਉਂਦਾ। ਇਹਦੇ ਉਲਟ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜਾਤਿ ਦੇ ਵਿਰੋਧ ਵਿਚ ਜਾਤਿ-ਵਿਰੋਧੀ ਲਹਿਰਾਂ ਲਗਾਤਾਰ ਸਰਗਰਮ ਹਨ।

ਵਰਣ ਵਿਵਸਥਾ ਤੋਂ ਜਾਤਿ ਤਕ ਦਾ ਸਫ਼ਰ ਧਰਮ ਦੀ ਕੰਧੋੜੀ ਚੜ੍ਹ ਕੇ ਪੂਰਾ ਕੀਤਾ ਗਿਆ ਜਾਪਦਾ ਹੈ। ਧਰਮ ਨੂੰ ਸਮਝਣ ਲਈ ਨਿਯਮ, ਸਿਧਾਂਤ, ਰੀਤੀ ਰਿਵਾਜ, ਨੈਤਿਕਤਾ, ਕਰਤੱਵ, ਦਯਾ ਅਤੇ ਧਰਮੀ ਆਚਰਣ ਆਦਿ ਵਿਸ਼ਿਆਂ ਨੂੰ ਇਸ ਚਰਚਾ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਧਰਮ ਨੂੰ ਉਨ੍ਹਾਂ ਸਾਰੇ ਨਿਯਮਾਂ ਤੇ ਸਿਧਾਂਤਾਂ ਦੇ ਸੰਗ੍ਰਹਿ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਸ ਰਾਹੀਂ ਮਨੁੱਖ ਦੇ ਨਿਜੀ ਤੇ ਸਾਮਾਜਿਕ ਵਿਹਾਰ ਤੇ ਉਹਦੀ ਸਮੁਦਾਇ ਦੇ ਸਾਮੂਹਿਕ ਵਿਹਾਰ ਨੂੰ ਇਸ ਰਾਹੀਂ ਨਿਰਧਾਰਿਤ ਕੀਤਾ ਜਾਂਦਾ ਰਿਹਾ ਹੈ। ਧਰਮ ਦਾ ਘੇਰਾ ਇੰਨਾ ਵਿਸ਼ਾਲ ਹੈ ਕਿ ਇਹ ਮਨੁੱਖ ਤੇ ਮਨੁੱਖੀ ਸਮਾਜ ਦੀਆਂ ਤਮਾਮ ਪੱਧਰਾਂ ਤੇ ਵੱਖ-ਵੱਖ ਮਨੁੱਖੀ ਸਮਾਜ ਦੀਆਂ ਸ਼੍ਰੇਣੀਆਂ ਨੂੰ ਅਪਣੇ ਕਲਾਵੇ ਵਿਚ ਸਮੋ ਲੈਂਦਾ ਹੈ। ਦੂਜੇ ਸ਼ਬਦਾਂ ਵਿਚ ਧਰਮ ਨੂੰ ਨਿਯਮਾਂ ਵਜੋਂ ਵਰਤਦਿਆਂ 'ਕੀ ਗ਼ਲਤ ਹੈ ਤੇ ਕੀ ਠੀਕ ਹੈ' ਆਦਿ ਦਾ ਨਿਰਣਾ ਵੀ ਕੀਤਾ ਜਾਂਦਾ ਹੈ। ਧਰਮ ਸ਼ਾਸਤਰਾਂ ਵਿਚ ਇਸ ਬਾਰੇ ਜੋ ਧਾਰਣਾ ਮਿਲਦੀ ਹੈ, ਉਹਦਾ ਸਿੱਧਾ-ਸਿੱਧਾ ਸੰਬੰਧ ਕਰਤੱਵ ਨਾਲ ਪੂਰੀ ਈਮਾਨਦਾਰੀ ਨਾਲ ਜੋੜਿਆ ਹੋਇਆ ਮਿਲਦਾ ਹੈ। ਕਰਤੱਵ, ਵਰਣ ਵਿਵਸਥਾ ਤੇ ਜਾਤਿ-ਆਧਾਰਿਤ ਸਮਾਜ ਦੀਆਂ ਬੰਦਿਸ਼ਾਂ ਨੂੰ ਬਰਕਰਾਰ ਰੱਖਣ ਦਾ ਦੂਜਾ ਨਾਂ ਵੀ ਹੈ। ਧਰਮ ਪਾਲਣ ਦੇ ਸਿਧਾਂਤ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਹਰ ਮਨੁੱਖ ਆਪੋ ਅਪਣੀ ਸਾਮਾਜਿਕ ਸੀਮਾ ਜੋ ਕਿ ਉਹਦੇ ਵਰਣ ਨਾਲ ਜੁੜੀ ਹੋਈ ਹੈ, ਉਹਦੀਆਂ ਬੰਦਿਸ਼ਾਂ ਵਿਚ ਹੀ ਅਪਣਾ ਜੀਵਨ ਨਿਰਬਾਹ ਕਰੇ। ਵਰਣ ਤੇ ਜਾਤਿ ਦੀ ਸੀਮਾ ਦੀ ਉਲੰਘਣਾ ਨੂੰ ਧਰਮ ਦੇ ਵਿਰੁੱਧ ਕਾਰਵਾਈ ਮੰਨਿਆ ਜਾਂਦਾ ਹੈ।

### ਕਿਹੜੇ ਲੋਕਾਂ ਦਾ ਫ਼ਾਇਦਾ ਤੇ ਕਿਹੜੇ ਲੋਕਾਂ ਦਾ ਨੁਕਸਾਨ

ਹੁਣ ਜੋ ਮੁੱਖ ਸਵਾਲ ਉੱਠਦਾ ਹੈ, ਉਹ ਇਹ ਹੈ ਕਿ ਇਸ ਪੂਰੇ ਧਰਮ ਸ਼ਾਸਤਰ ਵਿਧਾਨ ਰਾਹੀਂ ਕਿਹੜੇ ਲੋਕਾਂ ਨੂੰ ਲਾਭ ਤੇ ਕਿਹੜੇ ਲੋਕਾਂ ਨੂੰ ਨੁਕਸਾਨ ਹੁੰਦਾ ਹੈ? ਵਰਣ ਤੇ ਜਾਤਿ ਵੰਡ ਨਿਰਸੰਦੇਹ ਪਹਿਲੇ ਤਿੰਨ ਵਰਣਾਂ ਦੇ ਹੱਕ ਵਿਚ ਭੁਗਤਦੀ ਹੈ। ਜਿਥੋਂ ਤਕ ਵਰਣ ਵਿਵਸਥਾ ਦੇ ਆਖ਼ਿਰੀ ਭਾਗ ਸ਼ੂਦਰ ਸਮਾਜ ਦਾ ਸੰਬੰਧ ਹੈ, ਉਹਦੇ ਪੱਲੇ ਸਿਵਾਏ ਦੂਜਿਆਂ ਦੀ ਸੇਵਾ ਤੇ ਅਪਣੇ ਸ਼ੋਸ਼ਣ ਦਾ ਸ਼ਿਕਾਰ ਹੋਣ ਦੇ ਇਲਾਵਾ ਕੁਝ ਵੀ ਨਹੀਂ ਪੈਂਦਾ। ਜੇ ਧਿਆਨ ਨਾਲ ਦੇਖਿਆ ਜਾਵੇ ਕਿ ਇਹ ਸ਼ੂਦਰ ਲੋਕ ਕੌਣ ਹਨ ਤੇ ਇਨ੍ਹਾਂ ਦੀ ਸਮਾਜ ਵਿਚ ਕਿੰਨੀ ਸੰਖਿਆ ਹੈ ਅਤੇ ਇਨ੍ਹਾਂ ਦੇ ਰੋਜ਼ਮੱਰਾ ਜੀਵਨ ਦੇ ਕੀ ਹਾਲਾਤ ਹਨ, ਤਾਂ ਉਪਰੋਕਤ ਉਠਾਏ ਸਵਾਲ ਦਾ ਉੱਤਰ ਲੱਭਣਾ ਔਖਾ ਨਹੀਂ ਹੈ। ਸ਼ੂਦਰ ਸ਼੍ਰੇਣੀ ਵਿਚ ਉਨ੍ਹਾਂ ਸਭ ਲੋਕਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜੋ ਅਪਣੇ ਹੱਥੀਂ ਕਾਰ ਤੇ ਮਿਹਨਤ-ਮੁਸ਼ੱਕਤ ਕਰਦੇ ਹਨ। ਇਹ ਉਹ ਸਾਰੇ ਲੋਕ ਕਿਰਤੀ ਕਾਮੇ ਅਖਵਾਉਂਦੇ ਹਨ, ਜੋ ਅਪਣੇ ਕੰਮ ਕਰਦੇ ਹਨ। ਜਿਥੋਂ ਤਕ ਉਪਰਲੇ ਤਿੰਨ ਵਰਗਾਂ ਦਾ ਸੰਬੰਧ ਹੈ; ਉਨ੍ਹਾਂ ਦੇ ਸੰਬੰਧ ਲੋਕ ਸ਼ਾਸਨ, ਅਧਿਕਾਰੀ ਸ਼ਾਸਨ ਦੇ ਸਲਾਹਕਾਰ, ਰਾਜ ਦੀ ਰੱਖਿਆ ਤੇ ਵਣਜ-ਵਪਾਰ ਦੇ ਧੰਦਿਆਂ ਦੇ ਨਾਲ ਹੁੰਦਾ ਹੈ। ਭਾਵੇਂ ਸ਼ਾਸਨ ਦੇ ਅਧਿਕਾਰੀ ਤੇ ਸਲਾਹਕਾਰ ਕਲਮ ਦੀ ਵਰਤੋਂ ਕਰਦੇ ਹਨ ਅਤੇ ਵਣਜ ਨੂੰ ਪਰਣਾਏ ਲੋਕ ਤਰਾਜ਼ੂ ਆਦਿ ਵਰਤਦੇ ਹਨ, ਪਰ ਇਹ ਤਿੰਨੋਂ ਉਪਰਲੇ ਵਰਣ ਉਪਜ ਵਿਚ ਹਿੱਸਾ ਨਹੀਂ ਲੈਂਦੇ। ਉਪਜਾਊ ਕੰਮ ਤਾਂ ਸ਼ੂਦਰ ਹੀ ਕਰਦੇ ਹਨ। ਸ਼ੂਦਰਾਂ ਵਿੱਚੋਂ ਜਿਨ੍ਹਾਂ ਲੋਕਾਂ ਦੇ ਕੰਮ ਦਾ ਨਾਤਾ ਮਨੁੱਖੀ ਮੈਲ ਤੇ ਪਸ਼ੂਆਂ ਦੀ ਮਰਗ ਦੀ ਸਾਂਭ-ਸੰਭਾਲ ਤੇ ਸਾਫ਼-ਸਫ਼ਾਈ ਨਾਲ ਹੈ, ਉਨ੍ਹਾਂ ਨੂੰ ਅਤਿ ਸ਼ੂਦਰ ਜਾਂ ਫਿਰ ਅਛੂਤ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਇਹ ਉਹ ਹੀ ਲੋਕ ਹਨ, ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਵਿਚ ਅਨੁਸੂਚਿਤ ਸ਼੍ਰੇਣੀਆਂ ਵਜੋਂ ਅੰਕਿਤ ਕੀਤਾ ਗਿਆ ਹੈ। ਸ਼ੂਦਰਾਂ ਤੇ ਅਤਿ-ਸ਼ੂਦਰਾਂ ਦੀ ਕੁੱਲ ਸੰਖਿਆ 85% ਦੇ ਲਾਗੇ ਮੰਨੀ ਜਾਂਦੀ ਹੈ ਅਤੇ ਪਹਿਲੇ ਤਿੰਨ ਵਰਣਾਂ ਨਾਲ ਸੰਬੰਧਤ ਲੋਕਾਂ ਦੀ ਸੰਖਿਆ 15% ਤਕ ਖੜ੍ਹ ਜਾਂਦੀ ਹੈ। ਇਸ ਹਵਾਲੇ ਨਾਲ 85 ਪ੍ਰਤੀਸ਼ਤ ਲੋਕਾਂ ਨੂੰ ਸਾਮਾਜਿਕ ਰੁਤਬੇ ਵਜੋਂ 15 ਪ੍ਰਤੀਸ਼ਤ ਲੋਕਾਂ ਦੇ ਰੁਤਬੇ ਦੇ ਮੁਕਾਬਲਤਨ ਨੀਵੇਂ ਪੱਧਰ 'ਤੇ ਪੇਸ਼ ਕਰਨਾ ਧਰਮ ਤੇ ਕਰਤੱਵ ਵੱਲ ਉਂਗਲ ਉਠਾਉਂਦਾ ਹੈ, ਜੋ ਕਿ ਇਜੇਹੀ ਕਾਣੀ ਸਮਾਜੀ ਵਿਵਸਥਾ ਨੂੰ ਰੱਬੀ ਵਰਦਾਨ ਦਰਸਾਉਂਦਾ ਹੈ। ਇਹ ਉਹੀ ਸੰਦਰਭ ਹੈ, ਜਿਹਦੇ ਨੇੜਿਓਂ ਨਿਰੀਖਣ ਕਰਨ 'ਤੇ ਧਰਮ, ਜਾਤਿ ਤੇ ਸਿਆਸਤ ਦੇ ਰਲਗੱਡ ਹੋਣ ਦੀ ਕਨਸੋਅ ਮਿਲਦੀ ਹੈ। ਧਰਮ ਸ਼ਾਸਤਰ ਦੇ ਵਿਚਲੇ ਧਰਮ ਦਾ ਨਾਤਾ ਨੈਤਿਕਤਾ ਨਾਲ ਨਾ ਜੁੜਕੇ, ਕੀ ਠੀਕ ਹੈ, ਕੀ ਗ਼ਲਤ ਹੈ ਆਦਿ ਨਾਲ ਜੋੜਿਆ ਜਾਂਦਾ ਹੈ। ਗ਼ਲਤ ਤੇ ਠੀਕ ਦਾ ਸੰਬੰਧ ਨਿਯਮਾਂ ਨਾਲ ਹੈ। ਇਸੇ ਨਿਯਮ ਦੀ ਤਰੀਕੇ ਨਾਲ ਪਾਲਣਾ ਨੂੰ ਚੰਗਾ ਵਿਹਾਰ ਮੰਨਿਆ ਜਾਂਦਾ ਹੈ, ਅਤੇ ਇਹਦੀ ਉਲੰਘਣਾ ਨੂੰ ਬੁਰਾ ਵਿਹਾਰ ਮੰਨਿਆ ਜਾਂਦਾ ਹੈ। ਨੈਤਿਕਤਾ ਦਾ ਸੰਬੰਧ ਨਿਯਮਾਂ ਨਾਲ ਨਹੀਂ, ਬਲਕਿ ਸਿਧਾਂਤਾਂ ਨਾਲ ਹੈ। ਨਿਯਮ ਸਾਨੂੰ ਦੱਸਦੇ ਹਨ ਕਿ ਕੀ ਠੀਕ ਹੈ ਤੇ ਕੀ ਗ਼ਲਤ ਹੈ, ਕਿਹੜੇ ਕੰਮ ਕਰਨੇ ਹਨ ਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਕਰਨਾ ਹੈ। ਧਰਮ ਸੂਤਰਾਂ ਤੇ ਸਿਮ੍ਰਤੀਆਂ ਦੇ ਘੜੇ ਨਿਯਮ ਹਿੰਦੂ ਸਮਾਜ ਤੋਂ ਇਹ ਹੀ ਉਮੀਦ ਕਰਦੇ ਹਨ। ਜਦ ਕਿ ਸਿਧਾਂਤ ਇਹ ਦੱਸਦੇ ਹਨ ਕੇ ਕੀ ਕਰਨਾ ਹੈ ਤੇ ਕਿਸ ਤਰ੍ਹਾਂ ਕਰਨਾ ਹੈ। ਸਿਧਾਂਤ ਸਾਨੂੰ ਵਿਆਖਿਆ ਅਤੇ ਫੈਸਲੇ ਦੀ ਗੱਲ ਕਰਦੇ ਹਨ। ਨਿਯਮ ਤਾਂ ਬੰਦੇ ਨੂੰ ਆਗਿਆਕਾਰੀ ਬਣਾਉਂਦੇ ਹਨ। ਸਿਧਾਂਤ ਉਸ ਵਿਚ ਸਿਰਜਣਾਤਮਕਤਾ ਦੀ ਪ੍ਰਵਿਰਤੀ ਪੈਦਾ ਕਰਦੇ ਹਨ। ਨਿਯਮ ਮਨੁੱਖੀ ਕਰਤਵ ਨੂੰ ਨਿਰਧਾਰਿਤ ਕਰਨ ਦੀ ਗੱਲ ਕਰਦੇ ਹਨ, ਜਦਕਿ ਸਿਧਾਂਤ ਜ਼ਿੰਮੇਵਾਰ ਆਜ਼ਾਦੀ ਦੀ ਗੱਲ ਕਰਦੇ ਹਨ। ਇਸ ਲਈ ਸਹੀ ਮਾਅਨਿਆਂ ਵਿਚ ਧਰਮ ਦਾ ਸੰਬੰਧ ਸਿਧਾਂਤਾਂ ਨਾਲ ਹੋਣਾ ਚਾਹੀਦਾ ਹੈ, ਨਾ ਕਿ ਨਿਯਮਾਂ ਨਾਲ। ਅੰਬੇਡਕਰ ਦਾ ਮੰਨਣਾ ਹੈ ਕਿ ਸਿਧਾਂਤ ਗ਼ਲਤ ਹੋ ਸਕਦੇ ਹਨ, ਪਰ ਸਿਧਾਂਤਾਂ ਦੇ ਤਹਿਤ ਕੀਤਾ ਹੋਇਆ ਕਰਮ ਚੇਤੰਨ ਤੇ ਜ਼ਿੰਮੇਵਾਰ ਹੋਵੇਗਾ। ਨਿਯਮ ਤਾਂ ਠੀਕ ਹੋ ਸਕਦਾ ਹੈ, ਪਰ ਉਹਦੇ ਤਹਿਤ ਕੀਤਾ ਕੰਮ ਮਕਾਨਕੀ ਹੁੰਦਾ ਹੈ। ਧਾਰਮਿਕ ਕਰਮ ਹੋ ਸਕਦਾ ਹੈ ਕਿ ਗ਼ਲਤ ਹੋਵੇ, ਪਰ ਉਹ ਜ਼ਰੂਰੀ ਤੌਰ 'ਤੇ ਜ਼ਿੰਮੇਵਾਰਾਨਾ ਹੋਵੇਗਾ। ਨਿਯਮ ਉਪਰੋਂ ਥੋਪੇ ਜਾਂਦੇ ਹਨ। ਉਹ ਮਨੁੱਖਾਂ ਤੋਂ ਉਨ੍ਹਾਂ ਪ੍ਰਤੀ ਆਗਿਆਕਾਰੀ ਹੋਣਾ ਮੰਗਦੇ ਹਨ। ਜਦ ਕਿ ਸਿਧਾਂਤਾਂ ਦਾ ਸੰਬੰਧ ਮਨੁੱਖ ਦੀ ਅੰਤਰ ਆਤਮਾ ਨਾਲ ਹੁੰਦਾ ਹੈ, ਜੋ ਕਿ ਉਹ ਨੂੰ ਸਹੀ ਤੇ ਗ਼ਲਤ ਦੀ ਪਛਾਣ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। ਧਰਮ ਸ਼ਾਸਤਰਾਂ ਵਿਚਲੇ ਨਿਯਮ 'ਕੀ ਗ਼ਲਤ ਜਾਂ ਕੀ ਸਹੀ ਹੈ' ਦੀ ਪਛਾਣ ਨਹੀਂ ਕਰਾਉਂਦੇ, ਸਗੋਂ ਉਹ ਤਾਂ ਵਰਣ ਵਿਵਸਥਾ ਤੇ ਜਾਤਿ ਵੰਡ ਨਾਲ ਜੁੜੀਆਂ ਲਾਜ਼ਿਮੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਗੱਲ ਕਰਦੇ ਹਨ।

ਧਰਮ ਸ਼ਾਸਤਰ ਵਿਚਲੇ ਨਿਯਮਾਂ ਦੇ ਨਜ਼ਰੀਏ ਤੋਂ ਦੇਖਦਿਆਂ ਧਰਮ ਦੀ ਜੋ ਦਿੱਖ ਬਣਦੀ ਹੈ, ਉਹ ਅਧਿਆਤਮਕ ਨੈਤਿਕ ਕਦਰਾਂ-ਕੀਮਤਾਂ ਤੋਂ ਹਟਕੇ 'ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ' ਆਦਿ ਦੀ ਵਿਆਕਰਣ ਨਾਲ ਜੁੜ ਜਾਂਦੀ ਹੈ। ਉਪਰੋਕਤ ਦਰਸਾਏ ਨਿਯਮ ਜਿਸ ਤਰ੍ਹਾਂ ਵਰਣ ਤੇ ਜਾਤਿ ਵਰਗ ਸਮਾਜ ਦੀ ਪੈਰਵਾਈ ਕਰਦੇ ਹਨ, ਉਸ ਨਾਲ ਅਲੱਗ-ਅਲੱਗ ਜਾਤਾਂ ਦੇ ਸਾਮਾਜਿਕ ਤੇ ਆਰਥਿਕ ਅਦਾਰੇ ਪੱਕੇ ਤੌਰ 'ਤੇ ਨਿਰਧਾਰਿਤ ਕੀਤੇ ਮਿਲਦੇ ਹਨ। ਮਿਸਾਲ ਵਜੋਂ ਮੋਚੀ ਦਾ ਪੁੱਤਰ ਮੋਚੀ ਹੀ ਰਹੇਗਾ ਤੇ ਉਹਦਾ ਜੋ ਸਾਮਾਜਿਕ ਪੱਧਰ ਹੈ, ਉਹ ਉਸ ਤੋਂ ਪਾਰ ਨਹੀਂ ਜਾ ਸਕਦਾ। ਅਜਿਹੀ ਕਾਣੀ ਨੀਤੀ ਨੇ ਸਮਾਜ ਨੂੰ ਅਲੱਗ-ਅਲੱਗ ਦਰਜੇਵਾਰ ਸਾਮਾਜਿਕ ਪੱਧਰ ਦੇ ਆਧਾਰ 'ਤੇ ਸਿਰਫ਼ ਵੰਡਿਆ ਹੀ ਨਹੀਂ, ਸਗੋਂ ਉਸ ਵਿਚਲਾ ਮੈਤਰੀ ਭਾਵ – ਜੋ ਕਿ ਸਮਾਜ ਦੀ ਰੂਹ ਹੁੰਦਾ ਹੈ – ਉਹਨੂੰ ਬੁਰੀ ਤਰ੍ਹਾਂ ਵਲੂੰਧਰਿਆ ਹੈ। ਜੇ ਅਸੀਂ ਜਾਤਿਵਾਦੀ ਸਮਾਜ ਵਿਚ ਕਿਸ ਤਰ੍ਹਾਂ ਦੇ ਪਰਉਪਕਾਰੀ ਉਦਮਾਂ ਦੀ ਗੱਲ ਕਰਦੇ ਹਾਂ, ਤਾਂ ਇਜੇਹਾ ਉੱਦਮ ਜਾਤਿ ਵਿਸ਼ੇਸ਼ ਤਕ ਹੀ ਸੀਮਿਤ ਰਹਿੰਦਾ ਹੈ। ਮਿਸਾਲ ਵਜੋਂ ਵੱਖ-ਵੱਖ ਜਾਤਿ ਸਮੁਦਾਇ ਅਪਣੇ ਵੱਖਰੇ-ਵੱਖਰੇ ਭਵਨ ਬਣਾ ਕੇ ਉਨ੍ਹਾਂ ਵਿਚ ਅਪਣੇ ਸਮੁਦਾਇ ਦੇ ਲੋਕਾਂ ਨੂੰ ਹੀ ਸਹੂਲਤਾਂ ਦਿੰਦੇ ਹਨ। ਇਹ ਦਸਤੂਰ ਆਮ ਸ਼ਹਿਰਾਂ ਵਿਚ ਜਾਤਾਂ ਦੇ ਨਾਮ ਤ ਉਸਰੀਆਂ ਧਰਮਸ਼ਾਲਾਵਾਂ ਤੇ ਭਵਨਾਂ ਵਿਚ ਦੇਖਿਆ ਜਾ ਸਕਦਾ ਹੈ। ਐਸੀਆਂ ਜਾਤਿ-ਆਧਾਰਿਤ ਹਾਲਤਾਂ ਜਿਸ ਤਰ੍ਹਾਂ ਦੀ ਸਿਆਸਤ ਨੂੰ ਜਨਮ ਦਿੰਦੀਆਂ ਹਨ ਜਾਂ ਫਿਰ ਸਿਆਸਤ ਦਾ ਹਿੱਸਾ ਬਣਦੀਆਂ ਹਨ, ਉਹਦਾ ਸਮਾਜ ਨੂੰ ਜੋੜਨ ਦੀ ਬਜਾਏ ਵੰਡੀਆਂ ਪਾਉਣ ਵੱਲ ਜ਼ਿਆਦਾ ਝੁਕਾਅ ਰਹਿੰਦਾ ਹੈ। ਇਸ ਤਰ੍ਹਾਂ ਲਗਦਾ ਹੈ ਕਿ ਧਰਮ ਤੇ ਸਿਆਸਤ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਜਾਤਿਗਤ ਸਮਾਜ ਬਹੁਤ ਲੰਮੇ ਸਮੇਂ ਤੋਂ ਅਪਣੀ ਹੋਂਦ ਨੂੰ ਅਖੌਤੀ ਧਰਮ ਗ੍ਰੰਥਾਂ ਵਿਚ ਅੰਕਿਤ ਨਿਯਮਾਂ ਦੇ ਸਹਾਰੇ ਬਰਕਰਾਰ ਰੱਖਦਾ ਆ ਰਿਹਾ ਹੈ। ਇਹ ਨਿਯਮ ਮਹਿਜ਼ ਨਿਯਮ ਨਾ ਰਹਿ ਕੇ ਧਰਮ ਦਾ ਹੀ ਸਥਾਨ ਹਾਸਿਲ ਕਰ ਚੁੱਕੇ ਹਨ। ਇਨ੍ਹਾਂ ਨਿਯਮਾਂ ਸਦਕਾ ਹੀ ਅਛੂਤ ਸਮਾਜ ਨੂੰ ਧਾਰਮਿਕ ਸਥਾਨਾਂ ਵਿਚ ਆਉਣ-ਜਾਣ ਤੇ ਪ੍ਰਭੂ ਦੀ ਭਗਤੀ ਕਰਨ ਤੋਂ ਰੋਕਿਆ ਜਾਂਦਾ ਰਿਹਾ ਹੈ। ਇਹ ਆਪਣੇ-ਆਪ ਵਿਚ ਵਿਰੋਧਾਭਾਸ ਹੈ ਕਿ ਭਾਵੇਂ ਅਤਿ ਸ਼ੂਦਰ ਹਿੰਦੂ ਸਮਾਜ ਦਾ ਅੰਗ ਮੰਨੇ ਜਾਂਦੇ ਹਨ, ਪਰ ਉਨ੍ਹਾਂ ਦੀ ਇਸ ਸਮਾਜ ਦੇ ਧਾਰਮਿਕ ਕਾਰਜਾਂ ਤੇ ਸਥਾਨਾਂ ਵਿਚ ਸ਼ਮੂਲੀਅਤ ਨੂੰ ਮਨ੍ਹਾ ਕੀਤਾ ਜਾਂਦਾ ਰਿਹਾ ਹੈ। ਅਛੂਤ ਲੋਕਾਂ ਦਾ ਇਸਲਾਮ, ਈਸਾਈ ਤੇ ਸਿੱਖ ਧਰਮ ਵੱਲ ਝੁਕਾਅ ਹੋਣਾ ਉਨ੍ਹਾਂ ਦੇ ਉਤਪੀੜਿਤ ਹੋਣ ਦਾ ਹੀ ਸਿੱਟਾ ਹੈ। ਹਿੰਦੂ ਸਮਾਜ ਵਿੱਚੋਂ ਅਛੂਤ ਲੋਕਾਂ ਦੇ ਦੂਜੇ ਧਰਮਾਂ ਵਿਚ ਪ੍ਰਵੇਸ਼ ਹੋਣ ਨਾਲ ਜਾਤਿ ਵੰਡ ਵਾਲੀ ਰਾਜਨੀਤੀ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਇਸ ਹਾਲਤ ਵਿਚ ਜਾਤਿ ਤਣਾਓ ਧਰਮ ਤਣਾਓ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਲਵ ਜਿਹਾਦ ਆਦਿ ਇਸ ਦੇ ਹੀ ਸਿੱਟੇ ਹਨ।




ਵਰਣ ਤੇ ਜਾਤਿ ਦੇ ਆਧਾਰ 'ਤੇ ਪੈਦਾ ਹੋਈਆਂ ਸਾਮਾਜਿਕ ਅਲਾਮਤਾਂ ਦੇ ਵਿਰੋਧ ਵਿਚ ਵੱਖ-ਵੱਖ ਸਮਿਆਂ ਦੌਰਾਨ ਧਾਰਮਿਕ, ਸਾਮਾਜਿਕ ਅਤੇ ਰਾਜਨੀਤਿਕ ਲਹਿਰਾਂ ਉੱਠਦੀਆਂ ਰਹੀਆਂ ਹਨ। ਐਸੀਆਂ ਬਹੁਤ ਸਾਰੀਆਂ ਲਹਿਰਾਂ ਦਾ ਸੰਬੰਧ ਸ਼ੂਦਰ ਤੇ ਅਤਿ-ਸ਼ੂਦਰ ਜਾਤਾਂ ਨਾਲ ਰਿਹਾ ਹੈ। ਇਨ੍ਹਾਂ ਸਾਰੀਆਂ ਲਹਿਰਾਂ ਵਿੱਚੋਂ ਭਗਤੀ ਲਹਿਰਾਂ ਦਾ ਯੋਗਦਾਨ ਅਹਿਮ ਰਿਹਾ ਹੈ। ਭਗਤੀ ਲਹਿਰ ਸੱਤਵੀਂ ਸਦੀ ਵਿਚ ਦੱਖਣ ਵਿਚੋਂ ਸ਼ੁਰੂ ਹੋ ਕੇ ਪੰਦਰਵੀਂ ਸਦੀ ਦੌਰਾਨ ਉਤਰੀ ਭਾਰਤ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਅਖ਼ਤਿਆਰ ਕਰ ਗਈ ਸੀ। ਕਬੀਰ ਬਾਣੀ ਤੇ ਰਵਿਦਾਸ ਬਾਣੀ ਮਨੁੱਖਤਾ ਨੂੰ ਜਾਤਿ ਵੰਡ ਤੋਂ ਨਜਾਤ ਦਿਵਾ ਕੇ ਉਨ੍ਹਾਂ ਨੂੰ ਅਸਲ ਅਧਿਆਤਮਕ ਧਰਮ ਦਾ ਪਾਠ ਪੜ੍ਹਾਉਂਦੀ ਹੈ। ਅਸਲ ਵਿਚ ਭਗਤੀ ਲਹਿਰ ਅਖੌਤੀ ਧਰਮ ਸ਼ਾਸਤਰ ਆਧਾਰਿਤ ਧਰਮ ਤੇ ਉਸ ਵਿੱਚੋਂ ਉਪਜੀ ਸਿਆਸਤ ਦੇ ਸੁਮੇਲ ਦੇ ਵਿਰੋਧ ਵਿੱਚੋਂ ਪੈਦਾ ਹੁੰਦੀ ਹੈ। ਗੁਰੂ ਸਾਹਿਬਾਨ ਦਾ ਸਿੱਖ ਫ਼ਲਸਫ਼ਾ ਵੀ ਜਾਤਿ ਤੋਂ ਮੁਕਤ ਤੇ ਮੈਤਰੀ ਭਾਵ ਨਾਲ ਭਰਪੂਰ ਸਮਾਜ ਦੀ ਉਸਾਰੀ ਵੱਲ ਠੋਸ ਕਦਮ ਹੈ। ਗੁਰੂ ਸਾਹਿਬਾਨ ਦਾ ਫ਼ਲਸਫ਼ਾ ਮਹਿਜ਼ ਫ਼ਲਸਫ਼ਾ ਨਾ ਰਹਿ ਕੇ ਨਿਰੋਲ ਨਵੇਂ ਸਮਾਜ ਦੀ ਸਥਾਪਨਾ ਕਰਦਾ ਹੈ, ਜਿਹਦੀ ਨੀਂਹ ਬਾਬਾ ਨਾਨਕ ਜੀ ਨੇ ਕਰਤਾਰਪੁਰ ਵਸਾ ਕੇ ਰੱਖੀ ਸੀ। ਬਾਬਾ ਨਾਨਕ ਦੀ ਬਾਣੀ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ' ਕਿਰਤ ਆਧਾਰਿਤ ਸਮਾਜ ਦੀ ਮੂੰਹੋਂ ਬੋਲਦੀ ਤਸਵੀਰ ਹੈ। ਬਾਬੇ ਨਾਨਕ ਨੇ ਅਪਣੀ ਬਾਣੀ ਵਿਚ ਈਸ਼ਵਰ ਦੀ ਪ੍ਰਾਪਤੀ ਤੇ ਉਹਦੀ ਦਯਾ ਤੇ ਮਿਹਰ ਦਾ ਰਸਤਾ ਪਾਠ-ਪੂਜਾ ਦੀ ਬਜਾਏ ਸਦੀਆਂ ਤੋਂ ਲਤਾੜੇ ਹੋਏ ਸਮਾਜ ਦੇ ਵੱਡੇ ਸਮੂਹ ਨੂੰ ਗਲੇ ਲਾਉਣ ਵਿਚ ਨਿਕਲਦਾ ਦਰਸਾਇਆ ਹੈ। ਉਨ੍ਹਾਂ ਦੇ ਇਸ ਲਾਸਾਨੀ ਰਸਤੇ ਦੀ ਪਰਪੱਕਤਾ 'ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ' ਵਿਚ ਸਾਫ਼ ਦਿਖਾਈ ਦਿੰਦੀ ਹੈ। ਬਾਬੇ ਨਾਨਕ ਦੇ ਘਰ ਦੀ ਬਾਣੀ ਤੇ ਮਨੁੱਖੀ ਬਰਾਬਰੀ ਦਾ ਫ਼ਲਸਫ਼ਾ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਅਦੁੱਤੀ ਸਮੇਂ ਦੌਰਾਨ ਐਸੇ ਸਮਾਜ ਦੀ ਉਸਾਰੀ ਵਿਚ ਤਬਦੀਲ ਹੁੰਦਾ ਹੈ, ਜਿਸ ਵਿਚ ਜਾਤਿ ਵੰਡ ਦਾ ਕੋਈ ਨਾਮੋ-ਨਿਸ਼ਾਨ ਨਹੀਂ ਰਹਿੰਦਾ ਤੇ ਮਰਦ ਤੇ ਔਰਤ ਦੀ ਬਰਾਬਰੀ ਇਸ ਸਮਾਜ ਵਿਚ ਸਹੀ ਮਾਅਨਿਆਂ ਵਿਚ ਮਨੁੱਖੀ ਜੀਵਨ ਦੀ ਪੂਰਤੀ ਦਾ ਰਾਹ ਦਰਸਾਉਂਦੀ ਹੈ। ਇਹ ਲਾਸਾਨੀ ਰਸਤਾ ਸਿਆਸਤ ਨੂੰ ਧਰਮ ਦੇ ਆਧਾਰ 'ਤੇ ਵਰਤੋਂ ਵਿਚ ਲਿਆਉਣ ਤੋਂ ਰੋਕਦਾ ਹੈ। ਅਸਲ ਵਿਚ ਸਿਆਸਤ ਹੀ ਹੈ, ਜੋ ਧਰਮ ਨੂੰ ਧਰਮ ਬਣਨ ਤੋਂ ਰੋਕਦੀ ਹੈ। ਸਿੱਖ ਪੰਥ ਵਿਚ ਜਾਤਿ ਦੇ ਆਧਾਰ 'ਤੇ ਡੇਰਿਆਂ ਦਾ ਉਸਰਨਾ ਇਹਦਾ ਇਹਦਾ ਪ੍ਰਤੱਖ ਪ੍ਰਮਾਣ ਹੈ। ਜੇ ਧਰਮ ਵਿਚ ਕੋਈ ਐਸੀ ਮਦ ਹੈ; ਜਿਸ ਨਾਲ ਸਿਆਸਤ ਨੂੰ ਹਵਾ ਮਿਲਦੀ ਹੈ, ਤਾਂ ਉਸ ਵਿੱਚੋਂ ਉਪਜੀ ਸਿਆਸਤ ਤੇ ਧਰਮ ਦੋਨੋਂ ਸਵੈ ਵਿਨਾਸ਼ਕਾਰੀ ਹੋ ਨਿਬੜਦੇ ਹਨ। ਇਸ ਲਈ ਵਰਣ, ਧਰਮ, ਜਾਤਿ ਤੇ ਸਿਆਸਤ ਦੇ ਆਪਸੀ ਸੰਬੰਧ ਨੂੰ ਸਮਝ ਕੇ ਇਸ ਬਾਰੇ ਨਿਰਪੱਖ ਨਿਰਣਾ ਕਰਨਾ ਕਾਫ਼ੀ ਟੇਢਾ ਮਸਲਾ ਹੈ, ਜਿਸ ਨੂੰ ਇਸ ਲੇਖ ਵਿਚ ਸਮਝਣ ਦਾ ਇਹ ਬਹੁਤ ਛੋਟਾ-ਜਿਹਾ ਉਪਰਾਲਾ ਹੈ। ਇਸ ਬਾਰੇ ਨਿੱਠ ਕੇ ਖੋਜ ਕਰਨ ਦੀ ਲੋੜ ਹੈ।

***ਲੇਖਕ ਬਾਰੇ:*** *ਪੰਜਾਬ ਯੂਨੀਵਰਸਟੀ ਦੇ ਪੁਲੀਟੀਕਲ ਸਾਇੰਸ ਡੀਪਾਰਟਮੈਂਟ ਵਿਚ ਸ਼ਹੀਦ ਭਗਤ ਸਿੰਘ ਚੇਅਰ ਦੇ ਪ੍ਰੋਫ਼ੈਸਰ ਰਾਜਨੀਤੀਵਾਨ ਰੌਣਕੀ ਰਾਮ ਹੁਣ ਇੰਗਲੈਂਡ ਦੀ ਵੁਲਵਰਹੈਂਪਟਨ ਯੂਨੀਵਰਸਟੀ ਦੇ ਸੈਂਟਰ ਫ਼ੌਰ ਸਿੱਖ ਐਂਡ ਪੰਜਾਬੀ ਸਟੱਡੀਜ਼ ਦੇ ਮਹਿਮਾਨ ਪ੍ਰੋਫ਼ੈਸਰ ਵੀ ਹਨ।*

** ਮੈਂ ਡਾ. ਬਲਵਿੰਦਰ ਸਿੰਘ ਦਾ ਵੀ ਧੰਨਵਾਦੀ ਹਾਂ, ਜਿਹਨਾਂ ਨੇ ਇਸ ਲੇਖ ਨੂੰ ਸੰਪੂਰਨ ਕਰਨ ਵਿਚ ਮਦਦ ਕੀਤੀ।*

*- ਡਾ. ਰੌਣਕੀ ਰਾਮ*

# ਪੰਜਾਬ ਦਾ ਦਲਿਤ ਵੋਟਰ




ਹਰਦੀਪ ਸਿੰਘ ਚੁੰਬਰ
+91-94636-01616

ਇੱਕ ਵਾਰੀ ਸਧਾਰਨ ਜਿਹਾ ਮੁੰਡਾ ਬੇਬੇ ਨੂੰ ਕਹਿਣ ਲਗਾ, ਬੇਬੇ ਜੇ ਅਪਣੇ ਪਿੰਡ ਦਾ ਨੰਬਰਦਾਰ ਮਰ ਜਾਵੇ ਫੇਰ ਕੀ ਹੋਊ', ਬੇਬੇ ਕਹਿਣ ਲਗੀ, ਉਹਦਾ ਮੁੰਡਾ ਨੰਬਰਦਾਰ ਬਣ ਜਾਊ। ਮੁੰਡਾ ਦੂਜੀ ਪਾਰ ਫ਼ੇਰ ਬੇਬੇ ਨੂੰ ਕਹਿਣ ਲਗਾ, ਬੇਬੇ ਜੇ ਉਹਦਾ ਮੁੰਡਾ ਵੀ ਮਰ ਜਾਵੇ ਫੇਰ ਕੀ ਹੋਊ, ਬੇਬੇ ਨੇ ਫ਼ਿਰ ਕਿਹਾ, 'ਫੇਰ ਉਹਦਾ ਮੁੰਡਾ ਨੰਬਰਦਾਰ ਬਣ ਜਾਊ।' ਮੁੰਡਾ ਤੀਜੀ ਵਾਰ ਫ਼ੇਰ ਬੇਬੇ ਨੂੰ ਕਹਿਣ ਲਗਾ, 'ਬੇਬੇ ਜੇ ਉਹਦਾ ਮੁੰਡਾ ਵੀ ਮਰ ਜਾਵੇ ਫ਼ੇਰ ਕੀ ਹੋਊ', ਬੇਬੇ ਤੀਜੀ ਵਾਰ ਫੇਰ ਖਿਜਕੇ ਕਿਹਾ, 'ਉਹਦੇ ਖਾਨਦਾਨ ਵਿੱਚੋਂ ਕੋਈ ਹੋਰ ਨੰਬਰਦਾਰ ਬਣ ਜਾਊ।, ਪੁੱਤ ਤੈਨੂੰ ਨੰਬਰਦਾਰੀ ਨੀ ਮਿਲਣੀ, ਚਾਹੇ ਸਾਰਾ ਪਿੰਡ ਮਰ ਜਾਵੇ।'

ਅਜਿਹਾ ਨਹੀਂ, ਬੇਬੇ ਦੀ ਹਰ ਗੱਲ ਗਲਤ ਜਾ ਠੀਕ ਹੀ ਹੁੰਦੀ ਹੈ, ਪੰਜਾਬ ਵਿੱਚ ਖਾੜਕੂਵਾਦ ਦਾ ਜੋਰ ਅਤੇ ਦਹਿਸ਼ਤ ਸੀ, ਉਹਨਾਂ ਪੰਜਾਬੀਆਂ ਨੂੰ 1992 ਦੀਆਂ ਚੋਣਾਂ ਦਾ ਬਾਈਕਾਟ ਦਾ ਫੁਰਮਾਨ ਸੁਣਾ ਦਿੱਤਾ। ਲਗਦਾ ਸੀ ਚੋਣਾ ਨਹੀਂ ਹੋਣਗੀਆਂ, ਲੇਕਿਨ ਹੋਈਆਂ, ਕਾਂਗਰਸ ਦੀ ਸਰਕਾਰ ਬਣੀ। ਬਹੁਤੇ ਲੋਕਾਂ ਨੇ ਡਰ ਕਾਰਨ ਵੋਟਾਂ ਨਹੀਂ ਪਾਈਆਂ, ਮਾਲਵੇ ਵਿੱਚ ਵੱਧ ਪਰਭਾਵ ਸੀ। ਪਹਿਲੀ ਵਾਰ ਬਸਪਾ ਦੇ 9 ਵਿਧਾਇਕ ਬਣੇ 3 ਰਿਜਰਵ ਦੇ 6 ਜਰਨਲ ਦੇ। 30 ਸੀਟਾਂ ਉਤੇ ਬਸਪਾ ਦੂਜੇ ਨੰਬਰ








ਉਤੇ ਰਹੀ। ਸਭ ਨਾਲੋਂ ਵੱਧ ਵੋਟ 17849 ਵੋਟ ਲੈਕੇ ਵੀ ਹਾਰਨ ਵਾਲੇ ਨਵਾਂ ਸ਼ਹਿਰ ਦੀ ਸ਼ੀਟ ਉਤੇ ਦਰਸ਼ਨ ਰਾਮ ਸਨ। ਸਭ ਨਾਲੋਂ ਘੱਟ ਕੁੱਲ 1040 ਵੋਟਾਂ ਲੈ ਕੇ ਜਿੱਤਣ ਵਾਲੇ ਭਦੌੜ ਦੇ ਵਿਧਾਇਕ ਬਣਨ ਵਾਲੇ ਨਿਰਮਲ ਸਿੰਘ ਨਿੰਮਾ ਸਨ। ਇਹ ਵੀ ਭਦੌੜ ਵਾਲਿਆਂ ਦੀ ਹਿਮਤ ਸੀ ਕਿ ਬਾਈਕਾਟ ਦੀ ਪੈਰਵਾਹ ਨਾ ਕਰਦੇ ਹੋਏ ਦਹਿਸ਼ਤ ਦੇ ਮਹੌਲ ਵਿੱਚ ਬਸਪਾ ਦੇ 1040 ਵੋਟਰਾਂ ਨੇ ਘਰੋਂ ਨਿਕਲਣ ਦੀ ਹਿਮਤ ਕੀਤੀ। ਪੰਜਾਬ ਬਸਪਾ ਸਭ ਨਾਲੋਂ ਵੱਧ ਵੋਟ 1997 ਦੀਆਂ ਚੋਣਾ ਵਿੱਚ 77489, ਹੁਣ ਤਕਦੇ ਇਕਲੌਤੇ ਗੜਸ਼ੰਕਰ ਤੋਂ ਜਿੱਤੇ ਵਿਧਾਇਕ ਸਿੰਗਾਰਾ ਰਾਮ ਸਹੁੰਗੜਾ ਹੀ ਰਹੇ ਹਨ। ਉਸ ਤੋਂ ਬਾਅਦ ਬਸਪਾ ਵਾਲੇ ਕਦੀ ਵੀ ਜਿੱਤ ਦੇ ਨੇੜੇ ਨਹੀਂ ਪਹੁੰਚ ਸਕੇ। ਪੰਜਾਬ ਦਾ ਦਲਿਤ ਵੋਟਰ ਅਮੀਰ ਹੋ ਸਕਦਾ ਹੈ, ਬਹੁਗਿਣਤੀ ਵਿੱਚ ਹੋ ਸਕਦਾ ਹੈ, ਜਿਆਦਾ ਪੜਿਆ ਲਿਖਿਆ ਹੋ ਸਕਦਾ ਹੈ, ਲੇਕਿਨ ਦੂਜੇ ਰਾਜਾਂ ਦੇ ਮੁਕਾਬਲੇ ਜਰਨਲ ਸਮਾਜ ਦਾ ਪ੍ਰਭਾਵ ਕਬੂਲਦਾ ਹੈ ਉਸ ਨੂੰ ਪ੍ਰਭਾਵਤ ਕਰਨ ਲਾਇਕ ਨਹੀ ਹੋ ਸਕਿਆ। ਬਸਪਾ ਦੇ ਪੰਜਾਬ ਵਿਚ ਪਿਛੇ ਰਹਿਣ ਦਾ ਇੱਕ ਕਾਰਨ ਇਹ ਵੀ ਹੈ ਕਿ ਬਾਹਰ ਦੇ ਰਾਜਾਂ ਦੇ ਮੁਕਾਬਲੇ ਪੰਜਾਬ ਦਾ ਦਲਿਤ ਵੋਟਰ ਉੱਚ ਜਾਤੀ ਅਤੇ ਜੱਟਵਾਦ ਦੇ ਪੈਰਭਾਵ ਥੱਲੇ ਹੀ ਵੋਟ ਪਾਉਣ ਦੇ ਫ਼ੈਸਲੇ ਲੈਂਦਾ ਆ ਰਿਹਾ ਹੈ। ਉਲਟਾ ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਵਿੱਚ ਉੱਚ ਜਾਤੀ ਦੇ ਵੋਟਰ ਬਸਪਾ ਅਤੇ ਦਲਿਤ ਨੇਤਾਵਾਂ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਬਸਪਾ ਦੀਆਂ ਸ਼ੀਟਾਂ ਉਤੇ ਜਿੱਤਦੇ ਵੀ ਰਹੇ ਹਨ ਅਤੇ ਬਸਪਾ ਦੇ ਨੇਤਾਵਾਂ ਨੂੰ ਜਿੱਤਵਾਉਂਦੇ ਰਹੇ ਹਨ।

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਬੰਦ ਬੰਦ ਕਟਵਾਉਣ ਵਾਲੇ:-ਭਾਈ ਮਨੀ ਸਿੰਘ ਦੀ



ਰਮੇਸ਼ ਬੱਗਾ ਚੋਹਲਾ
91-94631-32719

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇਕਰ ਪੂਰੀ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪੰਝੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ ਦੀ ਇਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ।

ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ 'ਉਸ ਦੀ' ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਮ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਕਈਆਂ ਲੇਖਕਾਂ ਵਿਚ ਕੁਝ ਮਤਭੇਦ ਵੀ ਬਰਕਰਾਰ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ 1644 ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ।

ਭਾਈ ਮਨੀ ਸਿੰਘ ਦੇ ਪਰਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖਵਾਲੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ। ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, ਉਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ।

ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੈਰਪੁਰ ਨਾਲ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿਚ ਜੁੱਟ ਗਏ। ਅਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆ ਗਏ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱਤੀ। ਜਿਸ ਨੂੰ ਆਪ ਨੇ ਬੜੀ ਹੀ ਤਨਦੇਹੀ ਨਾਲ ਨਿਭਾਇਆ।

ਮਜ਼ਲੂਮਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਗੁਰੂ ਹਿੰਦ ਦੀ ਚਾਦਰ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ਵਿਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ਵਿਚ ਕਾਫ਼ੀ ਨਿਖ਼ਾਰ ਆ ਗਿਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ।

ਜਦੋਂ ਭੰਗਾਣੀ ਦਾ ਯੁੱਧ ਹੋਇਆ ਤਾਂ ਉਸ ਵਕਤ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਡਟਵਾਂ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇਕ ਸਾਲ ਬਾਅਦ ਨਦੌਣ ਦੀ ਲੜਾਈ ਲੜੀ ਗਈ ਤਾਂ ਭਾਈ ਸਾਹਿਬ ਦੀ ਬਹਾਦਰੀ ਅਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੂੰ ਦੀਵਾਨ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

1699 ਈ: ਵਿਚ ਜਦੋਂ ਪਾਤਸ਼ਾਹ ਨੇ ਵੈਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਮ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ-ਨਾਲ ਆਪ ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ। ਸ੍ਰੀ ਮੁਕਤਸਰ ਦੀ ਲੜਾਈ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਤੋਂ ਦਮਦਮੀ ਬੀੜ ਲਿਖਵਾਈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ। ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲੀ ਅਤੇ ਵੈਸਾਖੀ ਦੇ ਤਿਉਹਾਰਾਂ ਮੌਕੇ ਉਹ ਅਕਸਰ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ/ਬੈਠਾਉਣ ਦਾ ਯਤਨ ਕਰਿਆ ਕਰਦੇ ਸਨ। ਇਨ੍ਹਾਂ ਮਿਲਣੀਆਂ/ਬੈਠਕਾਂ ਸਦਕਾ ਹੀ ਸਿੱਖ ਕੌਮ ਸੰਕਟਕਾਲੀਨ ਸਮਿਆਂ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦੀ ਰਹੀ ਹੈ। 70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ, ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਸੰਮਤ 1790 ਬਿਕ੍ਰਮੀ ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸ. ਸੁਬੇਗ ਸਿੰਘ ਅਤੇ ਸ. ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਕੋਲ ਗਏ।

ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲਈ ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਹੋਣ ਦੇ ਬਾਵਜੂਦ ਵੀ ਲਾਹੌਰ ਦੇ ਸੂਬੇਦਾਰ ਦਾ ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਨੇ ਮੇਲੇ 'ਤੇ ਜੁੜਨ ਵਾਲੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਸੰਗਤਾਂ/ਖਾਲਸੇ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਜਿਸ ਕਰਕੇ ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ। ਜ਼ਕਰੀਆ ਖਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ, ਪਰ ਜਵਾਬ ਵਿਚ ਭਾਈ ਮਨੀ ਸਿੰਘ ਨੇ ਕਿਹਾ ਕਿ, ਉਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?" ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਜ਼ਕਰੀਆਂ ਖਾਨ ਨੇ ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ ਜੋ ਭਾਈ ਸਾਹਿਬ ਨੇ ਅਪ੍ਰਵਾਨ ਕਰ ਦਿੱਤੀ। ਕੋਈ ਗੱਲ ਨਾ ਬਣਦੀ ਦੇਖ ਕੇ ਲਾਹੌਰ ਦੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ।

ਹੁਕਮ ਦੀ ਤਮੀਲ ਕਰਨ ਹਿਤ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕਰ ਲਿਆ ਅਤੇ ਸ਼ਹਾਦਤ ਦਾ ਜਾਮ ਪੀ ਗਏ।

## ਸਿਟ ਸਿੱਟ ਕੇ ਹੋਰ ਸਿਟ?

'ਬਖਸ਼ੇ ਜਾਣਗੇ ਦੋਸ਼ੀ' ਨਹੀਂ ਆਖ ਮੂੰਹੋਂ
ਅੰਦਰਖਾਤੇ ਪਰ 'ਯਾਰ' ਬਚਾਉਣਗੇ ਜੀ।

ਫੜਨੀ ਧੌਣ ਨਾ ਕਿਸੇ ਨੇ ਦੋਸ਼ੀਆਂ ਦੀ
ਵੋਟਾਂ ਵਾਸਤੇ ਮਸਲਾ ਲਮਕਾਉਣਗੇ ਜੀ।

'ਤਿਣਕਾ' ਚੋਰ ਦੀ ਦਾੜ੍ਹੀ ਵਿਚ ਸਾਫ ਦਿੱਸੇ
ਛ਼ਲ-ਕਪਟ ਦੇ ਨਾਲ਼ ਛੁਪਾਉਣਗੇ ਜੀ।

'ਫਖਰੇ-ਕੌਮ' ਹੈ ਪੰਥ ਦਾ 'ਪਰਮ ਸੇਵਕ'
'ਹੁਕਮਨਾਮੇ' ਵੀ ਜਾਰ੍ਹੀ ਕਰਵਾਉਣਗੇ ਜੀ।

ਮੋਹਰੇ ਅਹਿਮ ਸਵਾਲ ਪੰਜਾਬੀਆਂ ਦੇ
ਧੋਖੇਬਾਜਾਂ ਨੂੰ ਸਬਕ ਸਿਖਾਉਣਗੇ ਜੀ।

ਪਹਿਲੀ 'ਸਿਟ' ਤਾਂ ਸਿੱਟ 'ਤੀ ਖੱਲ ਖੂੰਜੇ
ਨਵੀਂ 'ਸਿਟ' ਹੁਣ ਹੋਰ ਬਣਾਉਣਗੇ ਜੀ !

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



## ਸੁੱਖ ਨਾ ਸ਼ਾਂਤੀ

ਕਹਿਣ ਲੱਗੀ ਮੈਨੂੰ ਕਹਿਣਾ ਪੈ ਗਿਆ ਤੂੰ ਹੁਣ ਸੁਣ ਕੇ ਜਾਵੀਂ
ਮਿੰਨਤਾ ਕਰ ਕਰ ਤੈਨੂੰ ਹਾਰੀ ਹੋਰ ਨਾ ਅੱਗ ਤੂੰ ਲਾਵੀਂ
ਤੇਰੀ ਖਾਤਰ ਜੋ ਕੁਝ ਕੀਤਾ ਬਹਿ ਗਿਆ ਮਨੋਂ ਭੁਲਾ ਕੇ
ਵੇ ਦੱਸ ਤੈਨੂੰ ਕੀ ਮਿਲਦਾ ਸਾਡੀ ਜਾਨ ਦੁੱਖਾਂ ਵਿਚ ਪਾ ਕੇ।

ਤੁਰ ਗਿਆ ਵੀ ਪ੍ਰਦੇਸ ਸੋਹਣਿਆ ਪੈ ਗਿਆ ਜਦੋਂ ਵਿਛੋੜਾ
ਸਾਨੂੰ ਸਾਲਾਂ ਵਰਗੇ ਮਹੀਨੇ ਲੱਗਦੇ ਨਿੱਤ ਹੁੰਦਾ ਹੈ ਦਿਲ ਥੋੜ੍ਹਾ।
ਉਡੀਕ ਉਡੀਕ ਕੇ ਸੁੱਕ ਜਾਂਦੇ ਕਈ ਮਰ ਜਾਂਦੇ ਕੁਝ ਖਾ ਕੇ
ਵੇ ਦੱਸ ਤੈਨੂੰ ਕੀ ਮਿਲਦਾ ਸਾਡੀ ਜਾਨ ....

ਕੀ ਤੈਨੂੰ ਦੱਸਾਂ ਕੀਹਦੇ ਬਾਰੇ ਤੂੰ ਵੀ ਆਪ ਸਿਆਣਾ
ਦੁੱਖ ਤਾਂ ਕਰਦਾ ਅੰਤ ਸੋਹਣਿਆ ਵਰਤ ਜਾਂਦਾ ਫਿਰ ਭਾਣਾ
ਤੜਫ ਤੜਫ ਕੇ ਮਰਦੇ ਵੇਖੇ ਉਹਨਾਂ ਵੇਖ ਲਿਆ ਸਮਝਾ ਕੇ
ਵੇ ਦੱਸ ਤੈਨੂੰ ਕੀ ਮਿਲਦਾ ਸਾਡੀ ਜਾਨ ....

ਜ਼ਿੰਦਗੀ ਮੌਤ ਵਿਚ ਫਰਕ ਬੜਾ ਪਰ ਜੇ ਕੋਈ ਸਮਝੇ ਸੋਚੇ
ਲੰਘ ਜਾਂਦਾ ਜਦੋਂ ਸਿਰ ਤੋਂ ਪਾਣੀ ਕੋਈ ਨਾ ਕਿਸੇ ਨੂੰ ਟੋਕੇ
ਦੁਨੀਆ ਤੇ ਉਹਦਾ ਨਾਂ ਨੀ ਰਹਿੰਦਾ ਤੁਰ ਜਾਣ ਮਿੱਟੀ ਮਿਲਾਕੇ
ਵੇ ਦੱਸ ਤੈਨੂੰ ਕੀ ਮਿਲਦਾ ਸਾਡੀ ਜਾਨ ....

ਵੇਖ ਤੇਰੀ ਮੇਰੀ ਜੋੜੀ ਸੱਚੇ ਸਤਿਗੁਰ ਆਪ ਮਿਲਾਏ।
ਪੜ੍ਹਿਆ ਲਿਖਿਆ ਹੋ ਕੇ ਵੇ ਤੈਨੂੰ ਰਤ ਸਮਝ ਨਾ ਆਈ
'ਦੇਵ ਘੋਲੀਏ' ਵਾਲਿਆ ਵੇ ਕੀ ਬਹਿ ਗਿਆ ਦਿਲ ਤੇ ਲਾਰੇ
ਵੇ ਦੱਸ ਤੈਨੂੰ ਕੀ ਮਿਲਦਾ ਸਾਡੀ ਜਾਨ ਦੁੱਖਾਂ ਵਿਚ ਪਾ ਕੇ।



ਦੇਵ
ਘੋਲੀਆ
ਖੁਰਦ
559-232-7764




# ਸਿੱਖ ਇਤਿਹਾਸ ਦਾ ਚਮਕਦਾ ਸਿਤਾਰਾ ਸ. ਜੱਸਾ ਸਿੰਘ ਰਾਮਗੜ੍ਹੀਆ




**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278


ਸ. ਜੱਸਾ ਸਿੰਘ ਰਾਮਗੜ੍ਹੀਆ ਸਿੱਖ ਇਤਿਹਾਸ ਦਾ ਉਹ ਚਮਕਦਾ ਸਿਤਾਰਾ ਰਿਹਾ ਹੈ, ਜੋ ਭਿਆਵਲੇ ਦਿਨਾਂ ਵਿਚ ਵੀ ਪੂਰੇ ਜਲੌਅ ਨਾਲ ਚਮਕਦਾ ਰਿਹਾ ਹੈ। ਸਿੱਖ ਇਤਿਹਾਸ ਗਿੱਦੜਾਂ ਤੋਂ ਸ਼ੇਰ ਅਤੇ ਚਿੜੀਆਂ ਤੋਂ ਬਾਜ ਤੁੜਵਾਉਣ ਦੀ ਸੰਘਰਸ਼ਮਈ ਗਾਥਾ ਹੈ, ਸ਼ਹੀਦੀਆਂ ਦੀ ਲਹੂ ਭਿੱਜੀ ਦਾਸਤਾਨ ਹੈ ਤੇ ਕੁਰਬਾਨੀਆਂ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਸ਼ਹੀਦੀਆਂ ਅਤੇ ਕੁਰਬਾਨੀਆਂ ਕਿਸੇ ਆਪਣੇ ਨਿੱਜ ਦੇ ਲਾਭ ਖਾਤਰ ਨਹੀਂ ਸਗੋਂ ਸਮੁੱਚੇ ਸਮਾਜ ਅੰਦਰ ਨਿਤਾਣਿਆਂ ਨੂੰ ਤਾਣ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਲਈ ਦਿੱਤੀਆਂ ਗਈਆਂ ਸਨ। ਇਸ ਤੋਂ ਬਹੁਤ ਚਿਰ ਪਹਿਲਾਂ ਭਾਰਤ ਦੇ ਇਤਿਹਾਸ ਨੇ ਮਨੁੱਖਤਾ ਨੂੰ ਸ਼ਰਮਸ਼ਾਰ ਕਰਨ ਵਾਲਾ ਉਹ ਲੰਮਾ ਦੌਰ ਵੀ ਹੰਢਾਇਆ ਸੀ, ਜਦੋਂ ਭਲੇ ਚੰਗੇ ਵਿਚਰਦੇ ਮਨੁੱਖਾਂ ਨੂੰ ਗਿੱਦੜਾਂ ਵਿਚ ਅਤੇ ਚਿੜੀਆਂ ਵਿਚ ਤਬਦੀਲ ਕਰਨ ਵਾਲੀ ਅਣਮਨੁੱਖੀ ਅਤੇ ਗੈਰ-ਸਮਾਜਿਕ ਵਿਵਸਥਾ ਰੱਬ ਅਤੇ ਧਰਮ ਦੀ ਭੈਅ ਅਤੇ ਮਨਮਾਨੇ ਕਾਨੂੰਨ ਦੇ ਡੰਡੇ ਨਾਲ ਲਾਗੂ ਕੀਤੀ ਜਾਂਦੀ ਸੀ। ਇਤਿਹਾਸ ਦੇ ਇਹਨਾਂ ਲਹੂ ਚੋਂਦੇ ਪੰਨਿਆਂ ਦੀ ਦਾਸਤਾਨ ਇੰਨੀ ਭਿਆਨਕ, ਕਠੋਰ ਅਤੇ ਦਿਲ ਵਿੰਨ੍ਹਵੀਂ ਹੈ ਕਿ ਅੱਜ ਵੀ ਪੜ੍ਹ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਜਦੋਂ ਸਿੱਖ ਇਤਿਹਾਸ ਹਾਲੇ ਆਪਣੀਆਂ ਬਰੂਹਾਂ 'ਤੇ ਸੀ, ਉਦੋਂ ਤੱਕ ਇਸ ਵਿਵਸਥਾ ਦੀ ਉਮਰ ਤਿੰਨ ਹਜ਼ਾਰ ਸਾਲ ਹੋ ਚੁੱਕੀ ਸੀ। ਇੰਡਾ ਵੱਡਾ ਖੂਨੀ ਦੌਰ ਸ਼ਾਇਦ ਹੀ ਕਿਸੇ ਹੋਰ ਦੇਸ਼/ਕੌਮ ਨੇ ਝੱਲਿਆ ਹੋਵੇ, ਜੋ ਅੱਜ ਤੱਕ ਵੀ ਰੂਪ ਵਟਾ-ਵਟਾ ਕੇ ਆਣ ਖਲੋਂਦਾ ਹੈ। ਇਸ ਚਹੁੰ ਵਰਨੀ ਸਮਾਜਿਕ ਵਿਵਸਥਾ ਵਿਚ ਉਪਰਲੇ ਤਿੰਨ ਵਰਣਾਂ (ਬ੍ਰਾਹਮਣ, ਕਸ਼ੱਤਰੀ, ਵੈਸ਼) ਨੇ ਹੇਠਲੇ ਵਰਣ (ਸ਼ੂਦਰ) ਉਤੇ ਜੋ ਕਹਿਰ ਢਾਹਿਆ ਉਸਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਮਨੁੱਖ ਦੀ ਹੋਂਦ ਦਾ ਇਤਿਹਾਸ ਦੱਸਦਾ ਹੈ ਕਿ ਜਾਨਵਰ ਤੋਂ ਮਨੁੱਖ ਬਣਨ ਨੂੰ ਅਰਬਾਂ ਸਾਲ ਲੱਗ ਗਏ ਪਰ ਇਸ ਵਰਣ ਵਿਵਸਥਾ ਨੇ ਕੁਝ ਸੈਂਕੜੇ ਵਰ੍ਹਿਆਂ ਵਿਚ ਹੀ ਮਨੁੱਖ ਨੂੰ ਜਾਨਵਰ ਤੱਕ ਹੀ ਨਹੀਂ ਉਸਤੋਂ ਵੀ ਹੇਠਾਂ ਤੱਕ ਗਿਰਾ ਦਿੱਤਾ ਅਤੇ ਫਿਰ ਕਿੰਨੇ ਹੀ ਹੋਰ ਸੈਂਕੜਿਆਂ ਤੱਕ ਇਸਨੂੰ ਜਿਵੇਂ ਕਿਵੇਂ ਬਰਕਰਾਰ ਵੀ ਰੱਖਿਆ। ਕਈ ਰਾਜੇ, ਮਹਾਰਾਜੇ, ਧਾਰਮਿਕ ਸ਼ਖਸੀਅਤਾਂ, ਸਮਾਜਿਕ ਕਾਰਕੁੰਨ, ਆਉਂਦੇ ਰਹੇ, ਕਈ ਲਹਿਰਾਂ ਨੇ ਵੀ ਜਨਮ ਲਿਆ, ਜਿਹਨਾਂ ਨੇ ਇਸ ਵਿਵਸਥਾ ਨੂੰ ਉਖਾੜਨ ਉਤੇ ਜ਼ੋਰ ਅਜ਼ਮਾਇਆ ਪਰ ਇਸ ਦੀਆਂ ਜੜ੍ਹਾਂ ਮੁੱਢੋਂ ਨਹੀਂ ਪੁੱਟੀਆਂ ਜਾ ਸਕੀਆਂ। ਉਹਨਾਂ ਦਆਂ ਘਾਲਣਾਵਾਂ ਨਾਲ ਕੁਝ ਚਿਰ ਲਈ ਰਾਹਤ ਮਿਲਦੀ ਸੀ ਤੇ ਇਹ ਫਿਰ ਮੁੜਕੇ ਆਪਣੇ ਰੂਪ ਵਿਚ ਆ ਜਾਂਦੀ ਸੀ।

ਸਿੱਖ ਲਹਿਰ ਇਸ ਵਿਵਸਥਾ ਦੀ ਹੀ ਉਪਜ ਹੈ। ਜੋ ਜ਼ਖਮ ਇਸ ਚਹੁੰ ਵਰਨੀ ਵਿਵਸਥਾ ਨੇ ਮਨੁੱਖਤਾ ਨੂੰ ਦਿੱਤਾ, ਉਹਨਾਂ ਉਤੇ ਮੱਲ੍ਹਮ ਬਣਕੇ ਰਾਹਤ ਦੇਣ ਲਈ ਇਹ ਸਿੱਖ ਲਹਿਰ ਹੋਂਦ ਵਿਚ ਆਈ। ਇਸ ਲਈ ਇਹ ਕੁਦਰਤੀ ਸੀ ਕਿ ਇਸਦੀ ਟੱਕਰ ਜ਼ੁਲਮ, ਅੱਤਿਆਚਾਰ ਕਰਨ ਵਾਲੀਆਂ ਤਾਕਤਾਂ ਨਾਲ ਹੋਣੀ ਸੀ। ਇਹੀ ਕਾਰਨ ਹੈ ਕਿ ਸਿੱਖ ਇਤਿਹਾਸ ਖੂਨੀ ਸੰਘਰਸ਼ ਬਣਨ ਦੇ ਨਾਲ ਨਾਲ ਜ਼ੁਲਮਾਂ ਅੱਤਿਆਚਾਰਾਂ ਵਿਰੁੱਧ ਜੂਝਣ ਵਾਲੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਘਾਲਣਾਵਾਂ ਦਾ ਇਤਿਹਾਸ ਵੀ ਬਣਿਆ ਹੈ। ਪੰਦਰਵੀਂ ਸਦੀ ਵਿਚ ਗੁਰੂ ਨਾਨਕ ਨੇ ਆਪਣੇ ਤੋਂ ਪਹਿਲਾਂ ਹੋਏ ਮਹਾਂਪੁਰਖਾਂ ਦੀ ਆਪਣੇਨਾਲ ਮੇਲ ਖਾਂਦੀ ਵਿਚਾਰਧਾਰਾ ਦੇ ਪ੍ਰਵਚਨਾਂ ਨੂੰ ਇਕੱਤਰ ਕਰਕੇ ਸਿੱਖ ਧਾਰਾ ਨੂੰ ਜਨਮ ਦਿੱਤਾ। ਸਤਾਰਵੀਂ ਸਦੀ ਦੇ ਅੰਤਲੇ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਤੱਕ ਪਹੁੰਚਦਿਆਂ ਸਿੱਖ ਲਹਿਰ ਨੇ ਪਸ਼ੂਆਂ ਤੋਂ ਹੇਠਲੇ ਦਰਜੇ ਦੀ 'ਜ਼ਿੰਦਗੀ' ਭੁਗਤਦੇ ਮਨੁੱਖ ਦੀ ਕਾਇਆ ਕਲਪ ਕਰਕੇ ਜਿੱਥੇ ਉਸਨੂੰ ਮਰਜੀਵੜਾ, ਯੋਧਾ, ਬਹਾਦੁਰ, ਸੂਰਮਾ ਅਤੇ ਤੇਗ ਦਾ ਧਨੀ ਬਣਾ ਦਿੱਤਾ ਸੀ, ਉਥੇ ਹੀ ਉਸਨੂੰ ਮਨੁੱਖਤਾ ਦਾ ਰਖਵਾਲਾ, ਸੇਵਾ ਦਾ ਪੁੰਜ ਅਤੇ ਬੁੱਧੀਵਾਨ ਵੀ ਬਣਾ ਦਿੱਤਾ ਸੀ। ਪਰ ਇਸਦੀ ਕੀਮਤ ਹੋਰਨਾਂ ਸਮੇਤ ਗੁਰੂ ਗੋਬਿੰਦ ਸਿੰਘ ਨੂੰ ਬਹੁਤੀ ਚੁਕਾਉਣੀ ਪਈ ਸੀ। ਆਪਣਾ ਸਭ ਕੁਝ ਕੁਰਬਾਨ ਕਰਕੇ ਜਦੋਂ ਉਹ ਆਪਣੇ ਅੰਤਲੇ ਦਿਨਾਂ ਵਿਚ ਨਾਂਦੇੜ (ਮਹਾਂਰਾਸ਼ਟਰ) ਵਿਚ ਸਨ ਤਾਂ ਉਥੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ। ਉਹਨਾਂ ਨੇ ਸਿੱਖਾਂ ਦੀ ਲਿਖਰੀ ਤਾਕਤ ਨੂੰ ਮੁੜ ਇਕੱਤਰ ਕਰਕੇ ਜਾਲਮ ਨਾਲ ਟੱਕਰ ਲਈ ਅਤੇ ਖਾਲਸਾ ਰਾਜ ਦੀ ਨੀਂਹ ਰੱਖ ਕੇ ਹਲੇਮੀ ਰਾਜ ਦੀ ਵੰਨਗੀ ਪੇਸ਼ ਕੀਤੀ। ਬੰਦਾ ਸਿੰਘ ਬਹਾਦਰ ਨੇ ਜਾਤਾਪਾਤਾਂ ਤੇ ਵਰਣਾਂ ਦੇ ਸਤਾਏ ਤੇ ਦਬਾਏ ਬੰਦਿਆਂ ਦੀ ਹੀ ਮਦਦ ਨਾਲ ਇਲਾਕੇ ਜਿੱਤ ਕੇ ਉਹਨਾਂ ਨੂੰ ਹੀ ਉਥੋਂ ਦੀ ਵਾਗਡੋਰ ਸੰਭਾਲ ਦਿੱਤੀ। ਇਹ ਇਨਕਲਾਬ ਤੋਂ ਘੱਟ ਨਹੀਂ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ 1716 ਵਿਚ ਸ਼ਹੀਦੀ ਤੋਂ ਬਾਅਦ ਸਿੱਖਾਂ ਲਈ ਹਾਲਾਤ ਬਹੁਤ ਵਿਗੜ ਗਏ ਸਨ। ਸਿੱਖ ਜੰਗਲਾਂ ਵਿਚ ਮਜਬੂਰੀ ਦੀ ਹਾਲਤ ਵਿਚ ਰਹਿ ਰਹੇ ਸਨ ਤੇ ਬਹੁਤੀ ਵਾਰੀ ਪੱਤੇ ਖਾ-ਖਾ ਗੁਜ਼ਾਰਾ ਕਰਨਾ ਪੈ ਰਿਹਾ ਸੀ ਪਰ ਉਹ ਸੰਘਰਸ਼ ਨਹੀਂ ਸੀ ਛੱਡ ਰਹੇ। ਇਹਨਾਂ ਹੀ ਦਿਨਾਂ ਵਿਚ 5 ਮਈ 1723 ਨੂੰ ਗਿਆਨੀ ਭਗਵਾਨ ਸਿੰਘ ਦੇ ਘਰ ਪਿੰਡ ਸੁਰ ਸਿੰਘ ਜ਼ਿਲ੍ਹਾ ਲਾਹੌਰ ਵਿਚ ਜਿਸ ਬਾਲਕ ਨੇ ਜਨਮ ਲਿਆ, ਉਹ ਹੀ ਵੱਡਾ ਹੋ ਕੇ ਸ. ਜੱਸਾ ਸਿੰਘ ਰਾਮਗੜ੍ਹੀਆ ਬਣਿਆ, ਜਿਸਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਇਹਨਾਂ ਦੇ ਬਾਬਾ ਜੀ ਸ. ਹਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਕੋਲ ਹੀ ਰਹਿੰਦੇ ਰਹੇ ਹਨ ਅਤੇ ਯੁੱਧ ਦੇ ਹਥਿਆਰ ਬੰਦੂਕਾਂ, ਤਲਵਾਰਾਂ, ਭਾਲੇ ਆਦਿ ਬਣਾਉਂਦੇ ਹੁੰਦੇ ਸਨ, ਜਿਸ ਵਿਚ ਉਹ ਬਹੁਤ ਮਾਹਿਰ ਸਨ। ਗੁਰੂ ਜੀ ਕੋਲ ਜੋ ਨਾਗਣੀ ਹੁੰਦੀ ਸੀ, ਉਹ ਇਹਨਾਂ ਨੇ ਹੀ ਤਿਆਰ ਕੀਤੀ ਸੀ। ਉਹ ਯੁੱਧ ਦੇ ਵੀ ਬਹੁਤ ਮਾਹਿਰ ਸਨ। ਉਹਨਾਂ ਨੂੰ ਗੁਰ ਜੀ ਦੀ ਅਤੇ ਬਾਬਾ ਬੰਦ ਸਿੰਘ ਬਹਾਦਰ ਦੀ ਫੌਜ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਸੰਨ 1710 ਵਿਚ ਉਹ ਦੋ ਹਜ਼ਾਰ ਸਿਪਾਹੀਆਂ ਨਾਲ ਬਜਵਾੜੇ ਵਿਚ ਦਲੇਰ ਖਾਂ ਨਾਲ ਲੜਦਿਆਂ ਸਖਤ ਜ਼ਖਮੀ ਹੋ ਗਏ ਅਤੇ ਬਾਅਦ ਵਿਚ ਉਹਨਾਂ ਦੀ ਮੌਤ ਹੋ ਗਈ। ਉਹਨਾਂ ਨੇ ਹੀ ਆਪਣੇ ਪੁੱਤਰ ਸ. ਭਗਵਾਨ ਸਿੰਘ ਨੂੰ ਹਥਿਆਰ ਬਣਾਉਣ ਅਤੇ ਚਲਾਉਣ ਦੀ ਕਲਾ ਸਿਖਾਈ ਜੋ ਅੱਗੇ ਗਿਆਨੀ ਭਗਵਾਨ ਸਿੰਘ ਨੇ ਆਪਣੇ ਪੁੱਤਰ ਜੱਸਾ ਸਿੰਘ ਨੂੰ ਸਿਖਾਈ। ਸ. ਭਗਵਾਨ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਆਪਣੀ ਇਕ ਦੋ ਸੌ ਸਿੱਖਾਂ ਦੀ ਫੌਜ ਵੀ ਤਿਆਰ ਕਰ ਲਈ ਸੀ। ਉਹ 1738 ਵਿਚ ਵਜ਼ੀਰਾਬਾਦ ਵਾਲੀ ਲੜਾਈ ਵਿਚ ਸਖਤ ਜ਼ਖਮੀ ਹੋ ਕੇ ਬਾਅਦ ਵਿਚ ਸ਼ਹੀਦੀ ਪਾ ਗਏ। ਇਸ ਲੜਾਈ ਵਿਚ ਉਹਨਾਂ ਦਾ ਪੁੱਤਰ ਜੱਸਾ ਸਿੰਘ ਵੀ ਸ਼ਾਮਲ ਸੀ, ਜਿਸਦੀ ਉਮਰ ਉਸ ਵੇਲੇ 15 ਸਾਲ ਦੀ ਹੀ ਸੀ। ਇੰਝ ਸ. ਜੱਸਾ ਸਿੰਘ ਨੂੰ ਬਾਪ ਦਾਦੇ ਤੋਂ ਹੀ ਹਥਿਆਰ ਬਣਾਉਣੇ ਅਤੇ ਚਲਾਉਣੇ ਗੁੜ੍ਹਤੀ ਵਿਚ ਮਿਲੇ ਸਨ।

ਸ. ਜੱਸਾ ਸਿੰਘ ਨੇ ਮੁਢਲੀ ਵਿੱਦਿਆ ਆਪਣੇ ਪਿਓ ਕੋਲੋਂ ਹੀ ਪ੍ਰਾਪਤ ਕੀਤੀ ਅਤੇ ਆਪਣੇ ਹੀ ਪਿੰਡ ਦੇ ਸ. ਗੁਰਦਿਆਲ ਸਿੰਘ ਕੋਲੋਂ ਅੰਮ੍ਰਿਤਪਾਨ ਕੀਤਾ। ਆਪਣੇ ਪਿਤਾ ਦੀ ਦੇਖ-ਰੇਖ ਵਿਚ ਹੀ ਉਹ ਦਿਨਾਂ ਵਿਚ ਹੀ ਉਚੇ ਲੰਮੇ ਕੱਦ, ਚੌੜਾ ਮੱਥਾ, ਚੌੜੀ ਛਾਤੀ, ਖੁੱਲ੍ਹੀ ਦਾਹੜੀ ਤੇ ਰੋਹਬਦਾਰ ਚਿਹਰੇ ਵਾਲਾ ਗੱਭਰੂ ਨਿਕਲ ਆਇਆ। ਇਹ ਉਹ ਦਿਨ ਸਨ ਜਦੋਂ ਪੰਜਾਬ ਵਿਚ ਕੋਈ ਪੱਕੀ ਮਜ਼ਬੂਤ ਸਰਕਾਰ ਨਹੀਂ ਸੀ। ਜਰਵਾਣੇ ਕਬਜ਼ੇ ਦੀ ਲਾਲਸਾ ਵਿਚ ਲਗਾਤਾਰ ਹਮਲੇ ਕਰਦੇ ਰਹਿੰਦੇ ਸਨ। ਨਾਦਰ ਸ਼ਾਹ ਨੇ ਤਾਂ ਅੱਤ ਹੀ ਮਚਾ ਰੱਖੀ ਸੀ। ਬਿਖਰੇ ਹੋਏ ਸਿੱਖ ਵੀ ਆਪਣੀ ਤਾਕਤ ਵਧਾਉਣ ਲਈ ਮੌਸ਼ਕਾਂ ਕਰਦੇ ਰਹਿੰਦੇ ਸਨ। ਜੰਗਲਾਂ ਵਿਚੋਂ ਨਿਕਲ ਇਕੱਤਰ ਹੋ ਕੇ ਮਤੇ ਵੀ ਪਾਸ ਕਰਦੇ ਰਹਿੰਦੇ ਸਨ। 1748 ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੀ ਰਹਿਨੁਮਾਈ ਵਿਚ 'ਦਲ ਖਾਲਸਾ' ਦੀ ਸਥਾਪਤੀ ਹੋਈ। ਸਮੁੱਚਾ ਸਿੱਖ ਪੰਥ ਮਿਸਲਾਂ ਵਿਚ ਵੰਡ ਦਿੱਤਾ ਗਿਆ। ਹਰ ਇਕ ਮਿਸਲ ਆਪਣੇ ਆਪ ਵਿਚ ਖੁਦਮੁਖਤਿਆਰ ਵੀ ਸੀ ਪਰ ਸਿੱਖ ਪੰਥ ਦੇ ਹਿੱਤ ਦੇ ਫੈਸਲੇ ਸਮੁੱਚੇ ਤੌਰ 'ਤੇ ਕਰਦੇ ਸਨ।



ਜੱਸਾ ਸਿੰਘ ਰਾਮਗੜ੍ਹੀਆ 1747 ਵਿਚ ਵਿਸਾਖੀ ਦਾ ਮਤਾ ਪਾਸ ਕੀਤਾ ਗਿਆ, ਜਿਸ ਅਨੁਸਾਰ ਦਰਬਾਰ ਸਾਹਿਬ ਦੀ ਹਿਫਾਜ਼ਤ ਲਈ ਇਕ ਕਿਲਾ ਉਸਾਰਨਾ ਸੀ। ਪੰਜ ਸੌ ਘੋੜ ਸਵਾਰਾਂ ਵਾਲਾ ਇਕ ਕਿਲਾ ਉਸਾਰਿਆ ਗਿਆ, ਜਿਸਦਾ ਨਾਂ ਗੁਰੂ ਰਾਮਦਾਸ ਦੇ ਨਾਂ 'ਤੇ 'ਰਾਮ ਰੌਣੀ' ਰੱਖਿਆ ਗਿਆ। ਇਸ ਦੇ ਬਣਨ ਨਾਲ ਸਿੱਖਾਂ ਦੀ ਤਾਕਤ ਵਿਚ ਕਾਫੀ ਵਾਧਾ ਹੋਇਆ, ਜਿਸਤੋਂ ਲਾਹੌਰ ਦਾ ਗਵਰਨਰ ਮੀਰ ਮਨੂੰ ਘਬਰਾ ਗਿਆ। ਉਸਦਾ ਮੰਨਣਾ ਸੀ ਕਿ ਸਿੱਖਾਂ ਦੇ ਖਾਤਮੇ ਤੋਂ ਬਿਨਾਂ ਮੁਗਲ ਰਾਜ ਨਹੀਂ ਕਰ ਸਕਦੇ। ਉਸਨੇ ਆਪਣੀ ਗਸ਼ਤੀ ਫੌਜ ਸਿੱਖਾਂ ਨੂੰ ਖਤਮ ਕਰਨ ਲਈ ਭੇਜ ਦਿੱਤੀ। ਸਿੱਖਾਂ ਨੇ ਪੈਂਤੜੇ ਦੇ ਤੌਰ ਤੇ ਪਹਿਲਾਂ ਦੀ ਤਰ੍ਹਾਂ ਹੀ ਜੰਗਲਾਂ ਵਿਚ ਜਾ ਡੇਰੇ ਲਾਏ। ਕੁਝ ਸਿੱਖ ਜਲੰਧਰ ਵੱਲ ਵੀ ਚਲੇ ਗਏ। ਉਥੋਂ ਦਾ ਫੌਜਦਾਰ ਅਦੀਨਾ ਬੇਗ ਸੀ। ਉਸਨੂੰ ਵੀ ਗਵਰਨਰ ਵੱਲੋਂ ਸਿੱਖਾਂ ਨੂੰ ਮਾਰਨ ਦਾ ਹੁਕਮ ਮਿਲ ਚੁੱਕਿਆ ਸੀ। ਉਸਨੇ ਸੋਚਿਆ ਕਿ ਸਿੱਖਾਂ ਨੂੰ ਮਾਰ ਕੇ ਤਾਂ ਮੀਰ ਮਨੂੰ ਦੀ ਤਾਕਤ ਵਿਚ ਅਥਾਹ ਵਾਧਾ ਹੋ ਜਾਵੇਗਾ, ਜਿਸ ਅੱਗੇ ਉਹ ਖੁਦ ਕਮਜ਼ੋਰ ਪੈ ਜਾਵੇਗਾ। ਇਹ ਸੋਚ ਕੇ ਉਸਨੇ ਸਿੱਖਾਂ ਨਾਲ ਮੇਲ ਮਿਲਾਪ ਕਰ ਲਿਆ ਅਤੇ ਕੁਝ ਨੂੰ ਆਪਣੀ ਫੌਜ ਵਿਚ ਭਰਤੀ ਵੀ ਕਰ ਲਿਆ। ਸ. ਜੱਸਾ ਸਿੰਘ ਦੀ ਤਾਕਤ ਨੂੰ ਉਹ ਪਛਾਣਦਾ ਸੀ, ਇਸ ਲਈ ਉਸਨੂੰ ਫੌਜ ਵਿਚ ਵੱਡੇ ਅਹੁਦੇ 'ਤੇ ਰੱਖ ਲਿਆ। ਸ. ਜੱਸਾ ਸਿੰਘ ਦਾ ਵੀ ਆਪਣਾ ਨਿਸ਼ਾਨਾ ਸੀ। ਉਹ ਮੁਗਲ ਫੌਜ ਵਿਚ ਰਹਿ ਕੇ ਸਿੱਖਾਂ ਦੇ ਭਲੇ ਲਈ ਕੁਝ ਕਰਨਾ ਚਾਹੁੰਦੇ ਸੀ ਅਤੇ ਨਾਲ-ਨਾਲ ਹੀ ਰਾਜਨੀਤਿਕ ਭੇਦਾਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਇਹ ਉਹਨਾਂ ਦੀ ਦੂਰਅੰਦੇਸ਼ੀ ਹੀ ਸੀ। ਉਧਰ ਮੀਰ ਮਨੂੰ ਦਾ ਵਜ਼ੀਰ ਦਿਵਾਨ ਕੌੜਾ ਮੱਲ ਵੀ ਅੰਦਰੋਂ ਸਿੱਖਾਂ ਦਾ ਹਿਤੈਸ਼ੀ ਸੀ। ਅਦੀਨਾ ਬੇਗ ਨੇ ਜੱਸਾ ਸਿੰਘ ਦਾ ਜੁੱਸਾ ਅਤੇ ਉਸਦੀ ਸਮਝ ਵੇਖ ਕੇ ਉਸਨੂੰ ਇਕ ਪਲਟਣ ਦਾ ਮੁਖੀ ਬਣਾ ਦਿੱਤਾ, ਜਿਸ ਵਿਚ 100 ਸਿੱਖ ਅਤੇ 60 ਹਿੰਦੂ ਸਨ। ਮੀਰ ਮਨੂੰ ਨੇ ਸਿੱਖਾਂ ਦੇ ਕਿਲੇ 'ਰਾਮ ਰੌਣੀ' ਨੂੰ ਢਾਹੁਣ ਦੀ ਯੋਜਨਾ ਬਣਾ ਰੱਖੀ ਸੀ, ਜਿਸਦੀ ਪੂਰਤੀ ਲਈ ਉਹ ਅੰਮ੍ਰਿਤਸਰ ਲਈ ਰਵਾਨਾ ਹੋ ਚੁੱਕਾ ਸੀ। ਉਧਰ ਅਦੀਨਾ ਬੇਗ ਨੇ ਵੀ ਉਸਦੀ ਮਦਦ ਲਈ ਸ. ਜੱਸਾ ਸਿੰਘ ਨੂੰ ਫੌਜ ਦੀ ਇਕ ਟੁਕੜੀ ਦੇ ਕੇ ਅੰਮ੍ਰਿਤਸਰ ਭੇਜ ਦਿੱਤਾ। 'ਰਾਮ ਰੌਣੀ' ਦੇ ਕਿਲੇ ਨੂੰ ਘੇਰਾ ਪਾ ਲਿਆ ਗਿਆ। ਕੁਝ ਦਿਨਾਂ ਬਾਅਦ ਘੇਰੇ ਕਾਰਨ ਕਿਲੇ ਅੰਦਰ ਅੰਨ ਦੀ ਥੁੜ੍ਹ ਹੋ ਗਈ। ਭੁੱਖ ਨਾਲ ਸਿੱਖ ਖਤਮ ਹੋਣੇ ਸ਼ੁਰੂ ਹੋ ਗਏ। ਇਹ ਵੇਖ ਜੱਸਾ ਸਿੰਘ ਤੋਂ ਰਹਿ ਨਾ ਹੋਇਆ। ਉਹ ਬਾਗੀ ਹੋ ਗਿਆ ਅਤੇ ਆਪਣੀ ਫੌਜ ਸਮੇਤ ਕਿਲੇ ਦੇ ਸਿੱਖਾਂ ਨਾਲ ਜਾ ਸੁਲਾਹ ਕੀਤੀ। ਸਿੱਖਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਮੀਰ ਮਨੂੰ ਘਬਰਾ ਗਿਆ। ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਉਹ ਸਿੱਖਾਂ ਦੀ ਮਦਦ ਕਰੇ ਅਤੇ ਮੀਰ ਮਨੂੰ ਨੂੰ ਘੇਰਾ ਖਤਮ ਕਰਨ ਲਈ ਮਨਾਵੇ। ਕੌੜਾ ਮੱਲ ਨੇ ਮੀਰ ਮਨੂੰ ਨੂੰ ਸਲਾਹ ਦਿੱਤੀ ਕਿ ਹੁਣ ਸਿੱਖਾਂ ਨਾਲ ਸੁਲਾਹ ਕਰਨ ਵਿਚ ਹੀ ਭਲਾ ਹੈ, ਕਿਉਂਕਿ ਦੂਜੇ ਪਾਸਿਓਂ ਅਹਿਮਦ ਸ਼ਾਹ ਅਬਦਾਲੀ ਦੂਜੀ ਵਾਰ ਹਮਲਾ ਕਰਨ ਲਈ ਚੜ੍ਹਿਆ ਆ ਰਿਹਾ ਹੈ। ਮੀਰ ਮਨੂੰ ਹਾਲਾਤ ਭਾਂਪਦਿਆਂ ਮੰਨ ਗਿਆ ਅਤੇ ਘੇਰਾਬੰਦੀ ਚੁੱਕ ਲਈ। ਜੱਸਾ ਸਿੰਘ ਦੀ ਜਿੱਤ ਹੋ ਗਈ ਤੇ ਉਸਨੂੰ ਕਿਲੇ ਦਾ ਮੁਖੀ ਥਾਪ ਦਿੱਤਾ। ਕਿਲੇ ਦਾ ਨਾਂ ਵੀ ਬਦਲਕੇ 'ਰਾਮਗੜ੍ਹ' ਰੱਖ ਦਿੱਤਾ। ਜੱਸਾ ਸਿੰਘ ਹੁਣ ਸ. ਜੱਸਾ ਸਿੰਘ 'ਰਾਮਗੜ੍ਹੀਆ' ਬਣ ਗਿਆ। ਇਹ ਖਿਤਾਬ ਉਹਨਾਂ ਨੂੰ ਬਹਾਦੁਰੀ, ਮਿਹਨਤ ਅਤੇ ਦੂਰਅੰਦੇਸ਼ੀ ਕਾਰਨ ਦਿੱਤਾ ਗਿਆ ਜੋ ਬੜੇ ਫਖਰ ਵਾਲੀ ਗੱਲ ਸੀ। ਅੱਜ ਵੀ ਸਾਰੇ ਲੁਹਾਰੇ ਤਰਖਾਣੇ ਦਾ ਕੰਮ ਕਰਨ ਵਾਲੇ ਕਿਰਤੀ ਆਪਣੇ ਆਪ ਨੂੰ 'ਰਾਮਗੜ੍ਹੀਆ' ਅਖਵਾਕੇ ਬੜਾ ਮਾਣ ਮਹਿਸੂਸ ਕਰਦੇ ਹਨ।

ਸ. ਜੱਸਾ ਸਿੰਘ ਰਾਮਗੜ੍ਹੀਆ ਹੁਣ ਹੋਰ ਵੀ ਵੱਡੇ ਕਾਰਨਾਮੇ ਕਰਨ ਲਈ ਤਿਆਰ ਬਰ ਤਿਆਰ ਹੋ ਗਿਆ ਸੀ। ਉਸਨੇ ਅਹਿਮਦ ਸ਼ਾਹ ਅਬਦਾਲੀ ਨਾਲ ਵੱਡੀ ਲੜਾਈ ਲੜੀ। ਇਸ ਵਿਚ ਹਿੰਦੂ ਰਾਜੇ ਜਸਪਤ ਰਾਏ ਦਾ ਭਰਾ ਲਖਪਤ ਰਾਏ ਵੀ ਅਬਦਾਲੀ ਨਾਲ ਰਲ ਗਿਆ ਸੀ। ਇਸ ਯੁੱਧ ਵਿਚ ਜਾਨੀ ਤੇ ਮਾਲੀ ਬਹੁਤ ਨੁਕਸਾਨ ਹੋਇਆ। ਲਗਭਗ 30 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਕੁਝ ਜੰਗਲਾਂ ਨੂੰ ਚਲੇ ਗਏ। ਲਖਪਤ ਰਾਏ ਦਾ ਕਹਿਣਾ ਸੀ ਕਿ ਇਕ ਖੱਤਰੀ ਨੇ ਸਿੱਖਾਂ ਨੂੰ ਬਣਾਇਆ ਸੀ ਤੇ ਹੁਣ ਇਕ ਖੱਤਰੀ (ਆਪ) ਹੀ ਇਨ੍ਹਾਂ ਨੂੰ ਖਤਮ ਕਰੇਗਾ। ਉਸਨੇ ਜੰਗਲਾਂ ਨੂੰ ਅੱਗ ਲੁਆ ਦਿੱਤੀ, ਜਿਸ ਨਾਲ ਕਿੰਨੇ ਹੀ ਸਿੱਖ ਨੌਜਵਾਨ, ਬਜ਼ੁਰਗ, ਔਰਤਾਂ ਤੇ ਬੱਚੇ ਸੜ ਗਏ। ਇਸਨੂੰ ਇਤਿਹਾਸ ਵਿਚ ਵੱਡੇ ਘੱਲੂਘਾਰੇ ਦਾ ਨਾਂ ਦਿੱਤਾ ਜਾਂਦਾ ਹੈ। ਇਸ ਵਿਚ ਹਰ ਸਿੱਖ ਸਰਦਾਰ ਜ਼ਖਮੀ ਹੋਇਆ ਸੀ। ਜੱਸਾ ਸਿੰਘ ਰਾਮਗੜ੍ਹੀਆ ਦੇ 14, ਜੱਸਾ ਸਿੰਘ ਆਹਲੂਵਾਲੀਆ ਦੇ 22, ਚੜ੍ਹਤ ਸਿੰਘ ਸ਼ੁਕਰਚੱਕੀਆ ਦੇ 16 ਜ਼ਖਮਾਂ ਦੇ ਨਿਸ਼ਾਨ ਸਨ।

1759 ਵਿਚ ਅਬਦਾਲੀ ਨੇ ਪਾਣੀਪਤ ਵਿਚ ਮਰਹੱਟਿਆਂ ਨੂੰ ਹਰਾ ਕੇ ਦਿੱਲੀ ਵਿਚ ਬਹੁਤ ਬੁਰੀ ਤਰ੍ਹਾਂ ਲੁੱਟ ਮਚਾਈ। ਲੁੱਟ ਦੇ ਮਾਲ ਨਾਲ ਉਹ ਦੋ ਹਜ਼ਾਰ ਹਿੰਦੂ ਲੜਕੀਆਂ ਵੀ ਨਾਲ ਲੈ ਕੇ ਕਾਬਲ ਵੱਲ ਚੱਲ ਪਿਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਉਸਨੂੰ ਜਾ ਘੇਰਿਆ। ਉਹਨਾਂ ਨੇ ਲੁੱਟ ਦਾ ਮਾਲ ਖੋਹ ਲਿਆ ਅਤੇ ਲੜਕੀਆਂ ਨੂੰ ਛੁਡਵਾ ਕੇ ਉਹਨਾਂ ਦੇ ਘਰੋ ਘਰੀ ਪਹੁੰਚਾਇਆ। ਇਸੇ ਤਰ੍ਹਾਂ 1761 ਵਿਚ ਕਸੂਰ ਦੇ ਐਸ਼ਪ੍ਰਸਤ ਜ਼ੁਮਾਨ ਖਾਂ ਅਤੇ ਹੁਸੈਨ ਖਾਂ ਨਵਾਬਾਂ ਨੇ ਜਦੋਂ ਬ੍ਰਾਹਮਣਾਂ ਤੇ ਖੱਤਰੀਆਂ ਦੀਆਂ ਲੜਕੀਆਂ ਨੂੰ ਉਧਾਲ ਕੇ ਮਹਿਲਾਂ ਵਿਚ ਲੈ ਗਏ ਤਾਂ ਉਹਨਾਂ ਦੇ ਦੁਖੀ ਮਾਪਿਆਂ ਨੇ ਅਕਾਲ ਤਖਤ 'ਤੇ ਚੱਲ ਰਹੇ ਦਿਵਾਨ ਵਿਚ ਜਾ ਫਰਿਆਦ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਸੁਣਕੇ ਜਾਹੋ ਜਹਾਲ ਵਿਚ ਆ ਗਏ ਅਤੇ ਉਹਨਾਂ ਤੁਰੰਤ ਕਸੂਰ ਨੂੰ ਜਾ ਘੇਰਿਆ। ਲੜਕੀਆਂ ਨੂੰ ਛੁਡਵਾ ਕੇ ਘਰੋ ਘਰੀ ਪਹੁੰਚਾਇਆ ਅਤੇ ਕਸੂਰ ਉਤੇ ਕਬਜ਼ਾ ਕਰ ਲਿਆ ਜੋ ਪਠਾਣਾਂ ਦਾ ਸਭ ਤੋਂ ਵੱਡਾ ਥੰਮ੍ਹ ਸੀ।

1762 ਵਿਚ ਮੁਗਲ ਫੌਜਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਉਸਨੂੰ ਬਾਰੂਦ ਨਾਲ ਉਡਾ ਦਿੱਤਾ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ। ਇਹ ਸਿੱਖਾਂ ਨੂੰ ਸਿੱਧੀ ਵੰਗਾਰ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਬਦਲਾ ਲੈਣ ਲਈ 60 ਹਜ਼ਾਰ ਸਿੱਖ ਇਕੱਤਰ ਕਰ ਲਏ ਤਾਂ ਅਬਦਾਲੀ ਨੂੰ ਇਸਦਾ ਪਤਾ ਚੱਲ ਗਿਆ। ਉਸਨੇ ਤੁਰੰਤ ਹਮਲਾ ਕਰ ਦਿੱਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਦੀ ਤਾਕਤ ਅੱਗੇ ਮੂੰਹ ਦੀ ਖਾਧੀ। ਅਬਦਾਲੀ ਲਾਹੌਰ ਛੱਡ ਕੇ ਕਾਬਲ ਚਲਾ ਗਿਆ। ਸਿੱਖਾਂ ਨੇ ਪਿੱਛੋਂ ਮਾਲਵੇ ਤੇ ਦੁਆਬੇ ਸਮੇਤ ਸਰਹੰਦ 'ਤੇ ਵੀ ਕਬਜ਼ਾ ਕਰ ਲਿਆ। ਅਬਦਾਲੀ ਨੇ ਫਿਰ ਗੁੱਸਾ ਖਾ ਕੇ 1764 ਵਿਚ ਸਿੱਖਾਂ ਨੂੰ ਖਤਮ ਕਰਨ ਲਈ ਹਮਲਾ ਕਰ ਦਿੱਤਾ। ਸਿੱਖ ਆਪਣੇ ਪੈਂਤੜੇ ਅਨੁਸਾਰ ਜੰਗਲਾਂ ਵਿਚ ਜਾ ਛਿਪੇ ਅਤੇ ਗੁਰੀਲਾ ਯੁੱਧ ਕਰਦੇ ਰਹੇ। ਅਬਦਾਲੀ ਦੇ ਵਾਪਸ ਮੁੜ ਜਾਣ ਤੇ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਹੁਣ ਸਤਲੁਜ ਤੋਂ ਅਟਕ ਤੱਕ ਸਿੱਖਾਂ ਦਾ ਕਬਜ਼ਾ ਹੋ ਗਿਆ। ਅਬਦਾਲੀ ਨੂੰ ਇਸਦੀ ਖਬਰ ਲੱਗੀ ਤਾਂ ਉਸਨੇ 1767 ਵਿਚ ਫਿਰ ਪੰਜਾਬ ਤੇ ਹਮਲਾ ਬੋਲ ਦਿੱਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਬਿਆਸ ਪਾਰ ਕਰਦਿਆਂ ਹੀ ਉਸਨੂੰ ਘੇਰ ਲਿਆ ਤੇ ਅਬਦਾਲੀ ਫਿਰ ਭੱਜ ਗਿਆ। ਇਸ ਜੰਗ ਵਿਚ ਜੱਸਾ ਸਿੰਘ ਆਹਲੂਵਾਲੀਆ ਸਖਤ ਜ਼ਖਮੀ ਹੋ ਗਏ ਸਨ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੂੰ ਸਿੱਖ ਸੰਘਰਸ਼ ਦੀ ਪੂਰੀ ਤਰ੍ਹਾਂ ਕਮਾਨ ਸੰਭਾਲ ਲਈ ਸੀ। ਉਸਦੀ ਚੜ੍ਹਤ ਵੇਖ ਕੇ ਗੁਆਂਢੀ ਰਾਜੇ ਅਤੇ ਕੁਝ ਮਿਸਲਾਂ ਦੇ ਸਰਦਾਰ ਅੰਦਰੋਂ ਅੰਦਰੀਂ ਈਰਖਾ ਖਾਣ ਲੱਗ ਪਏ ਸਨ ਪਰ ਉਹ ਕਾਮਯਾਬੀ ਦੀਆਂ ਪੌੜੀਆਂ ਲਗਾਤਾਰ ਚੜ੍ਹਦੇ ਜਾ ਰਹੇ ਸਨ। ਜੱਸਾ ਸਿੰਘ ਰਾਮਗੜ੍ਹੀਆ ਨੇ 11 ਮਾਰਚ 1783 ਨੂੰ ਜੱਸਾ ਸਿੰਘ ਆਹ-ਲੂਵਾਲੀਆ ਅਤੇ ਬਘੇਲ ਸਿੰਘ ਸਮੇਤ ਦਿੱਲੀ ਤੇ ਧਾਵਾ ਬੋਲ ਦਿੱਤਾ ਅਤੇ ਲਾਲ ਕਿਲੇ ਤੇ ਖਾਲਸਾਈ ਝੰਡਾ ਝੁਲਾ ਦਿੱਤਾ। ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖਤ ਤੇ ਬਿਠਾਇਆ ਤਾਂ ਉਹਨਾਂ ਨੇ ਕਿਹਾ ਕਿ ਇਸ 'ਤੇ ਜੱਸਾ ਸਿੰਘ ਰਾਮਗੜ੍ਹੀਆ ਦਾ ਹੱਕ ਬਣਦਾ ਹੈ, ਇਹ ਇਲਾਕਾ ਉਸਦਾ ਹੈ। ਇਸ ਵੇਲੇ ਜੱਸਾ ਸਿੰਘ ਰਾਮਗੜ੍ਹੀਆ ਕੋਲ 15000 ਆਪਣੀ ਫੌਜ ਹੋ ਗਈ ਸੀ। ਬਘੇਲ ਸਿੰਘ ਨੇ ਕਿਸੇ ਵੇਲੇ ਮੇਰਠ ਦੀ ਸਮਰੂ ਬੇਗਮ ਨੂੰ ਬਚਾਇਆ ਸੀ, ਜਿਸ ਕਰਕੇ ਉਸ ਨਾਲ ਗੂੜ੍ਹੇ ਆਪਸੀ ਸਬੰਧ ਸਨ। ਸਮਰੂ ਬੇਗਮ ਦੇ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ (ਦੂਜੇ) ਨਾਲ ਵੀ ਚੰਗੇ ਸਬੰਧ ਸਨ। ਇਸ ਲਈ ਉਸਨੇ ਇਸ ਭਾਵਨਾ ਨਾਲ ਕਿ ਕਿਸੇ ਦਾ ਨੁਕਸਾਨ ਨਾ ਹੋਵੇ, ਦਿੱਲੀ ਆ ਕੇ ਤਿੰਨਾਂ ਹੀ ਸਰਦਾਰਾਂ ਦੀ ਬਾਦਸ਼ਾਹ ਨਾਲ ਸੰਧੀ ਕਰਵਾ ਦਿੱਤੀ। ਸੰਧੀ ਮੁਤਾਬਕ ਬਘੇਲ ਸਿੰਘ ਨੇ ਦਿੱਲੀ ਦੀ ਕਾਨੂੰਨ ਅਮਨ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਿਲਕੇ ਦਿੱਲੀ ਵਿਚ 7 ਗੁਰਦੁਆਰਿਆਂ ਦੀ ਉਸਾਰੀ ਕਰਵਾਈ, ਜਿਹਨਾਂ ਵਿਚ ਸੀਸ ਗੰਜ, ਰਕਾਬ ਗੰਜ ਅਤੇ ਬੰਗਲਾ ਸਾਹਿਬ ਦੇ ਗੁਰਦੁਆਰੇ ਸ਼ਾਮਲ ਸਨ। ਜੱਸਾ ਸਿੰਘ ਰਾਮਗੜ੍ਹੀਆ ਅੱਠ ਮਹੀਨੇ ਦਿੱਲੀ ਰਹੇ। ਫਿਰ ਪਤਾ ਚੱਲਿਆ ਕਿ ਜੱਸਾ ਸਿੰਘ ਆਹਲੂਵਾਲੀਆ ਦੀ ਤਬੀਅਤ ਖਰਾਬ ਹੈ ਤਾਂ ਉਹ ਵਾਪਸ ਪਰਤ ਗਏ। ਹਾਲੇ ਪਟਿਆਲੇ ਹੀ ਪਹੁੰਚੇ ਸਨ ਕਿ ਪਤਾ ਚੱਲਿਆ ਕਿ ਉਹ ਚੱਲ ਵੱਸੇ ਹਨ। ਇਸਦਾ ਉਹਨਾਂ ਨੂੰ ਡੂੰਘਾ ਸਦਮਾ ਪੁੱਜਾ। ਦਿੱਲੀ ਤੋਂ ਵਾਪਸ ਆਉਂਦਿਆਂ ਜੱਸਾ ਸਿੰਘ ਰਾਮਗੜ੍ਹੀਆ ਨੇ ਔਰੰਗਜ਼ੇਬ ਦੇ ਤਖਤ (ਜਿਸ 'ਤੇ ਬੈਠ ਕੇ ਕਿਸੇ ਵੇਲੇ ਉਸਨੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਐਲਾਨ ਕੀਤਾ ਸੀ), ਨੂੰ ਪੁੱਟ ਕੇ ਹਾਥੀ ਤੇ ਲੱਦ ਕੇ ਅੰਮ੍ਰਿਤਸਰ ਲੈ ਆਂਦਾ ਸੀ। ਉਸਨੂੰ ਹੁਣ ਰਾਮਗੜ੍ਹੀਆ ਬੁੰਗੇ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਪਟਿਆਲੇ ਦੇ ਰਾਜਾ ਅਮਰ ਸਿੰਘ ਉਤੇ ਪਟੌਦੀ ਦੇ ਨਵਾਬ ਨੇ ਹਮਲਾ ਬੋਲਿਆ ਤਾਂ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਜਾ ਅਮਰ ਸਿੰਘ ਦੀ ਮਦਦ ਕਰਕੇ ਪਟੌਦੀ ਨੂੰ ਹਰਾਇਆ। ਅਮਰ ਸਿੰਘ ਨੇ ਕਿਸੇ ਵੇਲੇ ਜੱਸਾ ਸਿੰਘ ਰਾਮਗੜ੍ਹੀਏ ਦੀ ਮਦਦ ਵੀ ਕੀਤੀ ਸੀ ਅਤੇ ਉਸਨੂੰ ਨਜ਼ਰਾਨੇ ਦੇ ਤੌਰ ਤੇ ਹਾਂਸੀ ਤੇ ਹਿਸਾਰ ਦੇ ਇਲਾਕੇ ਵੀ ਦੇ ਦਿੱਤੇ ਸਨ। ਜੱਸਾ ਸਿੰਘ ਦਾ ਇਕੋ ਹੀ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਸੀ, ਜੋ ਇਸ ਵੇਲੇ ਜਵਾਨ ਹੋ ਚੁੱਕਾ ਸੀ ਅਤੇ ਰਾਜਕੀ ਗਤੀਵਿਧੀਆਂ ਵਿਚ ਵੀ ਹਿੱਸਾ ਲੈਂਦਾ ਸੀ। ਜੱਸਾ ਸਿੰਘ ਨੇ ਇਹ ਇਲਾਕੇ ਆਪਣੇ ਪੁੱਤਰ ਨੂੰ ਸੌਂਪ ਦਿੱਤੇ, ਜਿਹਨਾਂ ਦਾ ਰਾਜ ਪ੍ਰਬੰਧ ਉਹ ਵਧੀਆ ਢੰਗ ਨਾਲ ਚਲਾਉਂਦਾ ਰਿਹਾ ਅਤੇ ਬਾਅਦ ਵਿਚ ਉਹ ਇਲਾਕੇ ਉਸਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੌਂਪ ਦਿੱਤੇ ਸਨ।

ਜੱਸਾ ਸਿੰਘ ਇਕ ਬਹਾਦਰ ਤੇ ਨਿਡਰ ਯੋਧੇ ਦੇ ਨਾਲ ਨਾਲ ਇਕ ਨਰਮ ਦਿਲ ਇਨਸਾਨ ਵੀ ਸੀ ਜੋ ਲੋੜਵੰਦ ਦੀ ਮਦਦ ਕਰਕੇ ਖੁਸ਼ ਹੁੰਦਾ ਸੀ। ਇਕ ਸਮੇਂ ਹਿਸਾਰ ਦੇ ਹਾਕਮ ਨੇ ਇਕ ਗਰੀਬ ਬ੍ਰਾਹਮਣ ਦੀ ਲੜਕੀ ਉਧਾਲ ਲਈ। ਲੜਕੀ ਦਾ ਬਾਪ ਰੋਂਦ ਹੋਇਆ ਜੱਸਾ ਸਿੰਘ ਕੋਲ ਫਰਿਆਦ ਲੈ ਕੇ ਆਇਆ ਤਾਂ ਉਸ ਕੋਲੋਂ ਪਿਓ ਦਾ ਦੁੱਖ ਸਹਿਣ ਨਾ ਹੋਇਆ। ਉਹ ਤੁਰੰਤ ਉਠਿਆ ਅਤੇ ਲੜਕੀ ਨੂੰ ਆਜ਼ਾਦ ਕਰਵਾ ਲਿਆਇਆ ਅਤੇ 5000 ਰੁਪਏ ਸ਼ਗਨ ਦੇ ਕੇ ਉਸਦੇ ਘਰ ਤੋਰਿਆ। ਆਖਣ ਲੱਗੇ ਕਿ ਧੀਆਂ ਨੂੰ ਖਾਲੀ ਹੱਥ ਨਹੀਂ ਤੋਰੀਦਾ।

ਜੱਸਾ ਸਿੰਘ ਰਾਮਗੜ੍ਹੀਆ ਦੀ 1776 ਤੱਕ ਪੂਰੀ ਚੜ੍ਹਤ ਹੋ ਗਈ ਸੀ ਤੇ ਉਹਨਾਂ ਦਾ ਇਸਤਕਬਾਲ ਸਿਖਰਾਂ 'ਤੇ ਸੀ। ਉਹਨਾਂ ਨੇ ਆਪਣੇ ਰਾਜ ਦੀਆਂ ਸਰਹੱਦਾਂ ਦੂਰ ਤੱਕ ਵਧਾ ਲਈਆਂ ਸਨ। ਕਨ੍ਹਈਆ ਸਰਦਾਰਾਂ ਨੂੰ ਜਿੱਤ ਕੇ ਉਹਨਾਂ ਨੇ ਬਟਾਲਾ, ਹਰਗੋਬਿੰਦਪੁਰ, ਕਲਾਨੌਰ, ਮੱਤੇਵਾਲ ਅਤੇ ਦਾਦੂਵਾਲ ਉਤੇ ਕਬਜ਼ਾ ਕਰ ਲਿਆ ਸੀ। ਹਰਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾ ਕੇ ਦੂਜੇ ਪਾਸੇ ਨਿਕਲ ਗਏ ਅਤੇ ਅੰਮ੍ਰਿਤਸਰ, ਗੁਰਦਾਸਪੁਰ, ਮਹਿਤਾ, ਵੇਰਕਾ, ਦੀਨਾ ਨਗਰ, ਘੁਮਾਣ, ਸ਼ਾਹਪੁਰ ਕੰਢੀ, ਕਾਦੀਆਂ, ਟਾਂਡਾ ਉੜਮੁੜ, ਮਿਆਣੀ, ਸਰੀਂਹ, ਗੜ੍ਹਦੀਵਾਲਾ, ਜਹੂਰਾ, ਕਾਂਗੜਾ, ਹੁਸ਼ਿਆਰਪੁਰ, ਨੂਰਪੁਰ ਅਤੇ ਚੰਬਾ ਨੂੰ ਨਾਲ ਮਿਲਾ ਲਿਆ। ਫਿਰ ਮੇਰਠ, ਹਿਸਾਬ, ਮੁਜ਼ੱਫਰਗੜ੍ਹ, ਦਿੱਲੀ ਅਤੇ ਜਮਨਾ ਤੱਕ ਦਾ ਇਲਾਕਾ ਨਾਲ ਮਿਲਾ ਕੇ ਵਿਸ਼ਾਲ ਰਾਜ ਦਾ ਮਹਾਰਾਜਾ ਅਖਵਾਇਆ। ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹੀ ਸੀ। ਉਹ ਗਰੀਬਾਂ ਦਾ ਮਸੀਹਾ ਵੀ ਬਣਿਆ ਅਤੇ ਸਿੱਖੀ ਦਾ ਸੱਚਾ ਪੈਰੋਕਾਰ ਬਣ ਕੇ ਉਸਦੀ ਰੱਖਿਆ ਵੀ ਕੀਤੀ। ਕਿੰਨੇ ਹੀ

**(ਬਾਕੀ ਅਗਲੇ ਸਫੇ 'ਤੇ)**

# 5 ਵੈਸਾਖ ਬਨਾਮ ਵੈਸਾਖ ਵਦੀ 5



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 400 ਸਾਲ ਪਹਿਲਾ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 5 ਵੈਸਾਖ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਵੈਸਾਖ ਵਦੀ 5, ਚੰਦਰ ਸੂਰਜੀ ਬ੍ਰਿਕਮੀ (Lunisolar) ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋਵਾਂ ਤਾਰੀਖ਼ਾਂ 'ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਚੁਣੌਤੀ, ਕਿਸੇ ਹੋਰ ਨੇ ਨਹੀਂ, ਸਗੋਂ ਸਾਡੇ ਧਾਰਮਿਕ ਮੁਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੂੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੂੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਦਿਨ ਹੁੰਦੀ ਹੈ। ਚੰਦ ਦਾ ਇਕ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ ਹੀ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ। ਜਿਵੇਂ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਦਿਹਾੜਾ ਵੈਸਾਖ ਵਦੀ 5 ਮੁਤਾਬਕ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿੱਚ ਸੰਮਤ 551 ਵਿੱਚ 11 ਵੈਸਾਖ(24 ਅਪ੍ਰੈਲ 2019ਸੀ: ਈ:) ਨੂੰ ਆਇਆ ਸੀ। ਕਿਉਂਕਿ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ 11 ਦਿਨ ਛੋਟਾ ਹੁੰਦਾ ਹੈ, ਇਸ ਲਈ ਸੰਮਤ 552 ਵਿੱਚ ਇਹ ਦਿਹਾੜਾਪਿਛਲੇ ਸਾਲ ਨਾਲੋਂ 11 ਦਿਨ ਪਹਿਲਾ, 30 ਚੇਤ (12 ਅਪ੍ਰੈਲ 2020 ਸੀ: ਈ) ਆਇਆ ਸੀ। ਇਸ ਹਿਸਾਬ ਮੁਤਾਬਕ ਤਾਂ ਇਸ ਸਾਲ (ਸੰਮਤ 553) ਇਹ ਦਿਹਾੜਾ ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਭਾਵ 19 ਚੇਤ ਨੂੰ ਆਉਣਾ ਚਾਹੀਦਾ ਸੀ। ਪਰ ਨਹੀ! ਇਸ ਸਾਲ ਤਾਂ ਇਹ ਦਿਹਾੜਾ 19 ਵੈਸਾਖ (1 ਮਈ 2021 ਸੀ: ਈ:) ਦਾ ਦਰਜ ਹੈ।

ਕਿ ਚੰਦ ਦੇ ਕੈਲੰਡਰ ਨੂੰ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਹੀ ਰੱਖਣਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਵਰਤਿਆ ਜਾਵੇ?

ਜਿਸ ਦਿਨ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਦੀ ਵੈਸਾਖ ਵਦੀ 5 ਦੇ ਨਾਲ-ਨਾਲ ਸੂਰਜੀ ਬਿਕ੍ਰਮੀ ਕੈਲੰਡਰ ਦੀ 5 ਵੈਸਾਖਵੀ ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿੱਚ ਲਿਖਿਆ ਗਿਆ ਤਾਂ ਇਹ 1 ਅਪ੍ਰੈਲ 1621 ਈ: ਲਿਖੀ ਗਈ ਸੀ। ਜੇ ਕਿਸੇ ਇਤਿਹਾਸਕਾਰ ਨੇ ਇਸੇ ਤਾਰੀਖ ਨੂੰ ਹਿਜਰੀ ਕੈਲੰਡਰ ਵਿੱਚ ਲਿਖਿਆ ਹੋਵੇ ਤਾਂ 18 ਜਮਾਦੀ ਉਲ ਅੱਵਲ 1030 ਹਿਜਰੀ ਲਿਖੀ ਹੋਏਗੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਵੈਸਾਖ ਵਦੀ 5 ਦੀ ਬਿਜਾਏ 5 ਵੈਸਾਖ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਨਹੀ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਸਾਨੂੰ ਇਹ ਤਾਰੀਖ ਵੀ ਯਾਦ ਹੋ ਜਾਵੇਗੀ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ 'ਚ ਨਿਕਲ ਜਾਵਾਂਗੇ।

ਹੁਣ ਜਦੋਂ ਅਸੀਂ ਇਹ ਦਿਹਾੜਾ ਵੈਸਾਖ ਵਦੀ 5 ਦੀ ਬਿਜਾਏ, ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਵੈਸਾਖ ਨੂੰ ਨਾਨਕਸ਼ਾਹੀ ਕੈਲੰਡਰ (ਸਾਲ ਦੀ ਲੰਬਾਈ 365.2425 ਦਿਨ) ਲਿਖਿਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸੰਮਤ 535 ਨਾਨਕਸ਼ਾਹੀ (2003-2004 ਈ:) ਵਿਚ ਲਾਗੂ ਕੀਤਾ ਸੀ। ਪਰ ਅਚਾਨਕ ਹੀ ਇਸ ਨੂੰ ਰੱਦ ਕਰਕੇ, ਮਾਰਚ 2010 ਈ: ਵਿਚ ਦੋ ਮੈਂਬਰੀ ਕਮੇਟੀ, ਜਿਸ ਵਿਚ ਹਰਨਾਮ ਸਿੰਘ ਧੁੰਮਾ ਅਤੇਅਵਤਾਰ ਸਿੰਘ ਮੱਕੜ ਸ਼ਾਮਿਲ ਸਨ, ਦੀ ਸਿਫ਼ਾਰਿਸ਼ ਤੇ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਮਿਲਗੋਭਾ ਕੈਲੰਡਰ ਲਾਗੂ ਕਰ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ, ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਤੇ ਅਧਾਰਿਤ ਹੈ। ਇਸ ਦੇ ਹਰ

| ਦਿਹਾੜਾ | ਸੰਮਤ 551 | ਸੰਮਤ 552 | ਸੰਮਤ 553 | ਸੰਮਤ 554 | ਸੰਮਤ 555 | ਸੰਮਤ 556 | ਨਾਨਕਸ਼ਾਹੀ ਕੈਲੰਡਰ |
|---|---|---|---|---|---|---|---|
| ਵੈਸਾਖੀ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ |
| ਸ਼ਹੀਦੀਵੱਡੇ ਸਾਹਿਬਜ਼ਾਦੇ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ |
| ਸ਼ਹੀਦੀਛੋਟੇ ਸਾਹਿਬਜ਼ਾਦੇ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ |
| ਪ੍ਰਕਾਸ਼ਦਿਹਾੜਾ ਪਾਤਸ਼ਾਹੀ 9 | 11 ਵੈਸਾਖ | 30 ਚੇਤ | 19 ਵੈਸਾਖ | 8 ਵੈਸਾਖ | 29 ਚੇਤ | 17 ਵੈਸਾਖ | 5 ਵੈਸਾਖ |

ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਭ ਤੋਂ ਪਹਿਲਾਂ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ ਵਿੱਚ ਚੰਦਰ ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ।

ਧਰਤੀ ਆਪਣੇ ਧੁਰੇ ਦੁਵਾਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨਾਂ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Tropical year) ਕਿਹਾ ਜਾਂਦਾ ਹੈ। ਚੰਦ ਧਰਤੀ ਦੁਵਾਲੇ ਘੁੰਮਦਾ ਹੈ ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦਾ ਮਹੀਨਾ ਮੱਸਿਆ ਤੋਂ ਮੱਸਿਆ ਜਾਂ ਪੂੰਨਿਆ ਤੋਂ ਪੂੰਨਿਆ, ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿੱਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿੱਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਪਿਛਲੇ ਸਾਲ (ਸੰਮਤ 2077 ਬਿਕ੍ਰਮੀ) ਚੰਦ ਦੇ ਸਾਲ ਦੇ 13 ਮਹੀਨੇ ਸਨ। ਅੱਸੂ ਦਾ ਮਹੀਨਾ ਦੋ ਵਾਰੀ ਆਇਆ ਸੀ। 19 ਸਾਲਾਂ ਵਿੱਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ। ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਜਾਂ ਮਲ ਮਾਸ ਕਿਹਾ ਜਾਂਦਾ ਹੈ। ਪਹਿਲੇ ਮਹੀਨੇ ਦਾ ਵਦੀ ਪੱਖ ਚੰਗਾ, ਪਹਿਲੇ ਮਹੀਨੇ ਦਾ ਸੁਦੀ ਪੱਖ ਮਾੜਾ, ਦੂਜੇ ਮਹੀਨੇ ਦਾ ਵਦੀ ਪੱਖ ਮਾੜਾ ਅਤੇ ਦੂਜੇ ਮਹੀਨੇ ਦਾ ਸੁਦੀ ਪੱਖ ਚੰਗਾ ਹੁੰਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ। ਮਲ ਮਾਸ ਦੇ ਪਿੱਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਣ ਦੀ ਬਿਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਇਸ ਸਾਲ ਜਿਹੜਾ ਦਿਹਾੜਾ 19 ਚੇਤ ਨੂੰ ਆਉਣਾ ਚਾਹੀਦਾ ਸੀ ਹੁਣ ਉਹ 19 ਵੈਸਾਖ ਨੂੰ ਆਵੇਗਾ। ਸੰਮਤ 554 ਵਿੱਚ 8 ਵੈਸਾਖਅਤੇ ਸੰਮਤ 555 ਵਿੱਚ 29 ਚੇਤ ਨੂੰ ਆਵੇਗਾ। ਸੰਮਤ 2080 ਬਿਕ੍ਰਮੀ ਵਿੱਚ ਹੁਣ ਫੇਰ ਚੰਦ ਦੇ ਸਾਲ ਵਿਚ ਇਕ ਮਲ ਮਾਸ ਆ ਜਾਵੇਗਾ (ਸਾਵਣ ਦੇ ਦੋ ਮਹੀਨੇ ਹੋਣਗੇ) ਅਤੇ ਸੰਮਤ 556 ਨਾਨਕਸ਼ਾਹੀ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਦਿਹਾੜਾ 17 ਵੈਸਾਖ ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ। ਹੁਣ ਸਵਾਲ ਪੈਦਾ ਹੁੰਦਾ ਹੈ

ਮਨਾਉਂਦੇ ਹਾਂ ਤਾਂ ਇਹ ਦਿਹਾੜਾ ਹਰ ਸਾਲ 18 ਅਪ੍ਰੈਲ ਨੂੰ ਹੀ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਜੋ ਕੈਲੰਡਰ ਛਾਪਿਆ ਜਾਂਦਾ ਹੈ। ਉਹ ਸੂਰਜੀ ਬਿਕ੍ਰਮੀ ਕੈਲੰਡਰ ਹੈ। ਜਿਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ। ਇਸ ਕੈਲੰਡਰ ਮੁਤਾਬਕ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਹੀ ਆਉਂਦਾ ਹੈ। ਪਰ ਗੁਰੂ ਤੇਗ ਬਹਾਦਰ ਜੀਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਹਰ ਸਾਲ ਬਦਲ ਜਾਂਦਾ ਹੈ। ਜਿਵੇ ਸੰਮਤ 551 ਨਾਨਕਸ਼ਾਹੀ ਵਿੱਚ 11 ਵੈਸਾਖ, ਸੰਮਤ 552 ਵਿੱਚ 30 ਚੇਤ, ਸੰਮਤ 553 ਵਿੱਚ 19 ਵੈਸਾਖ ਨੂੰ ਹੈ, ਸੰਮਤ 554 ਵਿੱਚ 8 ਵੈਸਾਖ, ਸੰਮਤ 555 ਵਿੱਚ 29 ਚੇਤ, ਅਤੇ ਸੰਮਤ 556 ਵਿੱਚ 17 ਵੈਸਾਖ ਨੂੰ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ 12 ਸਾਲਾਂ ਤੋਂ ਛਾਪੇ ਜਾਂਦੇ ਕੈਲੰਡਰ ਵਿੱਚ, ਗੁਰਪੁਰਬ ਦੀਆਂ ਤਾਰੀਖਾਂ ਨਿਰਧਾਰਿਤ ਤਾਂ ਚੰਦ ਦੇ ਕੈਲੰਡਰ ਮੁਤਾਬਕ ਕੀਤੀਆਂ ਜਾਂਦੀਆਂ ਹਨ ਪਰ ਸੰਗਤਾਂ ਨੂੰ ਭੁਲੇਖਾ ਪਾਉਣ ਲਈ, ਦਰਜ ਪ੍ਰਵਿਸ਼ਟਿਆਂ ਵਿੱਚਕੀਤੀਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿਚ ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 354.27 ਦਿਨ, ਕਦੇ- ਕਦੇ 384-85 ਦਿਨ), ਕੁਝ ਦਿਹਾੜੇ ਸੂਰਜੀ ਬਿਕ੍ਰਮੀ ਮੁਤਾਬਕ (ਸਾਲ ਦੀ ਲੰਬਾਈ 365.2563 ਦਿਨ ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 365.2425 ਦਿਨ) ਮੁਤਾਬਕ ਦਰਜ ਕੀਤੇ ਜਾਂਦੇ ਹਨ। ਪਰ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਕੈਲੰਡਰ ਦਾ ਨਾਮ

ਮਹੀਨੇ ਦਾ ਆਰੰਭ, ਹਰ ਸਾਲ ਇਕੋ ਸਮੇਂ ਹੀ ਹੁੰਦਾ ਹੈ, ਅਤੇ ਮਹੀਨੇ ਦੇ ਦਿਨ ਵੀ ਬਿਕ੍ਰਮੀ ਕੈਲੰਡਰ ਵਾਂਗੂ, ਹਰ ਸਾਲ ਨਹੀਂ ਬਦਲਦੇ। ਇਸ ਮੁਤਾਬਕ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 5 ਵੈਸਾਖ (18 ਅਪ੍ਰੈਲ) ਨੂੰ ਹੀ ਆਉਂਦਾ ਹੈ।

ਇਸ ਸਾਲ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਤਾਬਦੀ ਦੇ, ਸਾਰਾ ਸਾਲ ਚਲਣ ਵਾਲੇ ਸਮਾਗਮ ਆਰੰਭ ਹੋ ਚੁੱਕੇ ਹਨ। ਵੱਖ-ਵੱਖ ਵਿਦਵਾਨਾਂ ਵੱਲੋਂ ਗੁਰੂ ਜੀ ਦੇ ਜੀਵਨ, ਅਤੇ ਉਨ੍ਹਾਂ ਵੱਲੋਂ ਗੁਰਬਾਣੀ ਰਾਹੀ ਬਖ਼ਸ਼ਿਸ਼ ਕੀਤੇ ਗਏ ਸਿਧਾਂਤਾਂ ਉਪਰ ਆਪਣੀਆਂ ਖੋਜਾਂ ਸਾਂਝੀਆਂ ਕੀਤੀਆਂ ਜਾਣੀਆਂ ਹਨ। ਕੀ ਇਹ ਸੱਜਣ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਵੱਲ ਵੀ ਧਿਆਨ ਦੇਣਗੇ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਤਾਂ ਵਾਰ-ਵਾਰ ਲਿਖਤੀ ਬੇਨਤੀਆਂ ਕਰਨ ਪਿਛੋਂ ਨਿਰਾਸ਼ਾ ਹੀ ਪੱਲੇ ਪਈ ਹੈ। ਸ਼੍ਰੋਮਣੀ ਕਮੇਟੀ ਦੇ ਉੱਚ ਸਿੱਖਿਆ ਪ੍ਰਾਪਤ ਅਧਿਕਾਰੀ, ਸਿੰਘ ਸਾਹਿਬ ਅਤੇ ਅਹੁਦੇਦਾਰ ਤਾਂ "ਉਪਰੋਂ ਆਏ ਹੁਕਮਾਂ" ਦੇ ਗੁਲਾਮ ਹਨ। "ਅਸੀਂ ਤਾਂ ਉੱਪਰੋਂ ਆਇਆ ਹੁਕਮ ਵਜਾਉਣਾ ਹੈ"-ਮੱਕੜ) ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ, ਕੀ ਸਾਨੂੰ ਰੁੱਤੀ ਸਾਲ ਤੇ ਅਧਾਰਿਤ ਕੈਲੰਡਰ, ਭਾਵ ਨਾਨਕਸ਼ਾਹੀ ਕੈਲੰਡਰ, ਜਿਸ ਦੇ ਪ੍ਰਵਿਸ਼ਟੇ ਸਦਾ ਵਾਸਤੇ ਇਕੋ ਹੀ ਰਹਿਣਗੇ, ਦੀ ਲੋੜ ਹੈ ਜਾਂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ? ਜਿਸ ਦੇਪ੍ਰਵਿਸ਼ਟੇ ਹਰ ਸਾਲ ਬਦਲ ਜਾਂਦੇ ਹਨ?

# ਸਿੱਖ ਇਤਿਹਾਸ ਦਾ ਚਮਕਦਾ ਸਿਤਾਰਾ ਸ. ਜੱਸਾ ਸਿੰਘ ਰਾਮਗੜ੍ਹੀਆ

**(ਸਫਾ 16 ਦੀ ਬਾਕੀ)**

ਗੁਰਦੁਆਰੇ ਅਤੇ ਕਿਲ੍ਹੇ ਉਸਾਰੇ। ਉਹਨਾਂ ਨੇ ਜੋ ਰਾਮਗੜ੍ਹੀਆ ਬੂੰਗਾ ਬਣਵਾਇਆ, ਉਹ ਤਖਤ ਸ੍ਰੀ ਗੁਰੂ ਰਾਮਦਾਸ ਤੋਂ 14 ਫੁੱਟ ਨੀਚੇ ਬਣਵਾਇਆ ਸੀ। ਇਹ ਉਹਨਾਂ ਦੀ ਸਿੱਖੀ ਪ੍ਰਤੀ ਸ਼ਰਧਾ ਅਤੇ ਨਿਮਰਤਾ ਦੀ ਲਖਾਇਕ ਹੈ। ਸਿੱਖੀ ਕਾਰਜ ਲਈ ਉਹ ਉਮਰ ਭਰ ਇਕ ਦਿਨ ਵੀ ਚੈਨ ਨਾਲ ਨਹੀਂ ਬੈਠੇ ਅਤੇ ਇੰਝ ਦਿਨ ਰਾਤ ਸੰਘਰਸ਼ ਵਿਚ ਰਹਿੰਦਿਆਂ ਉਹ 80 ਸਾਲ ਦੀ ਉਮਰ ਵਿਚ 1803 ਵਿਚ ਚੱਲ ਵੱਸੇ।

ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ ਵਿਛੜਿਆਂ ਅੱਜ ਦੋ ਸੌ ਸਾਲ ਤੋਂ ਵੱਧ ਸਮਾਂ ਬੀਤ ਗਿਆ ਹੈ। ਲੁਹਾਰਾ ਤਰਖਾਣਾ ਸਮੇਤ ਸਾਰੀ ਕਿਰਤੀ ਸ਼੍ਰੇਣੀ, ਜਿਸਨੂੰ ਪ੍ਰਚੱਲਿਤ ਸਮਾਜਿਕ ਵਿਵਸਥਾ ਅਨੁਸਾਰ ਸ਼ੂਦਰ ਵਿਚ ਸ਼ੁਮਾਰ ਕਰਕੇ ਇਹ ਇਸ ਨਾਲ ਘਟੀਆ ਵਤੀਰਾ ਅਪਣਾਉਂਦੀ ਰਹੀ ਹੈ, ਉਹ ਕਿਰਤੀ ਸ਼੍ਰੇਣੀ ਜਿੱਥੇ ਸਿੱਖ ਲਹਿਰ ਦੀ ਦੇਣਦਾਰ ਹੈ, ਉਥੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਵੀ ਰਿਣੀ ਹੈ, ਜਿਸਨੇ ਸਿੱਖੀ ਨੂੰ ਅਪਣਾਉਂਦਿਆਂ ਇਹਨਾਂ ਨੂੰ ਸਨਮਾਨਯੋਗ ਥਾਂ ਦੁਆਈ। ਅੱਜ ਰਾਮਗੜ੍ਹੀਆ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਫੌਜ, ਖੇਡਾਂ, ਵਿਦਿਆ, ਚਿੱਤਰਕਾਰੀ, ਨਕਾਸ਼ੀ, ਪੱਤਰਕਾਰੀ, ਸੰਗੀਤ, ਰੰਗਮੰਚ, ਗਾਇਕੀ, ਸਾਹਿਤਕਾਰਤਾ, ਸਿਆਸਤ ਆਦਿ ਵਿਚ ਇਕ ਤੋਂ ਇਕ ਮੱਲਾਂ ਮਾਰੀਆਂ ਹਨ।

ਇਹ ਖੁਸ਼ੀ ਦੀ ਗੱਲ ਹੈ ਪਰ ਸਿੱਖੀ ਉਹਨਾਂ ਤੋਂ ਹੋਰ ਵੀ ਤਵੱਕੋ ਰੱਖਦੀ ਹੈ। ਸਿੱਖੀ ਵਿਚ ਜਾਤ ਤੇ ਗੋਤਰ ਨਾਂ ਨਾਲ ਲਗਾਉਣੇ ਪ੍ਰਵਾਨਿਤ ਨਹੀਂ ਹਨ। ਰਾਮਗੜ੍ਹੀਆ ਪਰਿਵਾਰ ਅੱਜ ਲੱਗਭੱਗ ਸਾਢੇ ਛੇ ਸੌ ਗੋਤਰਾਂ ਵਿਚ ਵੰਡਿਆ ਪਿਆ ਹੈ, ਜਿਹਨਾਂ ਦੀ ਵਰਤੋਂ ਖੁੱਲ੍ਹ ਕੇ ਕੀਤੀ ਜਾਂਦੀ ਹੈ।

ਇਸ ਨਾਲ ਸਿੱਖੀ ਦੇ ਮੁਢਲੇ ਨਿਯਮਾਂ ਨੂੰ ਢਾਹ ਲੱਗਦੀ ਹੈ ਜੋ ਇਕ ਮੰਚ ਤੇ ਇਕੱਠੇ ਹੋਣ ਵਿਚ ਵੱਡੀ ਰੁਕਾਵਟ ਹੈ। ਇਹ ਤਾਂ ਵੈਸੇ ਹਰ ਸਿੱਖ ਲਈ ਹੀ ਸੋਚਣ ਦਾ ਵਿਸ਼ਾ ਹੈ। ਦੂਜੀ ਗੱਲ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਸ੍ਰੀ ਹਰਗੋਬਿੰਦਪੁਰ ਵਿਚ ਸਥਿਤ ਹਵੇਲੀ ਢਹਿ ਢੇਰੀ ਹੋ ਗਈ ਹੈ। ਇਸ ਵੱਲ ਕਿਸੇ ਸਰਕਾਰ ਨੇ ਜੇ ਧਿਆਨ ਨਹੀਂ ਦਿੱਤਾ ਤਾਂ ਸਿੱਖ ਸੰਸਕਾਵਾਂ ਦਾ ਧਿਆਨ ਦੇਣਾ ਬਣਦਾ ਸੀ।

ਪਰ ਹੁਣ ਜਦੋਂ ਉਸ ਮਹਾਨ ਜਰਨੈਲ ਦੀ ਇਸ ਯਾਦਗਾਰ ਦੀ ਕੋਈ ਇੱਟ ਤੱਕ ਵੀ ਨਹੀਂ ਬਚੇਗੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਵਿਖਾਵਾਂਗੇ?

ਰਾਮਗੜ੍ਹੀਆ ਪਰਿਵਾਰ ਦੇ ਮੈਂਬਰ ਹੀ ਆਪਣੀ ਨਿੱਜੀ ਤੌਰ ਤੇ ਜ਼ਿੰਮੇਵਾਰੀ ਸਮਝ ਕੇ ਅੱਗੇ ਆਉਣ। ਉਹਨਾਂ ਕੋਲ ਹਰ ਤਰ੍ਹਾਂ ਦਾ ਸ਼ਿਲਪਕਾਰ ਹੈ ਜੋ ਸਮੁੱਚੇ ਰੂਪ ਵਿਚ ਇਕ ਵਧੀਆ ਯਾਦਗਾਰ ਬਣਾਉਣ ਦੇ ਸਮਰੱਥ ਹਨ।

****

ਪੰਜਾਬੀ ਦਾ ਸਿਰਮੌਰ ਗਲਪਕਾਰ ਪ੍ਰੇਮ ਗੋਰਖੀ ਅਚਾਨਕ ਜੀਵਨ-ਸਫ਼ਰ ਮੁਕਾ ਗਿਆ। ਪੰਜਾਬ ਦੇ ਕਾਲ਼ੇ ਦਿਨਾਂ ਵੇਲ਼ੇ ਦੀ ਇਕ ਘਟਨਾ ਪ੍ਰੇਮ ਗੋਰਖੀ ਦੇ ਬੇਹੱਦ ਕਰੀਬੀ ਮਿੱਤਰ ਸੁਰਿੰਦਰ ਸੋਹਲ ਹੋਰਾਂ ਭੇਜੀ ਹੈ। ਪ੍ਰੇਮ ਗੋਰਖੀ ਨੂੰ ਸ਼ਰਧਾਂਜਲੀ ਵਜੋਂ ਇਹ ਲਿਖਤ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ।

**-ਸੰਪਾਦਕ**

# ਪੁਲਸਰਾਤ ਦਾ ਸਫ਼ਰ



ਕੁਰਸੀ 'ਤੇ ਬੈਠਾ ਮੈਂ ਸੋਚ ਰਿਹਾ ਸਾਂ ਕਿ ਦੀਸ਼ੋ ਦੀ ਗੱਲ ਸੁਣ ਕੇ ਮੈਨੂੰ ਹਸਣਾ ਚਾਹੀਦਾ ਹੈ ਜਾਂ ਗੰਭੀਰ ਹੋਣਾਂ।

ਠੰਢ ਉਤਰ ਆਈ। ਸੂਰਜ ਡੁੱਬ ਗਿਆ ਸੀ, ਜਦ ਆਖ਼ਰੀ ਬਸ ਆਈ। ਬਸ ਵੱਲ ਦੇਖ ਕੇ ਸਾਡੀ ਜਾਨ ਵਿਚ ਜਾਨ ਆਈ। ਕਿਸੇ ਤਰਾਂ ਜਲੰਧਰ ਪਹੁੰਚ ਜਾਈਏ, ਫਿਰ ਕੋਈ ਚਿੰਤਾ ਨਹੀਂ ਸੀ। ਉਥੋਂ ਪਿੰਡ ਤਕ ਜਾਣ ਦਾ ਸੌ ਸਬਬ ਬਣ ਸਕਦਾ ਸੀ। ਬਸ ਰੁਕੀ। ਉਡੀਕ ਦੀਆਂ ਮਾਰੀਆਂ ਸਵਾਰੀਆਂ ਗੁਥਮ ਗੁੱਥਾ ਹੁੰਦੀਆਂ ਬਸ ਵਿਚ ਵੜ ਗਈਆਂ।

ਮੈਂ, ਪਰੇਮ ਗੋਰਖੀ, ਦੇਵਿੰਦਰ ਮੰਡ ਅਤੇ ਦੇਸ ਰਾਜ ਕਾਲੀ ਤਲਵਾੜਿਓਂ ਆ ਰਹੇ ਸਾਂ। ਗੁਰਮੀਤ ਹੇਅਰ ਨੇ ਗੋਰਖੀ ਨੂੰ ਗਿਆਰਾਂ ਸੌ ਦੀ ਥੈਲੀ ਭੇਟ ਕਰਨ ਲਈ ਸਮਾਗਮ ਕੀਤਾ ਸੀ। ਗੋਰਖੀ ਨੇ ਸਾਨੂੰ ਵੀ ਸੱਦ ਲਿਆ ਕਿ ਨਾਲੇ ਫੰਕਸ਼ਨ ਦੇਖ ਲੈਣਾ ਨਾਲੇ ਤਲਵਾੜੇ ਦੀਆਂ ਮਧਰੀਆਂ ਮਧਰੀਆਂ ਪਹਾੜੀਆਂ ਦੀ ਸੈਰ ਕਰ ਲਵਾਂਗੇ। ਡੈਮ ਤੋਂ ਦਰਿਆ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਸੀ।

ਮੰਡ ਦਾ ਜੀਜਾ ਜੋਗਿੰਦਰ ਵੀ ਤਲਵਾੜੇ ਡੈਮ ਤੇ ਹੀ ਨੌਕਰੀ ਕਰਦਾ ਸੀ। ਉਹ ਅਕਸਰ ਸਾਨੂੰ ਆਖਦਾ ਹੁੰਦਾ," ਤਲਵਾੜੇ ਆਇਓ ਕਿਤੇ। ਕਦੇ ਕਦੇ ਤਾਜ਼ੀ ਹਵਾ ਵੀ ਖਾ ਲਿਆ ਕਰੋ। ਘਰ ਬੈਠੇ ਏਧਰੋਂ ਲੈਦਰ ਕੰਪਲੈਕਸ ਦੇ ਚਮੜੇ ਦੇ ਮੁਸ਼ਕ ਨਾਲ ਤੇ ਓਧਰੋਂ ਹਮੀਰੇ ਦੀ ਮਿਲ੍ਹ ਦੀ ਲਾਣ੍ਹ ਦੇ ਮੁਸ਼ਕ ਨਾਲ ਬੀਮਾਰ ਹੋਈ ਜਾਨੇ ਓਂ।''

ਤਲਵਾੜੇ ਜਾਣ ਦੇ ਕਈ ਬਹਾਨੇ ਬਣ ਗਏ ਸਨ। ਦੋ ਦਿਨ ਰਹਿ ਕੇ ਜਦੋਂ ਸ਼ਾਮ ਨੂੰ ਵਾਪਸ ਮੁੜਨ ਲੱਗੇ ਤਾਂ ਜੋਗਿੰਦਰ ਜੀਜੇ ਨੇ ਬੜਾ ਜ਼ੋਰ ਲਾਇਆ,'ਸਵੇਰ ਨੂੰ ਪਹਿਲੀ ਬਸੇ ਨਿਕਲ ਜਾਇਓ। ਭਲਾ ਆ ਵੇਲਾ ਹੁਣ ਜਾਣ ਦਾ। ਦਸੂਹੇ ਜਾਂਦੇ ਜਾਂਦੇ ਨ੍ਹੇਰਾ ਹੋ ਜਾਣਾਂ। ਆਖਰੀ ਬਸ ਵੀ ਨਿਕਲ ਗਈ ਤਾਂ ਕਿਹਦੀ ਮਾਂ ਨੂੰ ਮਾਸੀ ਕਹੋਗੇ। ਉਤੋਂ ਸਿਆਲੂ ਦਿਨ ਤੇ ਨਾਲੇ ਜਮਾਨਾ ਕਿਹੜਾ....ਵਕਤ ਤਾਂ ਵਿਚਾਰੋ...?''



(ਖੱਬਿਓਂ ਸੱਜੇ) ਸੁਰਿੰਦਰ ਸੋਹਲ, ਪ੍ਰੇਮ ਗੋਰਖੀ, ਦੇਸ ਰਾਜ ਕਾਲੀ ਅਤੇ ਦਵਿੰਦਰ ਮੰਡ। ਪ੍ਰੇਮ ਗੋਰਖੀ ਨੇ ਜੋਗਿੰਦਰ ਜੀਜੇ ਦੀ ਬੇਟੀ ਚੁੱਕੀ ਹੋਈ ਹੈ। (ਤਲਵਾੜਾ)

ਪਰ ਸਾਡੀ ਹੂੜ ਮਤ। ਅਸੀਂ ਨਾ ਮੰਨੇ।

ਦਸੂਹੇ ਪਹੁੰਚਦਿਆਂ ਨੂੰ ਹੀ ਦਿਨ ਡੁੱਬਣ ਡੁੱਬਣ ਕਰ ਲੱਗ ਪਿਆ ਸੀ। ਬਸ ਆਈ ਤੇ ਬਿਨਾ ਰੁਕੇ ਹੀ ਚਲੀ ਗਈ। ਬਾਕੀ ਸਵਾਰੀਆਂ ਦੇ ਨਾਲ ਅਸੀਂ ਵੀ ਨਿੰਮੋਝਾਣ ਹੋ ਗਏ। ਕਦੀ ਦੂਰ ਤਕ ਸੁੰਨੀ ਨਜ਼ਰ ਆਉਂਦੀ ਸੜਕ 'ਤੇ ਨਿਗਾਹ ਟਿਕਾਉਂਦੇ, ਕਦੇ ਘਸਮੈਲੇ ਹੁੰਦੇ ਜਾ ਰਹੇ ਵਾਤਾਵਰਨ ਵਲ ਉਦਾਸ ਜਿਹਾ ਝਾਕਦੇ।

ਸੂਰਜ ਡੁੱਬ ਗਿਆ ਸੀ, ਜਦ ਆਖ਼ਰੀ ਬਸ ਆਈ। ਸਭ ਦੇ ਚਿਹਰੇ 'ਤੇ ਉਤਸ਼ਾਹ ਝਲਕਿਆ। ਟਿਕਟ ਲੈਣ ਵੇਲੇ ਹੀ ਪਤਾ ਲੱਗਾ ਕਿ ਬਸ ਜਲੰਧਰ ਤਕ ਨਹੀਂ ਸੀ ਜਾਣੀ। ਆਖ਼ਰੀ ਸਟਾਪਜ਼ ਟਾਂਡਾ ਉੜਮੁੜ ਸੀ। ਹੁਣ ਸਾਡੀ ਹਾਲਤ ਉਸ ਮਲਾਹ ਵਰਗੀ ਸੀ, ਦਰਿਆ ਦੇ ਅੱਧ ਵਿਚਕਾਰ ਜਾ ਕੇ ਜਿਸ ਦੇ ਹੱਥੋਂ ਚੱਪੂ ਪਾਣੀ ਵਿਚ ਜਾ ਪਵੇ ਤੇ ਉੱਤੋਂ ਤੂਫ਼ਾਨ ਦੇ ਆਸਾਰ ਵੀ ਬਣਦੇ ਨਜ਼ਰ ਆ ਰਹੇ ਹੋਣ।

ਗੋਰਖੀ ਨੇ ਸਾਡੀ ਹਾਲਤ ਸਮਝਦੇ ਹੋਏ ਹੌਸਲਾ ਦਿੱਤਾ, ''ਕੋਈ ਗੱਲ ਨਈਂ ਟਾਂਡਿਓਂ ਆਪਾਂ ਰੇਲ ਗੱਡੀ ਫੜ ਲਵਾਂਗੇ।''

ਰਤਾ ਦਿਲ ਨੂੰ ਢਾਰਸ ਬੱਝੀ। ਟਾਂਡੇ ਤਕ ਜਾਂਦੇ ਜਾਂਦੇ ਅੱਠ ਵੱਜ ਗਏ। ਹਨ੍ਹੇਰਾ ਬਹੁਤ ਸੰਘਣਾ ਸੀ ਤੇ ਡਰਾਉਣ ਵੀ ਲੱਗ ਪਿਆ ਸੀ। ਕੋਈ ਕੋਈ ਸਿਪਾਹੀ ਨਜ਼ਰ ਪੈ ਰਿਹਾ ਸੀ। ਸਵਾਰੀਆਂ ਆਪੋ ਆਪਣੇ ਰਾਹ ਪੈ ਗਈਆਂ। ਅਸੀਂ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਏ। ਬਾਜ਼ਾਰਾਂ ਵਿਚ ਸ਼ਮਸ਼ਾਨ ਵਰਗੀ ਚੁੱਪ ਸੀ। ਢਾਬਿਆਂ ਦੇ ਤੰਦੂਰ ਸਾਡੇ ਜਿਸਮਾਂ ਵਾਂਗ ਠਰੇ ਹੋਏ ਧੁਆਂਖੇ ਪਏ ਸਨ। ਸਟੇਸ਼ਨ 'ਤੇ ਸਾਡੇ ਤੋਂ ਇਲਾਵਾ ਇਕ ਅੱਧੀ ਸਵਾਰੀ ਹੋਰ ਸੀ।

ਟਿਕਟਾਂ ਲੈ ਕੇ ਅਸੀਂ ਪਲੇਟ ਫਾਰਮ 'ਤੇ ਬਹਿ ਗਏ। ਵਕਤ ਬੀਤਦਾ ਹੀ ਨਹੀਂ ਸੀ। ਅਸੀਂ ਸਾਹਿਤਕ ਸਮਾਗਮ ਦੀਆਂ ਗੱਲਾਂ ਛੇੜਦੇ, ਕਦੇ ਕਹਾਣੀਆਂ ਦੀਆਂ। ਗੋਰਖੀ ਸਮਾਗਮ ਵੇਲੇ ਸੁਣਾਈਆਂ ਮੇਰੀਆਂ ਗ਼ਜ਼ਲਾਂ ਦੀ ਬਹੁਤ ਤਾਰੀਫ਼ ਕਰ ਰਿਹਾ ਸੀ। ਪਰ ਮੈਨੂੰ ਜਾਪ ਰਿਹਾ ਸੀ ਕਿ ਉਸ ਦਾ ਮਕਸਦ ਮੇਰੀਆਂ ਗ਼ਜ਼ਲਾਂ ਦੀ ਤਾਰੀਫ਼ ਕਰਨਾ ਨਹੀਂ ਸੀ, ਸਗੋਂ ਮੇਰੇ ਉਤਰੇ ਹੋਏ ਚਿਹਰੇ 'ਤੇ ਹੌਸਲੇ ਦੀ ਝਲਕ ਲਿਆਉਣਾ ਸੀ। ਮੇਰੀ ਚਿੰਤਾ ਦਾ ਕਾਰਨ ਸਪੱਸ਼ਟ ਸੀ। ਘਰ ਅੱਜ ਦੇ ਦਿਨ ਆਉਣ ਦਾ ਕਹਿ ਕੇ ਆਏ ਸਾਂ। ਹਾਲਾਤ ਇਹੋ ਜਿਹੇ ਸਨ ਕਿ ਨਾ ਚਾਹੁੰਦੇ ਹੋਏ ਵੀ ਮਾੜੇ ਮਾੜੇ ਖ਼ਿਆਲ ਆਉਣ ਲੱਗ ਪੈਂਦੇ ਸਨ।

ਗੱਡੀ ਦੀ ਚੀਕ ਨੇ ਸਾਡੀਆਂ ਗੱਲਾਂ ਹਨ੍ਹੇਰੇ ਵਿਚ ਖਿਲਾਰ ਦਿੱਤੀਆਂ। ਗੱਡੀ ਰੁਕੀ। ਅਸੀਂ ਬੜੇ ਉਤਸ਼ਾਹ ਨਾਲ ਬਾਰੀਆਂ ਕੋਲ ਗਏ। ਪਰ ਮੁਸਾਫ਼ਰਾਂ ਨੇ ਅੰਦਰੋਂ ਕੁੰਡੀਆਂ ਲਾਈਆਂ ਹੋਈਆਂ ਸਨ। ਜ਼ੋਰ ਜ਼ੋਰ ਨਾਲ ਬਾਰੀਆਂ ਭੰਨ੍ਹਣ ਦੇ ਬਾਵਜੂਦ ਕਿਸੇ ਨੇ ਕੁੰਡੀ ਨਾ ਖੋਲ੍ਹੀ। ਗੱਡੀ ਜਿਵੇਂ ਪਿਛਿਓਂ ਆਈ ਸੀ, ਪਿਛਲੇ ਡੱਬੇ ਚੋਂ ਦੋ ਕੁ ਸੁਆਰੀਆਂ ਉਤਾਰ ਕੇ, ਸੁੱਚੇ ਮੂੰਹ ਹੀ ਤੁਰ ਗਈ।

ਅਸੀਂ ਖਿਝੇ ਹੋਏ ਸਿਰਫ ਮੁਠੀਆਂ ਮੀਚ ਹੀ ਮੀਚ ਸਕੇ। ਕਾਲੀ ਬੋਲਿਆ,''ਗੋਰਖੀ ਭਾਜੀ, ਰੇਲ ਮਹਿਕਮੇ ਦੀ ਖਬਰ ਛਾਪੋ ਅਖਬਾਰ ਆਪਣੀ 'ਚ। ਸਵਾਹ ਇਹਨਾਂ ਦਾ ਕੰਟਰੋਲ ਐ।'' ਗੋਰਖੀ ਬੁੱਲ੍ਹ ਚਿੱਥਦਾ ਜਾਂਦੀ ਗੱਡੀ ਨੂੰ ਦੇਖਦਾ ਰਿਹਾ।

ਹਨ੍ਹੇਰਾ ਹੋ ਗੂੜ੍ਹਾ ਹੋ ਰਿਹਾ ਸੀ। ਮੰਡ ਨੇ ਆਸ ਦਾ ਇਕ ਹੋਰ ਦੀਵਾ ਬਾਲਿਆ,''ਐਥੋਂ ਮੀਲ ਕੁ ਡੇਢ ਮੀਲ ਚਾਚੇ ਦੀ ਕੁੜੀ ਐ। ਤਲਵਾੜੇ ਆਲੀ ਨਾਲੋਂ ਛੋਟੀ। ਓਥੇ ਚਲਦੇ ਆਂ।''

ਉਹ ਮੂਹਰੇ ਮੂਹਰੇ ਹੋ ਗਿਆ, ਅਸੀਂ ਪਿਛੇ ਪਿਛੇ। ਸੜਕ ਟੱਪ ਕੇ ਉਹ ਇਕ ਉਜਾੜ ਜਿਹੀ ਸੜਕੇ ਪੈ ਤੁਰਿਆ। ਆਲੇ ਦੁਆਲੇ ਝੱਲ ਸਨ। ਉਤੋਂ ਕਹਿਰ ਦੀ ਠੰਢ ਤੇ ਤਲਖ ਮਾਹੌਲ। ਸਾਡੀ ਪੈੜ ਸੁਣ ਕੇ ਦਰਖਤਾਂ ਦੇ ਪਰਿੰਦੇ ਪਰ ਫੜ ਫੜਾਉਂਦੇ ਤਾਂ ਸਾਡੀ ਗੱਲਬਾਤ ਚੁੱਪ ਵਟ ਜਾਂਦੀ।

ਹਲਕੀ ਹਲਕੀ ਧੁੰਦ ਪੈਣੀ ਸ਼ੁਰੂ ਹੋ ਗਈ।

ਗੋਰਖੀ ਆਖਦਾ,'' ਜੇ ਪੁਲਿਸ ਦੀ ਗੱਡੀ ਆਵੇ ਤਾਂ ਡਰਿਓ ਨਾ। ਮੈਂ ਆਪੇ ਪ੍ਰੈਸ ਦਾ ਕਾਰਡ ਦਿਖਾ ਕੇ ਗੱਲਬਾਤ ਕਰ ਲਊਂ।''

'ਤੇ ਜੇ ਭਾਊ ਟੱਕਰ ਗਏ?' ਮੈਂ ਮਨ ਹੀ ਮਨ ਵਿਚ ਸੋਚ ਕੇ ਆਪਣੀ ਰੇਸ਼ਮੀਂ ਦਾਹੜੀ ਨੂੰ ਪਲੋਸਿਆ।

ਦੂਰੋਂ ਨਿਸ਼ਾਨ ਸਾਹਿਬ ਦਾ ਬਲਬ ਧੁੰਦ ਵਿਚ ਨਿੰਮੇ ਜਿਹੇ ਚਰਾਗ਼ ਵਾਂਗ ਜਗ ਰਿਹਾ ਸੀ।

''ਆਹੀ ਪਿੰਡ ਆ..' ਮੰਡ ਦੇ ਕਦਮ ਕੁਝ ਤੇਜ਼ ਹੋ ਗਏ। ਕਾਲੀ ਵੀ ਛੋਹਲੇ ਪੈਰ ਪੁੱਟਣ ਲੱਗ ਪਿਆ। ਮੈਂ ਕੁੱਤਿਆਂ ਤੋਂ ਡਰਦਾ ਇਹਨਾਂ ਦੇ ਵਿਚਕਾਰ ਹੁੰਦਾ ਜਾ ਰਿਹਾ ਸਾਂ। ਸ਼ੁਕਰ ਸੀ ਕਿ ਸਿਆਲ ਸੀ ਤੇ ਕੁੱਤੇ ਪਰਾਲੀ ਦੇ ਘੁਰਨਿਆ ਵਿਚ ਬੈਠੇ ਹੋਣਗੇ।

ਮੇਰੀ ਹਾਲਤ ਸਮਝ ਕੇ ਗੋਰਖੀ ਬੋਲਿਆ, ''ਚਿੰਤਾ ਨਾ ਕਰ। ਮੇਰੇ ਕੋਲ ਰਹਿ। ਕੁੱਤਾ ਤੈਨੂੰ ਵੱਢਣ ਲੱਗੂ ਤਾਂ ਮੈਂ ਲੱਤ ਮੋਹਰੇ ਕਰ ਦਊਂ। ਪਤਾ, ਮੇਰੇ ਮੱਖੀ ਮੱਛਰ ਦੰਦੀ ਵੱਢੇ ਤਾਂ ਨਾਲ ਹੀ ਮਰ ਜਾਂਦੈ। ਪਤਾ ਨਹੀਂ ਮੇਰੇ ਖੂਨ ਵਿਚ ਕੀ ਐ। ਇਕ ਵਾਰ ਚੰਡੀਗੜ੍ਹ ਸਾਡੇ ਗਵਾਂਢੀਆਂ ਦੇ ਕੁੱਤੇ ਨੇ ਖੇਲ੍ਹਦੇ ਖੇਲ੍ਹਦੇ ਨੇ ਮੇਰੇ ਦੰਦੀ ਵੱਢ ਦਿਤੀ। ਘਰ ਦੇ ਕਹਿਣ ਲੱਗੇ,'ਗੋਰਖੀ ਸਾਬ! ਅਸੀਂ ਕੁੱਤੇ ਦੇ ਇਨਫੈਕਸ਼ਨ ਦੇ ਟੀਕੇ ਨਹੀਂ ਲਗਵਾਏ। ਖਿਆਲ ਰੱਖਣਾਂ ਆਪਣਾ।' ਮੈਂ ਕਿਹਾ,' ਮੇਰਾ ਕੋਈ ਨਹੀਂ ਤੁਸੀਂ ਕੁੱਤੇ ਦਾ ਖਿਆਲ ਰੱਖਣਾਂ।' ਤੇ ਤੀਜੇ ਦਿਨ ਕੁੱਤਾ ਮਰ ਗਿਆ।''

ਮੈਂ ਗੋਰਖੀ ਤੋਂ ਵੀ ਪਰ੍ਹਾਂ ਹੋ ਕੇ ਤੁਰਨ ਲੱਗ ਪਿਆ।

''ਆਹੀ ਘਰ ਐ..'' ਮੰ2ਡ ਨੇ ਹਨੇਰੇ ਵਿਚ ਅੱਖਾਂ ਪਾੜ ਦੇ ਨੇ ਕਿਹਾ,'' ਵਿਆਹ ਵੇਲੇ ਇਕ ਆਰੀ ਮੈਂ ਆਇਆ ਸੀ।''

ਉਸ ਨੇ ਦਰਵਾਜ਼ੇ 'ਤੇ ਹਲਕੀ ਜਿਹੀ ਦਸਤਕ ਦਿੱਤੀ। ਦੂਰ ਕਿਤੇ ਕੁੱਤਾ ਭੌਂਕਿਆ। ਉਸ ਨੇ ਕੁੰਡੇ ਦੀ ਸੰਗਲੀ ਫੜ ਕੇ ਖੜਕਾਈ। ਕਾਲੀ ਨੇ ਦਰਵਾਜ਼ੇ ਵਿਚ ਠੁੱਡ ਮਾਰਿਆ। ਵਿਹੜੇ ਤੋਂ ਪਾਰ ਬਣੇ ਕਮਰੇ ਵਿਚ ਪਹਿਲਾਂ ਬੱਤੀ ਜਗੀ। ਫਿਰ ਕਮਰੇ ਦਾ ਦਰਵਾਜ਼ਾ ਖੁਲ੍ਹਿਆ। ਕੋਈ ਬਾਹਰ ਦੇ ਦਰਵਾਜ਼ੇ ਕੋਲ ਆ ਕੇ ਬੋਲਿਆ,'' ਕੌਣ?''

''ਮੈਂ ਆਂ ਕਾਕਾ'' ਮੰਡ ਨੇ ਕਾਹਲੀ ਨਾਲ ਕਿਹਾ। ਉਸ ਦੀ ਆਵਾਜ਼ ਕੰਬ ਰਹੀ ਸੀ। ਪਤਾ ਨਹੀਂ ਪਾਲੇ ਨਾਲ ਜਾਂ ਦਰਵਾਜ਼ਾ ਖੁੱਲ੍ਹਣ ਨਾ ਖੁੱਲ੍ਹਣ ਦੀ ਦੁਬਿਧਾ ਨਾਲ।

''ਕਿਹੜਾ ਕਾਕਾ?'' ਅੰਦਰੋਂ ਘਬਰਾਈ ਹੋਈ ਆਵਾਜ਼ ਆਈ।


''ਮੰਡਾਂ ਆਲਾ। ਮਾਹਟਰ ਦਾ ਮੁੰਡਾ।''

''ਕਿਹੜਾ ਮਾਹਟਰ?''

''ਸ਼ੈਂਕਰ ਦਾਸ...। ਦੀਸ਼ੋ ਘਰ ਆ।'' ''ਉਹ ਹੈਨੀ। ਵਿਆਹ ਗਏ ਆ।''

''ਪਰ ਭਾਅ ਦਰਵਾਜ਼ਾ ਤਾਂ ਖੋਲ੍ਹ।'' ਗੋਰਖੀ ਨੇ ਬੜੇ ਹੀ ਠਰੰਮੇ ਨਾਲ ਕਿਹਾ।

ਉਹ ਬੂਹਾ ਖੋਲ੍ਹ ਕੇ ਦਰ ਮਲ ਕੇ ਖੜ੍ਹ ਗਿਆ। ਬਾਹਰ ਚਾਰ ਜਣੇ ਦੇਖ ਕੇ ਇਕ ਵਾਰ ਤਾਂ ਉਹ ਚੁੱਪ ਹੀ ਰਹਿ ਗਿਆ। ਮੈਂ ਉਸ ਦੀਆਂ ਲੱਤਾਂ ਵਿਚ ਦੀ ਲੰਘ ਕੇ ਠੰਢੇ ਠੰਢੇ ਲਿੱਪੇ ਪੋਚੇ ਵਿਹੜੇ ਵਿਚ ਬੈਠ ਗਿਆ। ਹਾਰ ਕੇ ਉਸ ਨੂੰ ਬੂਹਾ ਛੱਡਣਾ ਪਿਆ। ਸਾਡੇ ਅੰਦਰ ਵੜਦੇ ਹੀ ਇਕ ਦਮ ਦਰਵਾਜ਼ਾ ਬੰਦ ਕਰਦਾ ਉਹ ਛਟਪਟਾ ਕੇ ਰਹਿ ਗਿਆ," ਭਾਜੀ ਦੀਸ਼ੋ ਹੋਣੀ ਘਰ ਨਈਂ ਐਂ..।''



ਪ੍ਰੇਮ ਗੋਰਖੀ ਤੇ ਸੁਰਿੰਦਰ ਸੋਹਲ (ਨਿਊਯਾਰਕ)

ਮੈਂ ਹੰਭੀ ਹੋਈ ਆਵਾਜ਼ ਵਿਚ ਕਿਹਾ,'' ਬਸ ਭਾਅ ਰਾਤ ਕੱਟਣੀਂ ਆਂ।''

''ਪਰ ਉਹਨਾਂ ਦੇ ਅੰਦਰ ਨੂੰ ਤਾਂ ਜਿੰਦਾ ਲੱਗਾ ਹੋਇਆ,'' ਉਸ ਨੇ ਬੇਬਸੀ ਪਰਗਟਾਈ। ਮੈਂ ਦੇਖਿਆ ਸਾਹਮਣੇ ਵਾਲੇ ਕਮਰੇ ਦੇ ਖੁਲ੍ਹੇ ਦਰਵਾਜ਼ੇ ਥਾਣੀਂ ਨਿਆਣੇ ਰਜਾਈਆਂ ਵਿਚ ਲੰਮੇ ਪਏ ਰਜਾਈਆਂ ਦੇ ਮਘੋਰੇ ਬਣਾ ਕੇ ਬਾਹਰ ਦੇਖ ਰਹੇ ਸਨ, ਜਿਵੇਂ ਪਿੰਡਾਂ ਵਿਚ ਤਮਾਸ਼ਾ ਦਿਖਾਉਣ ਵਾਲੇ ਮਘੋਰੇ ਥਾਣੀਂ ਦਿਖਾਉਂਦੇ ਹਨ-ਦਿਲੀ ਕੀ ਕੁਤਬ ਮੀਨਾਰ....ਆਗਰੇ ਕਾ ਤਾਜ ਮਹੱਲ...।



ਪ੍ਰੇਮ ਗੋਰਖੀ ਤੇ ਸੁਰਿੰਦਰ ਸੋਹਲ (ਸੰਗਲ ਸੋਹਲ)

''ਕੋਈ ਨਈਂ ਜਿੰਦਾ ਭੰਨ ਲੈ ਨੇ ਆਂ,'' ਗੋਰਖੀ ਨੇ ਕੰਧ ਤੋਂ ਇੱਟ ਚੁੱਕੀ ਤੇ ਜਿੰਦੇ ਦੁਆਲੇ ਹੋ ਗਿਆ। ਸੁੰਨੀ ਰਾਤ ਵਿਚ ਠੱਕ ਠੱਕ ਦੀ ਆਵਾਜ਼ ਕੰਧਾਂ ਨਾਲ ਟਕਰਾਅ ਕੇ ਵਾਪਸ ਆ ਰਹੀ ਸੀ। ਨਾਲ ਹੀ ਦਿਲ ਨੂੰ ਝੁਣਝਣੀਂ ਛਿੜਦੀ। ਜਿੰਦਾ ਭੱਜਣ ਦੀ ਥਾਂ ਖੱਦੀ ਤਖਤੇ ਵਿਚੋਂ ਕੁੰਡਾ ਉਖੜ ਗਿਆ।

ਉਸ ਬੰਦੇ ਦੀ ਪੇਸ਼ ਨਹੀਂ ਸੀ ਜਾ ਰਹੀ। ਅਸੀਂ ਬੱਤੀ ਜਗਾਈ। ਬਿਸਤਰੇ ਠੀਕ ਕੀਤੇ ਤੇ ਰਜਾਈਆਂ ਵਿਚ ਵੜ ਗਏ।

''ਰੋਟੀ..'' ਉਸ ਨੇ ਪਤਲੀਆਂ ਬਾਹਾਂ ਸੰਗੋੜਦੇ ਹੋਏ ਕੱਛਾਂ ਵਿਚ ਹੱਥ ਦੇ ਕੇ ਪੁਛਿਆ।

''ਨਈਂ ਭਾਅ ਅਸੀਂ ਤਲਵਾੜਿਓਂ ਖਾ ਕੇ ਆਏ ਸੀ,'' ਮੰਡ ਨੇ ਕਿਹਾ,''ਬਸ ਟਾਂ2ਡੇ ਤਕ ਈ ਲੱਭੀ। ਗੱਡੀ ਦੀਆਂ ਤਾਕੀਆਂ ਨਈਂ ਖੋਲ੍ਹੀਆਂ ਕਿਸੇ ਨੇ। ਹੁਣ ਕੁਝ ਨਈਂ ਖਾਣਾ ਪੀਣਾਂ। ਤੁਸੀਂ ਸੌਂਵੋਂ ਹੁਣ ਆਰਾਮ ਨਾਲ।'' ''ਇਹ ਕਿੱਦਾਂ ਹੋ ਸਕਦਾ। ਰੋਟੀ ਤਾਂ ਖਾਣੀਂ ਪਊ,'' ਉਹ ਗੋਰਖੀ ਦੇ ਸੂਟ ਕੇਸ ਵੱਲ ਸ਼ੱਕੀ ਨਜ਼ਰਾਂ ਨਾਲ ਦੇਖਦਾ ਬੋਲਿਆ। ਪਰ ਸਾਡੇ ਨਾਂਹ ਨਾਂਹ ਕਰਦੇ ਵੀ ਦੂਜੇ ਕਮਰੇ ਵਿਚ ਸਟੋਵ ਦੀ 'ਛੂੰ ਛੂੰ' ਹੋਣ ਲੱਗ ਪਈ।

ਬਾਹਰ ਸਾਈਕਲ ਖੜਕਿਆ। ਬਾਹਰ ਦਾ ਦਰਵਾਜ਼ਾ ਖੁਲ੍ਹਿਆ ਤੇ ਫਿਰ ਬੰਦ ਹੋ ਗਿਆ। ਅਸੀਂ ਗੱਲਾਂ ਵਿਚ ਰੁਝ ਗਏ। ਥੋੜ੍ਹੀ ਦੇਰ ਬਾਦ ਬਾਹਰ ਦਾ ਦਰਵਾਜ਼ਾ ਖੁਲ੍ਹਿਆ ਤੇ ਬੰਦ ਹੋਇਆ। ਸਾਈਕਲ ਕੰਧ ਨਾਲ ਲੱਗਣ ਦੀ ਆਵਾਜ਼ ਆਈ।

ਰੋਟੀ ਤੋਂ ਮਗਰੋਂ ਚਾਹ ਵੀ ਮੱਲੋ ਮੱਲੀ ਪੀਣੀ ਪਈ। ਸੌਂਦੇ ਕਰਦਿਆਂ ਨੂੰ ਬਾਰਾਂ ਵੱਜ ਗਏ।

ਗੋਲੀ ਚੱਲਣ ਦੀ ਆਵਾਜ਼ ਨਾਲ ਮੇਰੀ ਅੱਖ ਖੁੱਲ੍ਹ ਗਈ। ਮੈਂ ਭੁਲੇਖਾ ਹੀ ਸਮਝਿਆ। ਆਵਾਜ਼ ਫਿਰ ਆਈ। ਮੈਂ ਰਜਾਈ ਵਿਚ ਹੀ ਦੇਖਿਆ। ਢਾਈ ਵਜੇ ਸਨ। ਪਰ ਕਾਲੀ, ਮੰਡ ਤੇ ਗੋਰਖੀ ਤਾਂ ਘੂਕ ਸੁਤੇ ਪਏ ਸਨ।

ਫਿਰ ਗੋਲੀਆਂ ਲਗਾਤਾਰ ਚਲੀਆਂ। ਮੈਂ ਪਾਸਾ ਪਰਤਿਆ। ਗੋਰਖੀ ਨੇ ਘੰਗੂਰਾ ਮਾਰਿਆ। ਕਾਲੀ ਦੀ ਸਹਿਮੀ ਹੋਈ ਆਵਾਜ਼ ਆਈ," ਗੋਲੀ ਲਗਦੀ ਐ।''

''ਚਿਰਾਂ ਦੀ ਚਲਦੀ ਐ,'' ਮੰ2ਡ ਉੱਠ ਬੈਠਾ।

''ਤੂੰ ਵੀ ਜਾਗਦਾ ਈ ਸੀ,'' ਗੋਰਖੀ ਟੇਢਾ ਹੋ ਗਿਆ। ਮੈਂ ਵੀ ਮੂੰਹ ਨੰਗਾ ਕਰ ਲਿਆ।

ਬਿਨਾਂ ਬੱਤੀ ਜਗਾਏ ਅਸੀਂ ਗੋਲੀ ਚੱਲਣ ਦੀਆਂ ਕਿਆਸ ਅਰਾਈਆਂ ਲਾਉਂਦੇ ਰਹੇ। ਆਵਾਜ਼ ਤੋਂ ਲੱਗਦਾ ਸੀ ਜਿਵੇਂ ਗੋਲੀ ਘਰਾਂ ਦੇ ਬਿਲਕੁਲ ਹੀ ਕੋਲ ਚਲ ਰਹੀ ਸੀ। ਕੁਝ ਦੇਰ ਬਾਦ ਸਭ ਸ਼ਾਂਤ ਹੋ ਗਿਆ। ਅਸੀਂ ਫੇਰ ਸੌਂ ਗਏ।

ਸਵੇਰੇ ਘਰ ਦਾ ਮਾਲਕ ਭੱਜਾ ਹੀ ਫਿਰਦਾ ਸੀ। ਘਾਬਰਿਆ ਘਾਬਰਿਆ। ਸਾਡੇ ਹੱਥਾਂ ਵਿਚ ਚਾਹ ਦੇ ਗਲਾਸ ਫੜਾ ਗਿਆ। ਜਦੋਂ ਅਸੀਂ ਬਾਹਰੋਂ ਘੁੰਮ ਕੇ ਆਏ ਤਾਂ ਰੋਟੀ ਤਿਆਰ ਕਰੀ ਬੈਠਾ ਸੀ। ਰਾਤ ਦੀ ਗਾਜਰਾਂ ਦੀ ਸਬਜ਼ੀ ਗਰਮਾ ਗਰਮ।

ਸੂਰਜ ਧੁੰਦ ਕਾਰਨ ਨਜ਼ਰ ਨਹੀਂ ਸੀ ਆ ਰਿਹਾ। ਅਸੀਂ ਉਸ ਦਾ ਧੰਨਵਾਦ ਕਰਕੇ ਬਸ ਅੱਡੇ ਵੱਲ ਨੂੰ ਤੁਰ ਪਏ।

ਕੁਝ ਦਿਨਾਂ ਬਾਦ ਮੈਂ ਮੰਡਾਂ ਨੂੰ ਦੇਵਿੰਦਰ ਮੰਡ ਦੇ ਘਰ ਗਿਆ। ਇਤਫਾਕਨ ਜਾਂਦੇ ਨੂੰ ਦੀਸ਼ੋ ਵੀ ਆਈ ਬੈਠੀ ਸੀ। ਉਹ ਭਾਵੁਕ ਹੋਈ ਮੈਨੂੰ ਗੱਲ ਨਾਲ ਲਾ ਕੇ ਬੋਲੀ," ਲੈ ਮੇਰੇ ਵੀਰ ਆਏ। ਮੇਰੀ ਮਾੜੀ ਕਿਸਮਤ ਮੈਂ ਘਰ ਈ ਹੈ ਨਾ।...ਮੈਂ ਤਾਂ ਏਨਾ ਪਛਤਾਈ...ਜਦੋਂ ਪਤਾ ਲੱਗਾ....।''

''ਚੱਲ ਕੋਈ ਨਈਂ,'' ਮੈਂ ਉਂਜ ਹੀ ਪੁਛਿਆ," ਹੋਰ ਭੈਣੇ ਤੇਰੇ ਜੇਠ ਦਾ ਕੀ ਹਾਲ ਐ? ਸਾਡੀ ਬੜੀ ਸੇਵਾ ਕੀਤੀ ਓਹਨੇ।''

''ਸੋਹਲ ! ਉਹ ਬਚਾਰਾ,'' ਦੀਸ਼ੋ ਬਹੁਤ ਗੰਭੀਰ ਹੋ ਕੇ ਬੋਲੀ," ਤੁਸੀਂ ਤਾਂ ਬੜ ਗਏ ਅੰਦਰ। ਉਹਨੂੰ ਚੈਨ ਕਿਥੇ? ਜਠਾਣੀ ਮੇਰੀ ਨੂੰ ਕਹਿਣ ਲੱਗਾ ਬਈ ਇਹ ਤਾਂ ਰਾਤਾਂ ਨੂੰ ਰੋਟੀਆਂ ਖਾਣ ਆਲੇ ਮੁੰਡੇ ਆ। ਘਰ ਦੁੱਧ ਹੈਨਾ। ਸੈਕਲ 'ਤੇ ਜਾ ਕੇ ਨਾਲ ਦੇ ਪਿੰਡੋਂ ਦੁੱਧ ਲੈ ਕੇ ਆਇਆ। ਨਾਲੇ ਤੁਰਿਆ ਫਿਰੇ ਨਾਲੇ ਕਰਦਾ ਫਿਰੇ ਪਤਾ ਨਈਂ ਅੱਜ ਕੀ ਕਰਨਾ ਇਹਨਾਂ। ਜਾਂ ਅੱਜ ਸਰਪੰਡ ਹੈਨੀ ਜਾਂ ਲੰਬੜ ਹੈਨੀ।

ਉਤੋਂ ਤੜਕੇ ਨੂੰ ਜਦੋਂ ਚਲੀ ਗੋਲੀ, ਕਹਿੰਦਾ-ਲੈ ਇਹਨੀਂ ਕੰਮ ਕਰਤਾ। ਹੁਣ ਪੁਲਿਸ ਆਈ ਕਿ ਆਈ। ਤੁਸੀਂ ਘਰੋਂ ਨਿਕਲੇ ਸਵੇਰ ਨੂੰ ਤੇ ਉਹ ਮੰਜੇ ਪੈ ਗਿਆ। ਚੜ੍ਹ ਗਿਆ ਤਾਪ ਡਮਾਕੇ। ਰੌਲਾ ਪਾਵੇ। ਆਖੇ,' ਮੈਂ ਨਈਂ ਗੋਲੀਆਂ ਚਲਾਈਆਂ ...ਮੈਂ ਨਈਂ ਗੋਲੀਆਂ ਚਲਾਈਆਂ ..ਮੈਨੂੰ ਨਈਂ ਪਤਾ ਮੁੰਡੇ ਕੌਣ ਸੀ...।'' ਕੁਰਸੀ ਤੇ ਬੈਠਾ ਮੈਂ ਸੋਚ ਰਿਹਾ ਸਾਂ ਕਿ ਦੀਸ਼ੋ ਦੀ ਗੱਲ ਸੁਣ ਕੇ ਮੈਨੂੰ ਹਸਣਾ ਚਾਹੀਦਾ ਹੈ ਜਾਂ ਗੰਭੀਰ ਹੋਣਾਂ।

# ਲਿੱਸੇ ਤੇ ਕਮਜ਼ੋਰ ਨਿਤਾਣੇ ਲੋਕਾਂ ਦੀ ਆਵਾਜ਼ ਸੀ ਪ੍ਰੇਮ ਗੋਰਖੀ

ਲਾਡੋਵਾਲੀ (ਜਲੰਧਰ) ਪਿੰਡ ਦੇ ਜੰਮਪਲ ਤੇ ਸਮਰੱਥ ਕਹਾਣੀਕਾਰ ਪ੍ਰੇਮ ਗੋਰਖੀ ਦੇ ਦੇਹਾਂਤ ’ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਲੋਕ ਸਭਿਆਚਾਰ ਅਕਾਡਮੀ ਦੇ ਚੇਅਰਮੈਨ ਤੇ ਗੋਰਖੀ ਦੇ ਪੁਰਾਣੇ ਮਿੱਤਰ ਗੁਰਭਜਨ ਗਿੱਲ ਨੇ ਕਿਹਾ ਹੈ ਕਿ ਸਾਡੇ ਵੱਡੇ ਵੀਰ ਤੇ ਲੇਖਕ ਪ੍ਰੇਮ ਗੋਰਖੀ ਦਾ ਅਚਨਚੇਤ ਚਲਾਣਾ ਬੇਹੱਦ ਦੁਖਦਾਈ ਹੈ। ਸਾਡਾ ਵੀਰ ਪ੍ਰੇਮ ਗੋਰਖੀ ਬਣਨ ਤੋਂ ਪਹਿਲਾਂ ਨਿਮਾਣਾ ਤਲੱਖਸ ਨਾਲ ਜਾਣਿਆ ਜਾਣ ਲੱਗਾ ਅਤੇ ਸਾਰੀ ਉਮਰ ਅਭਿਮਾਨ ਮੁਕਤ ਨਿਮਾਣਾ ਹੀ ਰਿਹਾ। ਉਸ ਕੋਲ ਲਿੱਸੇ ਤੇ ਕਮਜ਼ੋਰ ਨਿਤਾਣੇ ਪਰਿਵਾਰਾਂ ਦਾ ਤਜ਼ਰਬਾ ਹੋਣ ਕਾਰਨ ਅੰਮ੍ਰਿਤਾ ਪ੍ਰੀਤਮ ਜੀ ਦਾ ਪਿਆਰ ਪਾਤਰ ਬਣਿਆ।

ਪੱਤਰਕਾਰੀ ਵਿੱਚ ਆਉਣ ਤੋਂ ਪਹਿਲਾਂ ਉਹ ਲਾਇਲਪੁਰ ਖਾਲਸਾ ਕਾਲਿਜ ਚ ਕਰਮਚਾਰੀ ਸੀ ਜਿਥੇ ਉਸ ਸਮੇਂ ਦੇ ਵਿਦਿਆਰਥੀਆਂ ਸ: ਬਰਜਿੰਦਰ ਸਿੰਘ ਹਮਦਰਦ, ਡਾ: ਸ ਪ ਸਿੰਘ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ, ਰਾਜਿੰਦਰ ਸਿੰਘ ਚੀਮਾ ਪ੍ਰੋ: ਪਰਬਿੰਦਰ ਸਿੰਘ ਤੇ ਅਮਰਜੀਤ ਚੰਦਨ ਨੇ ਉਸ ਨੂੰ ਸਾਹਿੱਤ ਤੇ ਸਮਾਜਿਕ ਸਰੋਕਾਰਾਂ ਨਾਲ ਜੋੜਿਆ।

ਪ੍ਰੇਮ ਗੋਰਖੀ ਨੇ ਦਲਿਤ ਸਮਾਜ ਦੇ ਅਣਗੌਲੇ ਜਨ&; ਜੀਵਨ ਨੂੰ ਆਪਣੀਆਂ ਲਿਖਤਾਂ ਵਿੱਚ ਪੇਸ਼ ਕੀਤਾ। ਰੋਜ਼ਾਨਾ ਅਜੀਤ ਵਿੱਚ ਪਰੂਫ਼ ਰੀਡਰ ਤੋਂ ਸਫ਼ਰ ਸ਼ੁਰੂ ਕਰਕੇ ਉਹ ਪੰਜਾਬੀ ਟ੍ਰਿਬਿਊਨ ਵਿੱਚ ਲੰਮਾ ਸਮਾਂ ਰਹੇ ਤੇ ਸੇਵਾ ਮੁਕਤੀ ਉਪਰੰਤ ਦੇਸ਼ ਸੇਵਕ ਅਖ਼ਬਾਰ ਦੇ ਸਾਹਿੱਤ ਸੰਪਾਦਕ ਬਣੇ।



ਆਪਣੇ ਪਲੇਠੇ ਕਹਾਣੀ ਸੰਗ੍ਰਹਿ ‘ਮਿੱਟੀ ਰੰਗੇ ਲੋਕ ਤੇ ਦ੍ਰਿਸ਼ਟੀ ਚ ਛਪੇ ਨਾਵਲੈੱਟ ‘ਤਿੱਤਰ-ਖੰਭੀ ਜੂਹ’ ਨਾਲ ਉਹ ਪੰਜਾਬੀ ਸਾਹਿਤ ਜਗਤ ਵਿਚ ਪਛਾਣ ਸਥਾਪਤ ਕਰਨ ਚ ਕਾਮਯਾਬ ਹੋਏ। ਉਨ੍ਹਾਂ ਦੀਆਂ ਹੋਰ ਲਿਖਤਾਂ ਵਿੱਚ ਮਿੱਟੀ ਰੰਗੇ ਲੋਕ,ਜੀਣ ਮਰਨ, ਅਰਜਨ ਸਫੈਦੀ ਵਾਲਾ, ਧਰਤੀ ਪੁੱਤਰ ਤੇ ਜੈਨਰੇਸ਼ਨ ਗੈਪ ਪ੍ਰਮੁੱਖ ਸਨ। ਤਿੱਤਰ ਖੰਭੀ ਜੂਹ ਤੋਂ ਬਾਦ ਉਨ੍ਹਾਂ ਦੇ ਦੋ ਹੋਰ ਨਾਵਲਿਟ ਬੁੱਢੀ ਰਾਤ ਤੇ ਸੂਰਜ ਅਤੇ ਵਣ ਬੇਲਾ ਵੀ ਛਪੇ। ਦਰਦ ਪਰੁੱਚੀ ਜੀਵਨ ਯਾਤਰਾ ਅਧਾਰਿਤ ਪੁਸਤਕ ਗੈਰਹਾਜ਼ਰ ਆਦਮੀ ਪਹਿਲਾਂ ਨਾਗਮਣੀ ਚ ਲੜੀਵਾਰ ਛਪਿਆ ਤੇ ਮਗਰੋਂ ਪੁਸਤਕ ਰੂਪ ਵਿੱਚ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਉਸ ਨੂੰ ਸਾਹਿੱਤ ਜਗਤ ਚ ਪ੍ਰੇਰਨਾ ਦੇਣ ਵਾਲੇ ਡਾ: ਸ ਪ ਸਿੰਘ, ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਭੱਠਲ, ਡਾ: ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਸਹਿਜਪ੍ਰੀਤ ਸਿੰਘ ਮਾਂਗਟ, ਤਰਨਜੀਤ ਸਿੰਘ ਰਿੰਪੀ ਸੰਪਾਦਕ ਸੰਗੀਤ ਦਰਪਨ, ਰਾਜਦੀਪ ਤੂਰ, ਪ੍ਰਭਜੋਤ ਸੋਹੀ ਤੇ ਅਮਨਦੀਪ ਸਿੰਘ ਫੱਲ੍ਹੜ ਨੇ ਪ੍ਰੇਮ ਗੋਰਖੀ ਦੇ ਦੇਹਾਂਤ ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।


ਗੁਰਭਜਨ ਗਿੱਲ

# ਪ੍ਰੇਮ ਗੋਰਖੀ ਨਾਲ ਮੇਰੀ ਸਾਂਝ

**ਦਵਿੰਦਰ ਮੰਡ, ਡੀ ਏ ਵੀ ਕਾਲਜ ਜਲੰਧਰ**

ਕੁਦਰਤ ਨੇ ਪ੍ਰੇਮ ਗੋਰਖੀ ਨੂੰ ਉਹਦੇ ਸਾਹਾਂ ਦਾ ਸਮਾਂ ਵੀ ਏਨਾ ਕੁ ਲਿਖਿਆ ਹੋਇਆ ਸੀ। ਮੇਰਾ ਤੇ ਪਰਵਾਸੀ ਗ਼ਜ਼ਲਗੋ ਸੁਰਿੰਦਰ ਸੋਹਲ ਦਾ ਉਸ ਨਾਲ ਬੜਾ ਡੂੰਘਾ ਅਤੇ ਨਿੱਘਾ ਰਿਸ਼ਤਾ ਰਿਹਾ ਹੈ। ਲਾਇਲਪੁਰ ਖਾਲਸਾ ਕਾਲਜ ਜਲੰਧਰ ਚ ਬੀਏ ਕਰਦਿਆਂ ਗੋਰਖੀ ਨਾਲ ਮੁਲਾਕਾਤ ਦਾ ਸਿਲਸਿਲਾ ਸ਼ੁਰੂ ਹੋਇਆ ਅਸਲ ਵਿੱਚ ਗੋਰਖੀ ਦੀ ਜੀਵਨ ਸਾਥਣ ਦਾ ਨਾਨਕਾ ਪਿੰਡ ਮੇਰਾ ਆਪਣਾ ਪਿੰਡ ਹੈ ਬੇਸ਼ੱਕ ਰਿਸ਼ਤੇ ਵਿੱਚ ਗੋਰਖੀ ਸਾਡਾ ਭਾਈਆ ਉਰਫ ਜੀਜਾ ਲੱਗਦਾ ਸੀ ਪਰ ਅਸੀਂ ਉਸ ਨੂੰ ਹਮੇਸ਼ਾਂ ਭਾਅ ਜੀ ਕਹਿ ਕੇ ਸੰਬੋਧਨ ਕਰਦੇ ਰਹੇ ਮੈਂ ਤੇ ਸੋਹਲ ਨੇ ਜਿੰਨੇ ਵੀ ਸਾਹਿਤਕ ਸਮਾਗਮ ਕਰਾਏ ਗੋਰਖੀ ਮੁੱਖ ਮਹਿਮਾਨ ਜਾਂ ਪ੍ਰਧਾਨਗੀ ਮੰਡਲ ਚ ਹਮੇਸ਼ਾਂ ਸੁਸ਼ੋਭਿਤ ਰਿਹਾ ।

ਜਦੋਂ ਮੈਂ ਖਾਲਸਾ ਕਾਲਜ ਜਲੰਧਰ ਦੇ ਮੈਗਜ਼ੀਨ 'ਬਿਆਸ' ਵਿੱਚੋ ਖ਼ਾਲਸਾ ਕਾਲਜ ਜਲੰਧਰ ਦਾ ਗੋਰਕੀ। ਪ੍ਰੇਮ ਗੋਰਖੀ ਨਾਂ ਦਾ ਰੇਖਾ ਚਿੱਤਰ ਲਿਖਿਆ ਤਾਂ ਪ੍ਰੋ ਨਿਰੰਜਣ ਸਿੰਘ ਢੇਸੀ ਨੇ ਮੈਨੂੰ ਕਲਾਸ ਵਿੱਚ ਉਚੇਚੇ ਤੌਰ ਤੇ ਕਿਹਾ ਮੰਡ ਅਸਾਂ ਨੇ ਰਚਨਾ ਦੇ ਆਧਾਰ ਤੇ ਵਿਦਿਆਰਥੀ ਸੰਪਾਦਕ ਦੀ ਚੋਣ ਕਰਨੀ ਸੀ, ਤੇਰੀ ਰਚਨਾ ਸਭ ਤੋਂ ਵੱਧ ਨੰਬਰ ਲੈ ਗਈ ਪਰ ਤੂੰ ਗ੍ਰੈਜੂਏਸ਼ਨ ਦਾ ਵਿਦਿਆਰਥੀ ਸੀ ਇਸ ਕਰਕੇ ਅਸੀਂ ਐਮ ਏ ਦੇ ਵਿਦਿਆਰਥੀ ਤਲਵਿੰਦਰ ਮੰਡ ਨੂੰ ਇਹ ਜ਼ਿੰ-ਮੇਵਾਰੀ ਦੇ ਦਿੱਤੀ ਮੈਨੂੰ ਪ੍ਰੋ ਢੇਸੀ ਦੇ ਇਹਨਾਂ ਸ਼ਬਦਾਂ ਨੇ ਬੜੀ ਹੱਲਾਸ਼ੇਰੀ ਦਿੱਤੀ ਤੇ ਮੈਂ ਸਾਹਿਤ ਵੱਲ ਹੋਰ ਜ਼ਿੰਮੇਵਾਰੀ ਨਾਲ ਜੁੜ ਗਿਆ। ਪ੍ਰੇਮ ਗੋਰਖੀ ਜਦੋਂ ਖ਼ਾਲਸਾ ਕਾਲਜ ਜਲੰਧਰ ਵਿੱਚ ਤੀਜੇ ਦਰਜੇ ਦਾ ਕਰਮ-ਚਾਰੀ ਸੀ ਤਾਂ ਉਸ ਨੇ ਲਗਭਗ ਲਾਇਬਰੇਰੀ ਦੀਆਂ ਸਾਰੀਆਂ ਪੰਜਾਬੀ ਪੁਸਤਕਾਂ ਪੜ ਲਈਆਂ ਸਨ ਮੈਂ ਤੇ ਸੋਹਲ ਹਰ ਹਫ਼ਤੇ ਗੋਰਖੀ ਨੂੰ ਮਹਿਬੂਬ ਵਾਂਗ ਪੱਤਰ ਲਿਖਦੇ।

ਉਹ ਹਰ ਪੱਤਰ ਦਾ ਜਵਾਬ ਬਹੁਤ ਛੇਤੀ ਅਤੇ ਸੋਹਣੇ ਲਫਜ਼ਾਂ ਵਿਚ ਦਿੰਦਾ ਉਹਦੇ ਪੱਤਰ ਮੈਂ ਅੱਜ ਵੀ ਸਾਂਭੇ ਹੋਏ ਹਨ। ਜਦੋਂ ਅੰਮ੍ਰਿਤਾ ਪ੍ਰੀਤਮ ਨੇ ਉਨੀ ਸੌ ਅੱਸੀ ਤੋਂ ਨੱਬੇ ਤੱਕਦੀਆਂ ਨਾਗਮਣੀ ਚ ਛਪੀਆਂ ਪੰਜਾਬ ਸੰਕਟ ਨਾਲ ਜੁੜੀਆਂ ਕਹਾਣੀਆਂ ਦੀ ਚੋਣ 'ਇਕ ਉਦਾਸ ਕਿਤਾਬ' ਵਿੱਚ ਕੀਤੀ ਤਾਂ ਮੈਂ ਸਭ ਤੋਂ ਛੋਟੀ ਉਮਰ ਦਾ ਕਹਾਣੀਕਾਰ ਸਾਂ ਜਿਸ ਦੀ ਰਚਨਾ 'ਬਹਾਰ ਫਿਰ ਆਏਗੀ' ਉਸ ਪੁਸਤਕ ਵਿੱਚ ਸ਼ਾਮਲ ਹੋਈ।

ਗੋਰਖੀ ਦੀ ਕੁੰਡਾ ਕਹਾਣੀ ਉਸ ਪੁਸਤਕ ਵਿੱਚ ਸ਼ਾਮਲ ਹੈ। ਪੁਸਤਕ ਦੀ ਦਿੱਖ ਅਤੇ ਕਹਾਣੀ ਪੜ ਕੇ ਗੋਰਖੀ ਦਾ ਬਹੁਤ ਖ਼ੂਬਸੂਰਤ ਪੱਤਰ ਮੈਨੂੰ ਮਿਲਿਆ ਅਤੇ ਉਸ ਪੱਤਰ ਦਾ ਇੱਕ ਵਾਕ ਇਹ ਸੀ 'ਚੰਗੇ ਪਰਚਿਆਂ' ਵਿੱਚ ਛਪਣ ਦਾ ਅਪਣਾਇਦਾ ਤੇਰੀ ਪਛਾਣ ਵੀ ਹੁਣ ਵੱਡੇ ਕਹਾਣੀਕਾਰਾਂ ਵਿਚ ਬਣ ਜਾਣੀ ਹੈ। ਗੋਰਖੀ ਦੀ ਸਵੈ ਜੀਵਨੀ 'ਇੱਕ ਗ਼ੈਰ ਹਾਜ਼ਰ ਆਦਮੀ' ਨੂੰ ਮੈਂ ਉਚੇਚੇ ਤੌਰ ਤੇ ਬੜੇ ਚਾਅ ਨਾਲ ਪੜਦਾ ਰਿਹਾ ਹਾਂ। ਉਸ ਦੀਆਂ ਮਸ਼ਹੂਰ ਕਹਾਣੀਆਂ ਜਿਵੇਂ 'ਕੁੰਡਾ', `ਬਚਨਾ ਬੱਕਰ ਵੱਡੋ, ਅਰਜਣ ਸਫੈਦੀ' ਵਾਲਾ ਆਦਿ ਕਹਾਣੀਆਂ ਪੰਜਾਬੀ ਸਾਹਿਤ ਵਿੱਚ ਉੱਚ ਮੁਕਾਮ ਰੱਖਦੀਆਂ ਹਨ। ਦਲਿਤ ਸਾਹਿਤਕਾਰ ਹੋਣ ਕਾਰਨ ਉਸ ਨੂੰ ਵੀ ਬਾਕੀ ਦਲਿਤ ਸਾਹਿਤਕਾਰਾਂ ਵਾਂਗ ਬਹੁਤਾ ਮਾਣ ਸਨਮਾਨ ਨਹੀਂ ਮਿਲਿਆ ਪਰ ਉਹ ਸਾਹਿਤਕਾਰ ਜਾਂ ਵਿਦਵਾਨ ਬੜੇ ਸਤਿਕਾਰ ਦੇ ਪਾਤਰ ਹਨ ਜਿਹਨਾਂ ਨੇ ਉਸ ਦੇ ਪਿੰਡੇ ਹੰਢਾਏ ਦੁੱਖ ਨੂੰ ਮੁਸੀਬਤਾਂ ਨੂੰ ਅਤੇ ਰਚਨਾਵਾਂ ਨੂੰ ਬੜੀ ਗਹਿਰਾਈ ਨਾਲ ਵਾਚਿਆ ਹੈ ।ਪਿੱਛੇ ਜਿਹੇ ਜਦੋਂ ਗੋਰਖੀ ਨੇ ਕੁੰਭ’ ਨਾਂ ਦਾ ਪਰਚਾ ਕੱਢਿਆ ਤਾਂ ਮੈਨੂੰ ਉਹਦਾ ਫੋਨ ਆਇਆ 'ਮੰਡ ਕੁੰਭ ਲਈ ਕੋਈ ਕਹਾਣੀ ਭੇਜ' ਭਾਅ ਜੀ ਪਰਚਾ ਤ੍ਰੈਮਾਸਿਕ ਰਹੂ ਕੇ ਕੁੰਭ ਮੇਲੇ ਵਾਂਗ ਬਾਹਰੀ ਸਾਲੀ ਨਿਕਲੂ ? ਗੋਰਖੀ ਨਾਲੇ ਉੱਚੀ ਉੱਚੀ ਹੱਸ ਪਿਆ ਤੇ ਨਾਲ ਕਹਿਣ ਲੱਗਾ 'ਯਤਨ ਤਾਂ ਕਰਾਂਗੇ ਮੰਡ ਬਾਕੀ ਦੇਖੋ......' ਸੱਚਮੁੱਚ ਉਸਤੋਂ ਬਾਅਦ ਪਰਚਾ ਪ੍ਰਕਾਸ਼ਤ ਨਹੀਂ ਹੋਇਆ ਹੁਣ ਤਾਂ ਬਾਹਰੀ ਸਾਲੀ ...ਚੌਵੀ ਸਾਲੀ ... ਛੱਤੀ ਸਾਲੀ ਵੀ ਉਹ ਪਰਚਾ।

# ਮੌਤ ਨੇ ਇੱਕ ਹੋਰ ਹੀਰਾ ਨਿਗਲ ਲਿਆ!

**ਵਰਿਆਮ ਸਿੰਘ ਸੰਧੂ**

ਪ੍ਰੇਮ ਗੋਰਖੀ ਦੇ ਤੁਰ ਜਾਣ ਦੀ ਖ਼ਬਰ ਨੇ ਬਹੁਤ ਹੀ ਉਦਾਸ ਕਰ ਦਿੱਤਾ। ਸਾਡਾ ਆਪਸੀ ਪਿਆਰ ਤੇ ਮਿਲਵਰਤਣ 1969-70 ਵਿਚ ਸ਼ੁਰੂ ਹੋਇਆ। ਉਹ, ਮੁਖ਼ਤਾਰ ਗਿੱਲ ਕੋਲ ਪ੍ਰੀਤ-ਨਗਰ ਆਉਂਦਾ ਰਹਿੰਦਾ, ਕਦੀ ਕਦੀ ਮੈਂ ਵੀ ਓਥੇ ਚਲਾ ਜਾਂਦਾ। ਕਦੀ ਉਹ ਮੇਰੇ ਪਿੰਡ ਵੀ ਆ ਜਾਂਦਾ। ਬਹੁਤਾ ਅਸੀਂ ਅੰਬਰਸਰ ਮਿਲਦੇ। ਅਵਾਰਾ ਗਰਦੀ ਕਰਦੇ। ਲੋਕੀ (ਲੋਕ ਨਾਥ) ਵੀ ਨਾਲ ਹੋ ਜਾਂਦਾ। ਅਸੀਂ ਲਿਖਣ ਦਾ ਸਫ਼ਰ ਇਕੱਠਿਆਂ ਸ਼ੁਰੂ ਕੀਤਾ। ਇਕ ਦੂਜੇ ਨੂੰ ਪੜਦੇ ਤੇ ਇਕ-ਦੂਜੇ ਤੋਂ ਚੰਗਾ ਲਿਖਣ ਦੀ ਜ਼ਿਦ ਵਿਚ ਲੱਗੇ ਰਹਿੰਦੇ।

-1979 ਵਿਚ ਪਲਾਹੀ ਲੇਖਕ ਸਭਾ ਵਾਲਿਆਂ ਨੇ, ਪੰਜ ਕਹਾਣੀਕਾਰਾਂ ਨੂੰ (ਪ੍ਰੇਮ ਗੋਰਖੀ, ਅਤਰਜੀਤ, ਸੁਖਵੰਤ ਮਾਨ, ਕਿਰਪਾਲ ਕਜ਼ਾਕ ਤੇ ਮੈਂ) ਪੰਜ-ਪੰਜ ਸੌ ਰੁਪਈਆਂ ਦਾ ਇਨਾਮ ਇਹ ਆਖ ਕੇ ਦਿੱਤਾ ਕਿ ਇਹ ਕਹਾਣੀਕਾਰ ਨੇ ਜਿਹਨਾਂ ਤੋਂ ਪੰਜਾਬੀ ਕਹਾਣੀ ਨੂੰ ਵੱਡੀਆਂ ਆਸਾਂ ਨੇ! ਸਨਮਾਨ ਦੇਣ ਵਾਲਿਆਂ ਵਿਚ ਸੋਹਣ ਸਿੰਘ ਜੋਸ਼, ਸਾਧੂ ਸਿੰਘ ਹਮਦਰਦ ਤੇ ਪਿਆਰਾ ਸਿੰਘ ਭੋਗਲ ਵਰਗੇ ਨਾਮ ਸਨ। ਮੇਰਾ ਖ਼ਿਆਲ ਏ ਕਿ ਉਹਨਾਂ ਦੀ ਭਵਿੱਖਬਾਣੀ ਸਹੀ ਸਾਬਤ ਹੋਈ। ਸਭਨਾਂ ਨੇ ਪੰਜਾਬੀ ਕਥਾ-ਸਾਹਿਤ ਵਿਚ ਆਪਣਾ ਸੱਬਰਕੱਤਾ ਹਿੱਸਾ ਪਾਇਆ। ਗੋਰਖੀ ਦਾ ਇਸ ਵਿਚ ਨੁਮਾਇਆ ਹਿੱਸਾ ਏ। ਪ੍ਰੇਮ ਗੋਰਖੀ ਨੇ ਕਿਰਪਾਲ ਕਜ਼ਾਕ ਤੇ ਦਲਬੀਰ ਚੇਤਨ ਆਦਿ ਹੋਰ ਦੋਸਤਾਂ ਨਾਲ ਮਿਲ ਕੇ 'ਦੀਵਾ ਬਲੇ ਸਾਰੀ ਰਾਤ’ ਦੀਆਂ ਕਹਾਣੀ-ਗੋਸ਼ਟੀਆਂ ਸ਼ੁਰੂ ਕੀਤੀਆਂ। ਕਹਾਣੀਕਾਰ ਪਹਿਲਾਂ ਕਹਾਣੀ ਪੜਦਾ ਤੇ ਫਿਰ ਹਰੇਕ ਜਣਾ ਬੇਦਰੇਗ ਹੋ ਕੇ ਆਪਣੀ ਰਾਇ ਦਿੰਦਾ। ਉਦੋਂ ਯਾਰੀ-ਦੋਸਤੀ ਝੂਠੀ ਸਲਾਹੁਤਾ ਕਰਨ ਵਿਚ ਨਹੀਂ ਸੀ ਹੁੰਦੀ, ਸਹੀ ਸੇਧ ਦੇਣ ਤੇ ਸੱਚੀ ਰਾਇ ਦੇਣ ਵਿਚ ਹੁੰਦੀ ਸੀ। ਮੈਨੂੰ ਗੋਰਖੀ ਦਾ ਪੋਸਟ ਕਾਰਡ ਪਹੁੰਚਦਾ ਤਾਂ ਹੁਕਮ ਹੁੰਦਾ ਕਿ ਮੈਂ ਜ਼ਰੂਰ-ਬਰ-ਜ਼ਰੂਰ ਹਾਜ਼ਰ ਹੋਣਾ ਏਂ। ਮੈਂ ਉਹਦੇ 'ਹੁਕਮ' ਨੂੰ ਮੰਨਦਿਆਂ ਹੀ 'ਦੀਵਾ ਬਲੇ ਸਾਰੀ ਰਾਤ' ਦੀਆਂ ਗੋਸ਼ਟੀਆਂ ਵਿਚ ਸ਼ਾਮਲ ਹੁੰਦਾ ਰਿਹਾਂ। ਦਲਬੀਰ ਚੇਤਨ ਦੇ ਪਿੰਡ, ਬਿਆਸ ਨਛੱਤਰ ਦੇ ਘਰ, ਫਗਵਾੜੇ ਲਾਗੇ ਰਘਬੀਰ ਮਾਨ ਦੇ ਘਰ, ਬਰਨਾਲੇ ਸੁਖਜੀਤ ਭੱਠਲ ਦੇ ਘਰ, ਪਟਿਆਲੇ ਕਜ਼ਾਕ ਦੇ ਪਿੰਡ, ਸੁਰਿੰਦਰ ਰਾਮਪੁਰੀ ਦੇ ਪਿੰਡ ਤੇ ਹੋਰ ਕਈ ਥਾਂਈਂ। 'ਦੀਵਾ ਬਲੇ ਸਾਰੀ ਰਾਤ’ ਗੋਸ਼ਟੀਆਂ ਨੇ ਸਾਨੂੰ ਬਹੁਤ ਕੁਝ ਸਿਖਾਇਆ। ਸੁਣਨ, ਸਮਝਣ ਤੇ ਸਿੱਖਣ ਦੀ ਜਾਚ ਸਿਖਾਈ। ਕਜ਼ਾਕ ਤੇ ਗੋਰਖੀ ਦੀ ਦੇਣ ਇਸ ਪੱਖੋਂ ਵੀ ਇਤਿਹਾਸਕ ਹੈ। ਯਾਦਾਂ ਦੇ ਅੰਬਾਰ ਲੱਗੇ ਪਏ ਨੇ। ਵੀਹ ਕੁ ਸਾਲ ਪਹਿਲਾਂ ਐਵੇਂ ਕਿਸੇ ਗਲਤ-ਫ਼ਹਿਮੀ ਕਰ ਕੇ ਨਰਾਜ਼ ਹੋ ਗਿਆ। ਮੇਰੇ ਬਾਰੇ ਗ਼ਲਤ-ਮਲਤ ਲਿਖਿਆ ਵੀ। ਚੁੱਪ-ਵੱਟ ਲਈ। ਪਰ ਪਤਾ ਨਹੀਂ ਮੈਨੂੰ ਉਹਦੇ ’ਤੇ ਗੁੱਸਾ ਕਿਉਂ ਨਹੀਂ ਸੀ ਆਉਂਦਾ! -ਇਕ ਵਾਰ ਪੰਜਾਬੀ ਸਾਹਿਤ ਅਕਾਦਮੀ ਦੀ ਚੋਣ ਵੇਲੇ ਦੋਸਤਾਂ ਦੀ ਭੀੜ ਵਿਚ ਖਲੋਤਾ, ਮੈਨੂੰ ਆਉਂਦਾ ਵੇਖ ਕੇ ਅੱਖ ਚੁਰਾ ਕੇ ਪਿੱਠ ਕਰ ਕੇ ਖਲੋ ਗਿਆ, ਇਹ ਪ੍ਰਭਾਵ ਦੇਣ ਲਈ ਕਿ ਜਿਵੇਂ ਮੈਨੂੰ ਵੇਖ ਕੇ ਨਹੀਂ, ਉਹਨੇ ਤਾਂ ਸਹਿਵਨ ਹੀ ਪਾਸਾ ਬਦਲਿਆ ਏ। ਮਨ-ਮੁਟਾਵ ਤੋਂ ਬਾਅਦ ਅਸੀਂ ਪਹਿਲੀ ਵਾਰ ਇੱਕ ਦੂਜੇ ਨੂੰ ਵੇਖਿਆ ਸੀ। ਮੇਰੇ ਅੰਦਰੋਂ ਮੁਹੱਬਤ ਦਾ ਉਛਾਲ ਉੱਠਿਆ। ਮੈਂ ਉਹਦੀਆਂ ਮੌਰਾਂ ’ਚ ਮੁੱਕੀ ਮਾਰ ਕੇ ਕਿਹਾ, 'ਐਧਰ ਬੂਥਾ ਸਿੱਧਾ ਕਰ। ਤੇਰੀ ਕੀ ਖ਼ਿਆਲ ਏ ਕਿ ਮੈਂ ਤੈਨੂੰ ਵੇਖ ਕੇ, ਜੱਫ਼ ਪਾਏ ਬਿਨਾਂ ਅੱਗੇ ਲੰਘ ਜਾਊਂਗਾ!'

ਉਹ ਮੇਰੇ ਵੱਲ ਮੂੰਹ ਕਰ ਕੇ ਖਿੜਖਿੜਾ ਕੇ ਹੱਸ ਪਿਆ। ਅਸੀਂ ਦੋਵੇਂ ਜੱਫੀ ਵਿਚ ਘੁੱਟੇ ਗਏ। ਅਗਲੇ ਹਫ਼ਤੇ ਉਚੇਚਾ ਚੰਡੀਗੜ ਚੱਲ ਕੇ ਜਲੰਧਰ ਘਰ ਪਹੁੰਚ ਗਿਆ। ਪਿਛਲੇ ਸਾਰੇ ਧੋਣੇ ਧੋਤੇ ਗਏ। ਮੈਂ ਪਿਛਲੇ ਕਈ ਸਾਲਾਂ ਤੋਂ ਰੌਲਾ ਪਾ ਰਿਹਾ ਸਾਂ ਕਿ ਕੁਝ ਹੋਰ ਲੇਖਕਾਂ ਵਾਂਗ ਉਹਨੂੰ ਵੀ ਸਾਹਿਤ ਅਕਾਦਮੀ ਤੇ ਹੋਰ ਵੱਡੀਆਂ ਵੱਡੀਆਂ ਸਾਹਿਤਕ ਸੰਸਥਾਵਾਂ ਨੇ ਅਣਗੌਲਿਆਂ ਕਿਉਂ ਕੀਤਾ ਹੋਇਆ ਹੈ! ਉਹਦਾ ਬਣਦਾ ਹੱਕ ਦਿਓ। ਉਹਨਾਂ ਵਿਚ ਮੋਹਨਜੀਤ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ ਤੇ ਅਤਰਜੀਤ ਦਾ ਨਾਂ ਸ਼ਾਮਲ ਹੁੰਦਾ ਸੀ। ਮੋਹਨਜੀਤ ਤੇ ਕਜ਼ਾਕ ਦੀ ਤਾਂ ਸੁਣੀ ਗਈ ਪਰ ਗੋਰਖੀ ਅਣਗੌਲਿਆ ਤੇ ਬਿਨ-ਸਨਮਾਨਿਆਂ ਹੀ ਚਲਿਆ ਗਿਆ। ਉਹ ਚਲਾ ਗਿਆ ਤਾਂ ਸੋਚਦਾ ਹਾਂ, ਹੁਣ ਕੀਹਦੀ ਪਿੱਠ ’ਤੇ ਮੁੱਕੀ ਮਾਰ ਕੇ ਆਖਾਂ,ਕਿਧਰ ਬੂਥਾ ਚੁੱਕ ਕੇ ਤੁਰ ਚੱਲਿਆ ਏਂ। ਜੱਫੀ ਨਹੀਂ ਪਾਉਣੀ!”

# ਕਹਾਣੀਕਾਰ ਪ੍ਰੇਮ ਗੋਰਖੀ ਦੇ ਸਦੀਵੀ ਵਿਛੋੜੇ ਤੇ ਸਾਮਚੁਰਾਸੀ ਇਲਾਕੇ ਵਿਚ ਸੋਗ ਦੀ ਲਹਿਰ

**ਜਲੰਧਰ /ਸ਼ਾਮਚੁਰਾਸੀ, (ਚੁੰਬਰ)-** ਸਾਹਿਤਕ ਅਤੇ ਪੱਤਰਕਾਰੀ ਹਲਕਿਆਂ ਸਮੇਤ ਸ਼ਾਮਚੁਰਾਸੀ ਤੇ ਦੇ ਆਸ ਪਾਸ ਦੇ ਪਿੰਡਾਂ ਖਾਸ ਤੌਰ ਤੇ ਮੱਛਰੀਵਾਲ, ਧੁਦਿਆਲ, ਤਾਰਾਗੜ੍ਹ, ਸਾਂਧਰਾ ਆਦਿ ਪਿੰਡਾਂ ਵਿਚ ਕਹਾਣੀਕਾਰ ਪ੍ਰੇਮ ਗੋਰਖੀ ਜਿਨ੍ਹਾਂ ਨੇ ਦਰਜਨ ਦੇ ਕਰਿਬ ਕਿਤਾਬਾਂ ਲਿਖੀਆਂ ਸਨ ਦੇ ਅਚਾਨਕ ਸਦੀਵੀ ਵਿਛੋੜੇ ਦੀ ਖਬਰ ਸੁਣਕੇ ਸੋਗ ਦੀ ਲਹਿਰ ਫੈਲ ਗਈ ।ਇਨ੍ਹਾਂ ਪਿੰਡਾਂ ਵਿਚ ਗੋਰਖੀ ਦੀ ਗਹਿਰੀ ਰਿਸ਼ਤੇਦਾਰੀ ਹੋਣ ਅਤੇ ਸ਼ਾਮਚੁਰਾਸੀ ਦੇ ਸਲਾਮਤ ਅਲੀ ਅਲੀ ਸਭਿਆਚਾਰਕ ਮੇਲੇ ਨਾਲ ਜੁੜੇ ਹੋਣ ਕਰਕੇ ਆਉਣੀ ਜਾਣੀ ਤੇ ਮੇਲ ਮਿਲਾਪ ਸਦਕਾ ਇਸ ਹਲਕੇ ਵਿਚ ਵੀ ਆਪਦੀ ਸਦਭਾਵਨਾ ਬਣੀ ਹੋਈ ਸੀ।





ਉਨ੍ਹਾਂ ਦੇ ਤੁਰ ਜਾਣ ਤੇ ਇੰਟਰਨੈਸ਼ਨਲ ਪੰਜਾਬੀ ਕਲਚਰ ਸੁਸਾਇਟੀ ਦੇ ਚੇਅਰਮੈਨ ਗੁਰਮੀਤ ਖ਼ਾਨਪੁਰੀ, ਪ੍ਰਧਾਨ ਦਲਜੀਤ ਬਿੱਟੂ, ਸਕੱਤਰ ਪ੍ਰਿੰਸੀਪਲ ਸ਼ਾਦੀ ਲਾਲ ਅਨੰਦ, ਸਕੱਤਰ ਕੁਲਦੀਪ ਚੁੰਬਰ, ਸੁਖਜੀਤ ਖ਼ਾਨਪੁਰੀ, ਮੈਡਮ ਸੁਸ਼ਮਾ ਵਾਸੂਦੇਵਾ,ਪ੍ਰੋਫੈਸਰ ਇੰਦਰਜੀਤ ਸਿੰਘ , ਪ੍ਰੋ. ਸੁਖਵੀਰ ਕੌਰ, ਪੱਪੀ ਧੁਦਿਆਲ, ਸੁਖਜੀਤ ਝਾਂਸਾਂ ਵਾਲਾ, ਸੋਨੂ ਜਲਭੇ, ਰਵੀ ਫੁਗਲਾਣਾ, ਹਰਦੀਪ ਦੀਪਾ, ਸੂਫ਼ੀ ਸਿਕੰਦਰ, ਕੁਲਵਿੰਦਰ ਕਿੰਦਾ, ਤਾਜ ਨਗੀਨਾ, ਬਲਦੇਵ ਰਾਹੀਂ, ਪੰਮੀ ਲਾਲੋਮਜ਼ਾਰਾ, ਡਾ ਸੀ ਭਾਟੀਆ, ਸੋਨੂ ਲੰਮੇ, ਮਿੰਟੂ ਕਾਲੂਵਾਹਰੀਆ, ਮਾਨ ਸ਼ਾਮ ਚੁਰਾਸੀ, ਰਸ਼ਪਾਲ ਦਰਵੇਸ਼, ਲਹਿੰਬਰ ਕੋਟਲਾ, ਦਿਨੇਸ਼ ਸ਼ਾਮ ਚੁਰਾਸੀ, ਬਲਵਿੰਦਰ ਬੰਗੜ, ਰਾਮ ਕਠਾਰ, ਗੁਰਬਚਨ ਬੰਗੜ, ਜੁਗਨੀ , ਸੁੱਖਾ ਹਰੀਪੁਰ, ਸਰਬਜੀਤ ਫੁੱਲ, ਪ੍ਰੋ. ਮਨਜਿੰਦਰ ਸਿੰਘ, ਪ੍ਰਗਟ ਚੁੰਬਰ, ਵਿਜੇ ਭਾ-ਟੀਆ, ਪ੍ਰਿ. ਗੁਰਦਿਆਲ ਸਿੰਘ ਫੁੱਲ, ਡਾ. ਜਸਵੰਤ ਰਾਏ, ਮਨਜੀਤ ਰਾਏ ਬੱਲ, ਸਤਪਾਲ ਸਾਹਲੋਂ, ਤਰਸੇਮ ਦਰਦੀ, ਵਿੱਕ ਹੀਰ, ਦੁਪਿੰਦਰ ਬੱਸੀ, ਸੁਖਜੀਵਨ ਸਫਰੀ, ਰਣਜੀਤ ਕਲਸੀ, ਜਸਵਿੰਦਰ ਬੱਲ, ਪ੍ਰਸ਼ੋਤਮ ਸਰੋਏ, ਸੰਦੀਪ ਡਰੋਲੀ, ਰਵਿੰਦਰ ਰਾਜੋਵਾਲੀਆ, ਰਾਜ ਗੁਲਜ਼ਾਰ, ਮਹਿੰਦਰ ਮਹੇੜੂ, ਧਰਮਪਾਲ ਕਠਾਰ ਸਮੇਤ ਕਈ ਹੋਰ ਸਾਹਿਤ ਕਲਾ ਨਾਲ ਸਬੰਧਿਤ ਸਖਸ਼ੀਅਤਾਂ ਸ਼੍ਰੀ ਗੋਰਖੀ ਜੀ ਦੀ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕਹਾਣੀਕਾਰ ‘ਪ੍ਰੇਮ ਗੋਰਖੀ’ ਸਾਡੇ ਵਿਚ ਨਹੀਂ ਰਹੇ

**ਹੁਸ਼ਿਆਰਪੁਰ/ਸ਼ਾਮ ਚੁਰਾਸੀ (ਕੁਲਦੀਪ ਚੁੰਬਰ )** – ਆਪਣੀਆਂ ਕਹਾਣੀਆਂ ਰਾਹੀਂ ਦਲਿਤਾਂ-ਮਜ਼ਦੂਰਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਨਾਮੀ ਪੰਜਾਬੀ ਦਲਿਤ ਸਾ-ਹਤਕਾਰ ਤੇ ਸੀਨੀਅਰ ਪੱਤਰਕਾਰ ਸ੍ਰੀ ਪ੍ਰੇਮ ਗੋਰਖੀ ਦਾ ਅੱਜ ਦੁਪਹਿਰ ਦੇਹਾਂਤ ਹੋ ਗਿਆ। ਉਹ ਪੰਜਾਬੀ ਟ੍ਰਿਬਿਊਨ ਤੋਂ ਰਿਟਾਇਰ ਹੋਏ ਸਨ। ਅੱਜ ਦੁਪਹਿਰ ਉਨ੍ਹਾਂ ਨੂੰ ਸਾਹ ਦੀ ਤਕਲੀਫ ਹੋਣ ਕਾਰਨ ਸੈਕਟਰ 32 ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਆਖਰੀ ਸਾਹ ਲਿਆ। ਉਹ ਜ਼ੀਰਕਪੁਰ (ਜ਼ਿਲ੍ਹਾ ਮੁਹਾਲੀ) ਰਹਿੰਦੇ ਸਨ ਅਤੇ ਮੂਲ ਰੂਪ ਵਿਚ ਜਲੰਧਰ ਤੋਂ ਸਨ।



ਓਹਨਾਂ ਦਾ ਜਨਮ 15 ਜੂਨ 1947 ਨੂੰ ਮਾਤਾ ਸ਼੍ਰੀਮਤੀ ਰੱਖੀ ਦੇਵੀ ਜੀ ਦੀ ਕੁੱਖੋਂ ਪਿਤਾ ਸ਼੍ਰੀ ਅਰਜਨ ਦੇਵ ਜੀ ਦੇ ਗ੍ਰਹਿ ਵਿਖ਼ੇ ਹੋਇਆ, ਓਹਨਾਂ ਨੇ ਆਪਣੀ ਕਲਮ ਤੋਂ 'ਮਿੱਟੀ ਰੰਗੇ ਲੋਕ' 'ਜੀਣ ਮਰਨ' 'ਅਰਜਨ ਸਫੈਦੀ ਵਾਲਾ' 'ਧਰਤੀ ਪੁੱਤਰ' 'ਇੱਕ ਗੈਰ ਹਾਜ਼ਰ ਆਦਮੀ' ਜਨਰੇਸ਼ਨ ਗੈਪ' (ਕਹਾਣੀ ਸੰਗ੍ਰਹਿ) 'ਤਿੱਤਰ ਖ਼ਭੀ ਜੂਹ' 'ਬੁੱਢੀ ਰਾਤ ਤੇ ਸੂਰਜ' 'ਵਣ ਵੇਲਾ' (ਨਵਲੈਟ ਸੰਗ੍ਰਹਿ) ਤੋਂ ਇਲਾਵਾ ' ਕਿੱਸਾ ਗੁਲਾਮ' ਤੇ 'ਅਜ਼ਾਦੀ ਤੋਂ ਬਾਅਦ ਦੀ ਹਿੰਦੀ ਕਹਾਣੀ' (ਅਨੁਵਾਦ) ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਦੇਸ਼ ਵਿਦੇਸ਼ ਤੋਂ ਇਲਾਵਾ ਪੰਜਾਬ ਦੀਆਂ ਉੱਚ ਕੋਟੀ ਦੀਆਂ ਸਾਹਤਿਕ ਸਭਾਵਾਂ ਵਲੋਂ ਓਹਨਾਂ ਦਾ ਅਨੇਕਾਂ ਵਾਰ ਸਨਮਾਨ ਕੀਤਾ ਗਿਆ ਉਹਨਾਂ ਪੰਜਾਬੀ ਟ੍ਰਿਬਿਊਨ, ਅਜੀਤ, ਨਵਾਂ ਜ਼ਮਾਨਾ, ਦੇਸ਼ ਸੇਵਕ, ਜੱਗ ਬਾਣੀ ਤੋਂ ਇਲਾਵਾ ਕਈ ਹੋਰ ਨਿਊਜ਼ ਪੇਪਰਾਂ ਵਿਚ ਕੰਮ ਕੀਤਾ 'ਕੁੰਭ' ਨਾਮ ਦਾ ਇੱਕ ਮੰਥਲੀ ਮੈਗਜ਼ੀਨ ਵੀ ਓਹਨਾਂ ਵਲੋਂ ਕੱਢਿਆ ਜਾਂਦਾ ਰਿਹਾ।

# ਸਮੇਂ ਦਾ ਸੱਚ ਬਿਆਨ ਕਰਨ ਵਾਲਾ ਗੋਰਖੀ


ਹਰਮੀਤ ਸਿੰਘ ਅਟਵਾਲ

ਪੰਜਾਬੀ ਦਾ ਨਾਮਵਰ ਕਹਾਣੀਕਾਰ ਪ੍ਰੇਮ ਗੋਰਖੀ ਵੀ ਤੁਰ ਗਿਆ ਹੈ। ਪਿਛਲੇ ਕੁਝ ਅਰਸੇ ਤੋਂ ਸਾਹਿਤਕਾਰਾਂ ਦੇ ਤੁਰ ਜਾਣ ਦੀਆਂ ਖ਼ਬਰਾਂ ਲਗਾਤਾਰ ਪੜ੍ਹਦੇ ਆ ਰਹੇ ਹਾਂ। ਇਹ ਤਾਂ ਸੱਚ ਹੈ ਕਿ ਇਸ ਦੁਨੀਆ ਅੰਦਰ ਜੋ ਵੀ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਇਸ 'ਜੱਗ ਚੰਦਰੇ' 'ਚੋਂ ਜਾਣਾ ਹੀ ਹੈ ਪਰ ਜਿਨ੍ਹਾਂ ਨੇ ਇਸ ਵਿਚ ਵਿਚਰਦਿਆਂ ਕੁਝ ਵਿਲੱਖਣ ਕੰਮ ਕੀਤੇ ਹੁੰਦੇ ਹਨ, ਉਨ੍ਹਾਂ ਦਾ ਜਾਣਾ ਘਾਟੇ ਵਾਲੀ ਤੇ ਅਸਹਿ ਗੱਲ ਹੋ ਨਿਬੜਦੀ ਹੈ।

ਪ੍ਰੇਮ ਗੋਰਖੀ ਨਾਲ ਮੇਰੀ ਕਈ ਵਰ੍ਹਿਆਂ ਤੋਂ ਸਾਂਝ ਰਹੀ ਹੈ। ਜਿੱਡਾ ਵੱਡਾ ਉਹ ਕਹਾਣੀਕਾਰ ਸੀ, ਉਸ ਤੋਂ ਕਿਤੇ ਵੱਧ ਉਹ ਨਿਮਰਤਾ ਤੇ ਸਹਿਜ ਸੁਭਾਅ 'ਚ ਵਿਚਰਨ ਵਾਲਾ ਸ਼ਖ਼ਸ ਸੀ। ਉਹ ਉਸ ਸਮੇਂ ਤੋਂ ਲਿਖਦਾ ਆ ਰਿਹਾ ਸੀ ਜਦੋਂ ਬਹੁਗਿਣਤੀ ਪਰਪੱਕ ਲੇਖਕਾਂ ਦੀ ਹੁੰਦੀ ਸੀ। ਉਦੋਂ ਗਵਾਚੇ ਲਾਲਾਂ ਵਾਂਗ ਲੇਖਕਾਂ 'ਚੋਂ ਲੇਖਕ ਲੱਭਣੇ ਨਹੀਂ ਪੈਂਦੇ ਸਨ। ਰਚਨਾਵਾਂ ਪਾਠਕਾਂ 'ਤੇ ਜਾਦੂ ਜਿਹਾ ਅਸਰ ਕਰਦੀਆਂ ਸਨ। ਕਰਵਾਉਣ ਦੀ ਥਾਂ ਚਰਚਾ ਚਾਰੇ ਪਾਸੇ ਆਪਣੇ ਆਪ ਹੋ ਜਾਂਦੀ ਸੀ। ਉਸ ਦਾ ਜਨਮ ਪਿਤਾ ਅਰਜਨ ਦੇਵ ਅਤੇ ਮਾਤਾ ਰੱਖੀ ਦੇ ਘਰ 15 ਜੂਨ 1947 ਨੂੰ ਪਿੰਡ ਬੁਹਾਨੀ, ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਸ ਨੇ ਜਲੰਧਰ ਤੇ ਚੰਡੀਗੜ੍ਹ ਦੀਆਂ ਪੰਜਾਬੀ ਅਖ਼ਬਾਰਾਂ 'ਚ ਲੰਬਾ ਅਰਸਾ ਪਰੂਫ ਰੀਡਿੰਗ ਦਾ ਕੰਮ ਕੀਤਾ। ਭਾਸ਼ਾ ਪ੍ਰਤੀ ਉਸ ਦੀ ਖ਼ੁਰਦਬੀਨੀ ਸੂਝ ਵੱਡੇ-ਵੱਡੇ ਲਿਖਾਰੀਆਂ ਤੇ ਭਾਸ਼ਾ ਵਿਗਿਆਨੀਆਂ ਦੇ ਬਰਾਬਰ ਦੀ ਕਹੀ ਜਾ ਸਕਦੀ ਹੈ। ਪਿੱਛੇ ਜਿਹੇ ਕੁਝ ਅਰਸੇ ਤੋਂ ਉਸ ਨੇ ਪਰਵਾਸੀ ਸੱਜਣਾਂ ਦੀ ਮਦਦ ਨਾਲ 'ਕੁੰਭ' ਨਾਂ ਦਾ ਪੰਜਾਬੀ ਰਸਾਲਾ ਵੀ ਪੰਜਾਬੀ ਦੇ ਪਾਠਕਾਂ ਤਕ ਪੁੱਜਦਾ ਕੀਤਾ ਸੀ ਪਰ ਹੁਣ ਉਹ ਰਸਾਲਾ ਬਦਲੇ ਨਾਂ ਹੇਠ ਕਿਸੇ ਹੋਰ ਸੰਪਾਦਕ ਦੀ ਸੰਪਾਦਨਾ ਹੇਠ ਛਪ ਰਿਹਾ ਹੈ।

ਉਸ ਦੇ ਸਾਹਿਤ ਸੰਸਾਰ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਸ ਦੀ ਪਹਿਲੀ ਕਹਾਣੀ 'ਇੱਕ ਭੁੱਲ' 1971 'ਚ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਬਹੁਤ ਪੜ੍ਹੇ ਜਾਂਦੇ ਪਰਚੇ 'ਨਾਗਮਣੀ' 'ਚ ਛਪੀ ਸੀ। ਉਸ ਦੀਆਂ ਕਹਾਣੀਆਂ ਦੀ ਪਹਿਲੀ ਕਿਤਾਬ 'ਮਿੱਟੀ ਰੰਗੇ ਲੋਕ' 1974 'ਚ ਆਈ ਸੀ। ਇਸ ਤੋਂ ਬਾਅਦ 'ਜੀਣ ਮਰਨ', 'ਅਰਜਨ ਸਫੈਦੀ ਵਾਲਾ' ਤੇ 'ਧਰਤੀ ਪੁੱਤਰ' ਕਹਾਣੀ- ਸੰਗ੍ਰਹਿ ਪਾਠਕਾਂ ਨੇ ਇਕਮਨਚਿਤ ਹੋ ਕੇ ਪੜ੍ਹੇ। ਇਨ੍ਹਾਂ 'ਚ ਤਕਰੀਬਨ 60 ਕਹਾਣੀਆਂ ਸ਼ਾਮਲ ਸਨ। ਕੁਝ ਹੋਰ ਕਹਾਣੀਆਂ ਵੱਖ-ਵੱਖ ਰਸਾਲਿਆਂ 'ਚ ਵੀ ਛਪੀਆਂ ਤੇ ਇਕ ਨਾਵਲ ਵੀ ਆਇਆ। ਉਸ ਨੇ ਇਕ ਅਖ਼ਬਾਰ 'ਚ ਕੁਝ ਵਿਸ਼ੇਸ਼ ਪਾਤਰਾਂ ਬਾਰੇ ਇਕ ਲੜੀਵਾਰ ਕਾਲਮ ਵੀ ਲਿਖਿਆ, ਜਿਹੜਾ ਸਮੇਂ ਦੇ ਗੇੜ ਨਾਲ ਸ਼ਾਇਦ ਕਿਤਾਬੀ ਰੂਪ 'ਚ ਵੀ ਪਾਠਕਾਂ ਕੋਲ ਪੁੱਜੇ।



ਉਸ ਦੀਆਂ ਕਹਾਣੀਆਂ ਦੱਬੇ-ਕੁਚਲੇ ਲੋਕਾਂ ਦੀ ਜੀਵਨ ਗਾਥਾ ਨੂੰ ਬੜੀ ਵਚਿੱਤਰਤਾ ਸਹਿਤ ਬਿਆਨ ਕਰਦੀਆਂ ਹਨ। ਦੂਜੇ ਸ਼ਬਦਾਂ 'ਚ ਕਹੀਏ ਤਾਂ ਇਹ ਕਹਾਣੀਆਂ ਮਾਤੜ ਅਤੇ ਅਣਗੌਲੇ ਲੋਕਾਂ ਦੀਆਂ ਕਰੂਰ ਅਵਸਥਾਵਾਂ ਤੋਂ ਪੂਰੀ ਸਾਹਿਤਕ ਪੁਖਤਗੀ ਨਾਲ ਪਰਦਾ ਚੁੱਕਦੀਆਂ ਹਨ। ਉਸ ਦੀਆਂ ਕਹਾਣੀਆਂ ਸਮਾਜ ਦੀਆਂ ਤਲਖ਼ ਹਕੀਕਤਾਂ ਨੂੰ ਸਾਹਮਣੇ ਲਿਆਉਂਦੀਆਂ ਹਨ ਤੇ ਜਨ ਸਧਾਰਨ ਦੀ ਗੱਲ ਨਿੱਠ ਕੇ ਕਰਦੀਆਂ ਹਨ। ਉਸ ਦੀਆਂ ਚਰਚਿਤ ਕਹਾਣੀਆਂ 'ਚ 'ਮਿੱਟੀ ਰੰਗੇ ਲੋਕ', 'ਪੁੱਤ ਸਰਦਾਰਾਂ ਦੇ', 'ਕੋਈ ਹੋਰ ਗੱਲ', 'ਛੋਟੀਆਂ ਛੋਟੀਆਂ ਕੰਧਾਂ', 'ਸੰਸਕਾਰ', 'ਜ਼ਿੰਦਗੀ', 'ਬਚਨਾ ਬੱਕਰ ਵੱਢ', 'ਮੈਨੂੰ ਮੁਆਫ਼ ਕਰ ਦੇਣਾ', 'ਵਿੱਥ', 'ਟੱਲਾ' , 'ਜੜ੍ਹਾਂ', 'ਧਰਤੀ ਪੁੱਤਰ', 'ਅਗਲੇ ਸਟੇਸ਼ਨ ਤੱਕ' ਤੇ 'ਦੁੱਧ ਧਾਰ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। 'ਤਿੱਤਰ ਖੰਭੀ ਜੂਹ' (ਨਾਵਲੈੱਟ ਸੰਗ੍ਰਹਿ) ਤੇ '1993 ਦੀ ਪੰਜਾਬੀ ਕਹਾਣੀ' (ਸੰਪਾਦਿਤ ਪੁਸਤਕ) ਵੀ ਆਪਣਾ ਖ਼ਾਸਾ ਸਾਹਿਤਕ ਮਹੱਤਵ ਰੱਖਦੀਆਂ ਹਨ।

ਉਂਜ ਪ੍ਰਸਿੱਧ ਤਾਂ ਪ੍ਰੇਮ ਗੋਰਖੀ ਆਪਣੀਆਂ ਕਹਾਣੀਆਂ ਨਾਲ ਹੀ ਹੋ ਗਿਆ ਸੀ ਪਰ ਉਸ ਦੀ ਸਵੈ-ਜੀਵਨੀ 'ਗ਼ੈਰ ਹਾਜ਼ਿਰ ਆਦਮੀ' ਨੇ ਉਸ ਦੀ ਪ੍ਰਸਿੱਧੀ ਨੂੰ ਹੋਰ ਚਾਰ ਚੰਨ ਲਾ ਦਿੱਤੇ। ਇਸ ਪੁਸਤਕ ਉੱਪਰ ਲਿਖਿਆ ਹੋਇਆ ਹੈ, 'ਆਮ ਤੌਰ 'ਤੇ ਉਨ੍ਹਾਂ ਲੇਖਕਾਂ ਨੇ ਹੀ ਆਪਣੀ ਸਵੈ-ਜੀਵਨੀ ਲਿਖੀ ਹੈ ਜੋ ਪ੍ਰਸਿੱਧੀ ਖੱਟ ਚੁੱਕੇ ਸਨ (ਜਾਂ ਹਨ) ਪਰ ਪ੍ਰੇਮ ਗੋਰਖੀ ਨੇ ਆਪਣੀ ਸਵੈ-ਜੀਵਨੀ ਲਿਖ ਕੇ ਪ੍ਰਸਿੱਧੀ ਖੱਟੀ ਹੈ।' ਇਹ ਸਵੈ-ਜੀਵਨੀ ਪੜ੍ਹਨ ਉਪਰੰਤ ਹੀ ਸਹੀ ਮਾਅਨਿਆਂ 'ਚ ਉਸ ਦੀ ਲਿਖਤ ਅੰਦਰਲੀ ਅਸਲ ਪਰਪੱਕਤਾ ਦਾ ਪਤਾ ਲੱਗਦਾ ਹੈ। ਉਸ ਦਾ ਸਾਡੇ ਪਿੰਡ ਖੁਰਦਪੁਰ 'ਚ ਸਮੇਂ-ਸਮੇਂ ਆਉਣ-ਜਾਣ ਬਣਿਆ ਰਿਹਾ। ਕਈ ਵਾਰੀ ਰਾਤ ਵੀ ਰਹਿ ਲੈਣਾ। ਕੈਨੇਡਾ ਦੌਰੇ ਤੋਂ ਬਾਅਦ ਉਹ ਸਾਡੇ ਪਿੰਡ ਆਇਆ ਤਾਂ ਮੈਂ ਇਸ ਸਵੈ-ਜੀਵਨੀ 'ਚ ਉਸ ਨੂੰ ਕੈਨੇਡਾ ਫੇਰੀ ਦਾ ਅਨੁਭਵ ਸ਼ਾਮਲ ਕਰਨ ਦੀ ਸਲਾਹ ਦਿੱਤੀ ਸੀ। ਕੈਨੇਡਾ ਦੇ ਬਹੁਤ ਸਾਰੇ ਤਜਰਬੇ ਵੀ ਉਸ ਨੇ ਸਾਡੇ ਪਰਿਵਾਰ ਨਾਲ ਸਾਂਝੇ ਕੀਤੇ। ਉਸ ਦਾ ਸਿੱਧ ਪੱਧਰਾ ਤੇ ਹਾਸਰਸੀ ਅੰਦਾਜ਼ ਸੁਣਨ ਵਾਲੇ ਨੂੰ ਬਦੋਬਦੀ ਪ੍ਰਭਾਵਿਤ ਕਰਦਾ ਸੀ। ਸਧਾਰਨ ਫਿਕਰੇ 'ਚ ਉਹ ਵੱਡੀ ਗੱਲ ਕਹਿਣ ਦੀ ਯੋਗਤਾ ਰੱਖਦਾ ਸੀ। ਉਸ ਦੀ ਹਾਸੇ 'ਚ ਕਹੀ ਗੱਲ ਵੀ ਗੰਭੀਰ ਹੁੰਦੀ ਸੀ।

ਇਕ ਵਾਰ ਗੱਲਾਂ-ਗੱਲਾਂ 'ਚ ਉਸ ਨੇ ਦੱਸਿਆ, ''ਅਟਵਾਲ ਜੀ! ਕੈਨੇਡਾ ਦੇਸ਼ ਤਾਂ ਬਹੁਤ ਵਧੀਆ ਹੈ, ਉੱਥੇ ਖਾਣ-ਪੀਣ ਵੀ ਬਹੁਤ ਵਧੀਆ ਹੈ ਪਰ ਮੈਂ ਆਪਣੀ ਗੱਲ ਦੱਸਦਾਂ... ਮੈਂ ਇਕ ਵਾਰੀ ਬਦਾਮਾਂ ਦੀਆਂ ਗਿਰੀਆਂ ਨੂੰ ਫੱਕੇ ਮਾਰ-ਮਾਰ ਖਾ ਗਿਆ ਤੇ ਬਾਅਦ 'ਚ ਕਈ ਦਿਨ ਮੇਰਾ ਗਲ ਹੀ ਦੁਖਦਾ ਰਿਹਾ...।'' ਦਰਅਸਲ ਉਸ ਦੀਆਂ ਗੱਲਾਂ 'ਚ ਵੀ ਇਕ ਕਹਾਣੀਕਾਰ ਹੁੰਦਾ ਸੀ ਤੇ ਇਕ ਅਜਿਹਾ ਰਸ ਜਿਸ ਵਿਚ ਆਪਣਾਪਣ ਵੀ ਸੀ, ਪੰਜਾਬੀਪਣ ਵੀ ਸੀ ਤੇ ਇਕ ਨਿਰਮਲ ਸੋਚ ਦੀ ਧਾਰਾ ਵੀ, ਜਿਸ ਦਾ ਵਹਿਣ ਹਰ ਨੇੜੇ-ਤੇੜੇ ਵਾਲੇ ਨੂੰ ਬਦੋਬਦੀ ਪ੍ਰਭਾਵਿਤ ਕਰਦਾ ਸੀ। ਉਸ ਦਾ ਜਲੰਧਰ ਛਾਉਣੀ ਸਾਡੇ ਸਕੂਲ ਵੀ ਕਈ ਵਾਰ ਆਉਣਾ ਹੋਇਆ। ਅਧਿਆਪਕਾਂ ਤੇ ਪੜ੍ਹਾਈ ਬਾਰੇ ਉਸ ਦੀਆਂ ਬਹੁਤ ਸਾਰੀਆਂ ਅਰਥ ਭਰਪੂਰ ਗੱਲਾਂ ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹਨ। ਪੰਜਾਬੀ ਸਾਹਿਤ ਅੰਦਰ ਅਧਿਆਪਕਾਂ ਦੇ ਪਾਏ ਯੋਗਦਾਨ ਨੂੰ ਉਸ ਨੇ ਸਦਾ ਸਲਾਹਿਆ।

ਉਸ ਨਾਲ ਮੇਰਾ ਸਾਹਿਤਕ ਵਿਚਾਰ-ਵਟਾਂਦਰਾ ਆਮ ਹੀ ਹੁੰਦਾ ਰਹਿੰਦਾ ਸੀ। ਪੰਜਾਬੀ ਆਲੋਚਨਾ ਬਾਰੇ ਉਸ ਦਾ ਮੰਨਣਾ ਸੀ, 'ਹੁਣ ਉਹ ਆਲੋਚਨਾ ਨਹੀਂ ਰਹੀ ਜੋ ਪਹਿਲਾਂ ਹੁੰਦੀ ਸੀ। ਨਵੇਂ ਆਲੋਚਕਾਂ ਨੇ ਨਾ ਤਾਂ ਮੁਕੰਮਲ ਕਹਾਣੀਕਾਰਾਂ ਨੂੰ ਪੜ੍ਹਿਆ ਹੁੰਦਾ ਹੈ ਤੇ ਨਾ ਉਹ ਕਹਾਣੀਕਾਰਾਂ ਬਾਰੇ ਜਾਣਨ ਦੀ ਕੋਸ਼ਿਸ਼ ਹੀ ਕਰਦੇ ਹਨ।' ਸਾਡੀ ਇਨਾਮ ਵੰਡ ਪ੍ਰਣਾਲੀ ਵੀ ਉਸ ਦੀ ਨਜ਼ਰ 'ਚ ਸੁਧਾਰ ਦੀ ਮੰਗ ਕਰਦੀ ਹੈ। ਉਸ ਦਾ ਆਖਣਾ ਸੀ ਕਿ ਪੰਜਾਬੀ 'ਚ ਜੇ ਪ੍ਰਸਿੱਧ ਲੇਖਕ ਦੇਵਿੰਦਰ ਸਤਿਆਰਥੀ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਨਹੀਂ ਦਿੱਤਾ ਜਾਂਦਾ ਤਾਂ ਫਿਰ ਇਸ ਤੋਂ ਪਰੇ ਹੋਰ ਕੀ ਕਹਿਣਾ। ਉਸ ਨੇ ਜ਼ਿੰਦਗੀ ਭਰ ਆਮ ਲੋਕਾਂ ਦੇ ਦੁੱਖ-ਦਰਦ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਇਆ, ਜਿਸ ਨਾਲ ਉਹ ਸਾਹਿਤ ਚਿੰਤਕਾਂ ਦੇ ਨਾਲ-ਨਾਲ ਆਮ ਲੋਕਾਂ 'ਚ ਵੀ ਬਹੁਤ ਪੜ੍ਹਿਆ ਤੇ ਸਲਾਹਿਆ ਗਿਆ। ਦਲੇਰ ਸਾਹਿਤਕ ਸ਼ਖ਼ਸੀਅਤ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਈ ਹੈ, ਜਿਸ ਅੰਦਰ ਸਮੇਂ ਦਾ ਸੱਚ ਦੱਸਣ ਦੀ ਦਲੇਰੀ ਵੀ ਸੀ ਤੇ ਉੱਚ ਪਾਏ ਦਾ ਸਾਹਿਤ ਸਿਰਜ ਸਕਣ ਦੀ ਸਮਰੱਥਾ ਤੇ ਪਰਪੱਕਤਾ ਵੀ। ਆਪਣੀਆਂ ਸਾਹਿਤਕ ਰਚਨਾਵਾਂ ਅੰਦਰਲੀ ਅਮੀਰੀ ਸਦਕਾ ਹੀ ਉਹ ਸਦਾ ਅਮਰ ਰਹੇਗਾ। ਪਾਠਕਾਂ ਦੇ ਦਿਲਾਂ 'ਚ ਉਸ ਲਈ ਸਤਿਕਾਰਯੋਗ ਥਾਂ ਸਦਾ ਬਣੀ ਰਹੇਗੀ। ਅਜਿਹਾ ਮੇਰਾ ਵਿਸ਼ਵਾਸ ਹੈ।




## ਬਸਪਾ ਦੀ ਸਮੁੱਚੀ ਲੀਡਰਸ਼ਿਪ ਅਤੇ ਬਸਪਾ ਵਰਕਰ ਸਮਰਥਕ ਲਾਗੂ ਕਰਨ ਹਿਤ ਜਰੂਰੀ ਨਿਰਦੇਸ਼

ਜੈ ਭੀਮ ਜੈ ਭਾਰਤ
ਸਤਿਕਾਰਯੋਗ ਸਾਥੀਓ,

ਆਪ ਸਭ ਦੀ ਮਿਹਨਤ ਸਦਕਾ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਦੇ ਰਾਜਨੀਤਿਕ ਹਾਲਾਤ 2022 ਲਈ ਬਹੁਤ ਹੀ ਸਾਜਗਾਰ ਅਤੇ ਸੁਖਾਵੇਂ ਬਣੇ ਹਨ, ਜੋਕਿ ਕਾਂਗਰਸ ਅਤੇ ਭਾਜਪਾ ਲਈ ਬੜੇ ਦੁਖਭਰੇ ਹਨ। ਰੋਪੜ ਖੁਵਾਸਪੁਰਾ ਵਿਖੇ ਹੋਈ 2 ਅਪ੍ਰੈਲ ਦੀ ਬੇਗਮਪੁਰਾ ਪਾਤਸਾਹੀ ਬਣਾਉ ਮਹਾਰੈਲੀ ਤੋਂ ਬਾਅਦ ਕਾਂਗਰਸ ਭਾਜਪਾ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਡਰਾਉਣ ਦਬਾਉਣ ਅਤੇ ਬਦਨਾਮ ਕਰਨ ਲਈ ਕੋਝੀਆਂ ਚਾਲਾਂ ਚੱਲਣੀਆਂ ਬੜੀ ਤੇਜ਼ੀ ਨਾਲ ਸ਼ੂਰੂ ਕਰ ਦਿੱਤੀ ਹਨ ਤਾਂਕਿ ਬਸਪਾ ਦਾ ਕੰਮ ਪੰਜਾਬ ਵਿਚ ਰੋਕਿਆ ਜਾ ਸਕੇ।




ਬਸਪਾ ਗੁਰੂਆਂ ਮਹਾਂਪੁਰਸ਼ਾਂ ਦਾ ਸੰਕਲਪ ਤੇ ਵਿਚਾਰਧਾਰਾ ਨੂੰ ਲੈਕੇ ਚਲ ਰਹੀ ਦੇਸ਼ ਦੇ ਤੀਜੇ ਨੰਬਰ ਦੀ ਰਾਸ਼ਟਰੀ ਪਾਰਟੀ ਹੈ। ਬਸਪਾ ਸਾਰੇ ਸੰਤਾਂ ਮਹਾਪੁਰਸ਼ਾ ਦਾ ਸਨਮਾਨ ਤੇ ਸਤਿਕਾਰ ਕਰਦੀ ਹੈ। ਇਸ ਲਈ ਜਰੂਰੀ ਹੈ ਸਾਰੇ ਬਸਪਾ ਵਰਕਰ ਅਤੇ ਲੀਡਰਸ਼ਿਪ ਸਾਰੇ ਸੰਤਾਂ ਮਹਾਪੁਰਸ਼ਾ ਦਾ ਸਨਮਾਨ ਅਤੇ ਸੋਸ਼ਲ ਮੀਡੀਆ ਉਪਰ ਸਨਮਾਨਯੋਗ ਸ਼ਬਦਾਬਲੀ ਦੀ ਵਰਤੋਂ ਕਰਨ। ਪਿਛਲੇ ਦਿਨਾਂ ਵਿਚ ਸੰਤ ਸਮਾਜ ਵਾਲਾ ਵਿਵਾਦ ਖਤਮ ਕਰਨ ਲਈ 3 ਮਾਰਚ ਨੂੰ ਫੇਸਬੁੱਕ ਲਾਈਵ ਵਿਚ ਮੈ ਖੁਦ ਨਿਜੀ ਤੌਰ ਤੇ ਸੰਤਾਂ ਦੇ ਸਨਮਾਨ ਵਿੱਚ ਅਫ਼ਸੋਸ ਪਰਗਟ ਕਰਕੇ ਖੁਦ ਨੂੰ ਭੁਲਣਹਾਰ ਅਤੇ ਗੁਰੂ ਸਾਹਿਬ ਨੂੰ ਬਖਸ਼ਨਹਾਰ ਮੰਨਿਆ ਸੀ। ਅਜਿਹੇ ਹਾਲਾਤਾਂ ਵਿੱਚ ਫਿਰ ਵਿਵਾਦ ਦਾ ਖੜ੍ਹਾ ਹੋਣਾ ਮੰਦਭਾਗਾ ਹੈ ਅਤੇ ਸੰਤ ਸਮਾਜ ਦੇ ਹਰ ਹੁਕਮ ਨਾਲ ਬਹੁਜਨ ਸਮਾਜ ਪਾਰਟੀ ਖੜੀ ਹੈ ਸਾਰੇ ਲੀਡਰ ਸਾਹਿਬਾਨ ਅਤੇ ਵਰਕਰ ਸਾਹਿਬਾਨ ਸਿਰਫ਼ ਤੇ ਸਿਰਫ਼ ਕਾਂਗਰਸ ਭਾਜਪਾ ਅਤੇ ਵਿਰੋਧੀ ਪਾਰਟੀਆਂ ਦੀਆਂ ਨੀਤੀਆਂ ਦਾ ਵਿਰੋਧ ਕਰਨ ਨਾਕਿ ਨਿੱਜੀ ਤੌਰ ਤੇ ਕਿਸੀ ਉਪਰ ਟੀਕਾ ਟਿੱਪਣੀ। ਨਿੱਜੀ ਟੀਕਾ ਟਿੱਪਣੀ ਤੋਂ ਜਰੂਰ ਬਚੋ। ਕਿਸੀ ਵੀ ਵਿਰੋਧੀ ਪਾਰਟੀ ਅਤੇ ਹੋਰ ਵੀ ਕਿਸੀ ਦੇ ਨਿੱਜੀ ਜੀਵਨ ਨਾਲ ਬਹੁਜਨ ਸਮਾਜ ਪਾਰਟੀ ਦਾ ਕੋਈ ਲੈਣਾ ਦੇਣਾ ਨਹੀਂ ਹੈ। ਸਾਡੀ ਲੜਾਈ ਨੀਤੀਗਤ ਹੈ।

**ਸਹੀ/-**
**ਜਸਵੀਰ ਸਿੰਘ ਗੜ੍ਹੀ**
**ਪੰਜਾਬ ਪ੍ਰਧਾਨ, ਬਹੁਜਨ ਸਮਾਜ ਪਾਰਟੀ**

# ਨਹੀਂ ਰਹੇ ਕਹਾਣੀ-ਜਗਤ ਦੇ ਬਾਬਾ ਬੋਹੜ, ਸਾਡੇ ਪ੍ਰੇਮ ਗੋਰਖੀ

ਅਜੀਤ ਤੇ ਪੰਜਾਬੀ ਟ੍ਰਿਬਿਊਨ ਵਿਚ ਕੰਮ ਕਰ ਚੁੱਕੇ, ਸੰਸਾਰ ਪ੍ਰਸਿੱਧੀ ਪ੍ਰਾਪਤ ਕਹਾਣੀਕਾਰ, ਅਨੇਕਾਂ ਸੰਸਥਾਵਾਂ ਦੇ ਅਹੁੱਦੇਦਾਰ, ਹਰੇਕ ਨੂੰ ਆਪਣਾ ਜਾਪਣ ਵਾਲੇ ਨੇਕ ਦਿਲ ਇਨਸਾਨ ਸ. ਪ੍ਰੇਮ ਗੋਰਖੀ ਜੀ (74) 25 ਅਪ੍ਰੈਲ ਦੁਪਹਿਰ 1 ਵਜੇ ਸੈਕਟਰ-32 ਦੇ ਹਸਪਤਾਲ ਵਿਚ 15 ਮਿੰਟ ਦਾਖਲ ਰਹਿਣ ਪਿੱਛੋਂ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ। ਗੋਰਖੀ ਜੀ ਆਪਣੇ ਪਿੱਛੇ ਧਰਮ-ਪਤਨੀ ਬੀਬੀ ਗੁਰਦੀਪ ਕੌਰ, ਬੇਟਾ ਗਗਨ-ਪ੍ਰੀਤ, ਨੂੰਹ ਰਾਣੀ ਸ਼ੈਲੀ ਤੋਂ ਇਲਾਵਾ ਤਿੰਨ ਲਾਡਲੀਆਂ ਧੀਆਂ ਨਵਰੂਪ ਕੌਰ ਰੂਪ (6280955532), ਨਿਰਪਾਲ ਕੌਰ ਅਤੇ ਸੋਨਿਕਾ ਸਿੰਘ ਨੂੰ ਰੋਂਦੇ-ਕੁਰਲਾਂਉਂਦੇ ਛੱਡ ਗਏ ਸਨ। ਜ਼ਿਕਰ ਯੋਗ ਹੈ ਕਿ ਗੋਰਖੀ ਜੀ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੇ ਸਰਪ੍ਰਸਤ ਹੋਣ ਕਰਕੇ ਸੰਸਥਾ ਨਾਲ ਉਨ੍ਹਾਂ ਦੀ 1985 ਤੋਂ ਸਾਂਝ ਚਲੀ ਆ ਰਹੀ ਸੀ। ਉਨ੍ਹਾਂ ਦੀ ਰਹਿਨੁਮਾਈ ਹੇਠ ਸੰਸਥਾ ਨੇ ਜਿੱਥੇ ਹਜ਼ਾਰਾਂ ਕਲਮਾਂ, ਸੁਰਾਂ ਅਤੇ ਅਵਾਜ਼ਾਂ ਨੂੰ ਸਟੇਜੀ ਮੌਕੇ ਪ੍ਰਦਾਨ ਕੀਤੇ, ਉਥੇ ਕ੍ਰਮਵਾਰ 175 ਅਤੇ 906 ਕਲਾ-ਪ੍ਰੇਮੀਆਂ ਦੀਆਂ ਦੋ ਟੈਲੀਫੂਨ ਡਾਇਰੈਕਟਰੀਆਂ ਅਤੇ ਅੱਠ ਸਾਂਝੇ ਕਾਵਿ-ਸੰਗ੍ਰਹਿ ਵੀ ਸਾਹਿਤ ਦੀ ਝੋਲੀ ਪਾਏ।



ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੇ ਪ੍ਰਧਾਨ ਸ੍ਰ. ਲਾਲ ਸਿੰਘ ਲਾਲੀ ਜੀ ਦੀ ਪ੍ਰਧਾਨਗੀ ਹੇਠ ਸੰਸਥਾ ਦੀ ਓਨ-ਲਾਈਨ ਸ਼ੋਕ ਇਕੱਤਰਤਾ ਹੋਈ। ਜਿਸ ਵਿਚ ਦੋ ਮਿੰਟ ਦਾ ਮੋਨ ਧਾਰਨ ਕਰਦਿਆਂ ਵਿਛੜੀ ਰੂਹ ਨੂੰ ਸੇਜਲ ਅੱਖਾਂ ਨਾ.ਲ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਉਨ੍ਹਾਂ ਨੂੰ ਆਪਣੇ ਚਰਨਾਂ 'ਚ ਥਾਂ ਦੇਣ ਅਤੇ ਪਿੱਛੇ ਉਨ੍ਹਾਂ ਦੇ ਦੁਖੀ ਸਮੁੱਚੇ ਪਰਿਵਾਰ ਨੂੰ ਇਹ ਅਸਹਿ ਸਦਮਾ ਸਹਿਣ ਦਾ ਬਲ ਬਖ਼ਸ਼ਣ ਲਈ ਅਕਾਲ-ਪੁਰਖ ਅੱਗੇ ਦੁਆਵਾਂ ਕੀਤੀਆਂ ਗਈਆਂ।

ਇਸ ਸ਼ੋਕ-ਇਕੱਤਰਤਾ ਵਿਚ ਗੁਲਜ਼ਾਰ ਸਿੰਘ ਗੁਰੂ (ਸਾਬਕਾ ਮੰਤਰੀ ਪੰਜਾਬ), ਊਸ਼ਾ ਆਰ ਸ਼ਰਮਾ (ਆਈ. ਏ. ਐਸ. ਸੇਵਾ-ਮੁਕਤ), ਲਛਮਣ ਸਿੰਘ ਮੋਹੋ, ਲਾਲ ਸਿੰਘ ਲਾਲੀ, ਬਲਵੰਤ ਸੱਲ੍ਹਣ, ਪ੍ਰੀਤਮ ਲੁਧਿਆਣਵੀ, ਪਿਆਰਾ ਸਿੰਘ ਰਾਹੀ, ਸ਼ਮਸ਼ੇਰ ਸਿੰਘ ਪਾਲ, ਕਰਿਸ਼ਨ ਰਾਹੀ, ਪ੍ਰਿੰ. ਬਲਬੀਰ ਛਿੱਬੜ, ਜਸਪਾਲ ਕੰਵਲ, ਨਸੀਬ ਸਿੰਘ ਸੇਵਕ, ਥੰਮਣ ਸਿੰਘ ਸੈਣੀ, ਅਮਰ ਵਿਰਦੀ, ਕੁਲਵਿੰਦਰ ਕੌਰ ਮਹਿਕ, ਸੁਖਦੇਵ ਕੌਰ ਚਮਕ, ਵਰਿੰਦਰ ਕੌਰ ਰੰਧਾਵਾ, ਅਮਰਜੀਤ ਸਿੰਘ ਭਾਟੀਆ (ਦਲੇਰ ਖਾਲਸਾ), ਗੁਰਵਿੰਦਰ ਗੁਰੀ, ਮਹਿੰਗਾ ਸਿੰਘ ਕਲਸੀ, ਪ੍ਰੀਤਮ ਸਿੰਘ ਰਾਠੀ, ਸਿਕੰਦਰ ਰਾਮਪੁਰੀ, ਤੇ ਕਰਿਸ਼ਨ ਭੱਟੀ ਆਦਿ ਬੁਲਾਰਿਆਂ ਨੇ ਮ੍ਰਿਤਕ ਰੂਹ ਦੀਆਂ ਸਾਹਿਤ ਪ੍ਰਤੀ ਵੱਡਮੁੱਲੀਆਂ ਸੇਵਾਵਾਂ ਅਤੇ ਉਨ੍ਹਾਂ ਨਾਲ ਆਪੋ-ਆਪਣੀਆਂ ਨਿੱਜੀ ਸਾਂਝਾਂ ਦੀ ਗੱਲ ਕੀਤੀ। ਇਨ੍ਹਾਂ ਤੋਂ ਇਲਾਵਾ ਮੇਜਰ ਸਿੰਘ ਇਸੜੂ, ਸ਼ਿਵ ਸਿੰਘ ਬੱਲੀ, ਮੰਗਲ ਸਿੰਘ ਧਿਆਨਪੁਰ, ਮਨਦੀਪ ਕੌਰ ਪ੍ਰੀਤ ਮੁਕੇਰੀਆਂ, ਗਾਇਕਾ ਪਰਮਜੀਤ ਕੌਰ ਧੰਜਲ, ਸੰਦੀਪ ਕੌਰ ਧੰਜਲ, ਜਰਨੈਲ ਹਸਨਪੁਰੀ, ਹਰਬੰਸ ਲਹਿੰਬਰ, ਅਮਰੀਕ ਚੰਡੀਗੜ੍ਹੀਆ, ਸੁਖਵਿੰਦਰ ਨੂਰਪੁਰੀ, ਬਹਾਦਰ ਸਿੰਘ ਗੋਸਲ, ਅਹੀਰ ਹੁਸ਼ਿਆਰਪੁਰੀ, ਫਤਹਿ ਸਿੰਘ ਬਾਗੜੀ, ਸੁਖਚਰਨ ਸਾਹੋਕੇ, ਕਸ਼ਮੀਰ ਘੇਸਲ, ਆਰ. ਕੇ. ਸਾਹੋਵਾਲੀਆ, ਪੰਨਾ ਲਾਲ ਮੁਸਤਫਾਬਾਦੀ, ਸੁਦਾਗਰ ਮੁੰਡੀ ਖੈੜ, ਵਰਿਆਮ ਬਟਾਲਵੀ, ਪਲਵਿੰਦਰਜੀਤ ਪਾਲੀ, ਸੰਨੀ ਊਨੇ ਵਾਲਾ, ਸੱਤਪਾਲ ਲਖੋਤਰਾ, ਨਵਪ੍ਰੀਤ ਕੌਰ ਸੰਧੂ, ਬਾਵਾ ਬੱਲੀ, ਰਾਜੂ ਨਾਹਰ, ਬਲਵੰਤ ਸਿੰਘ ਮੁਸਾਫ਼ਿਰ, ਲਛਮਣ ਦਾਸ ਜਖੇ-ਪਲੀਆ, ਸੁੱਖੀ ਫਾਂਟਵਾਂ, ਛੀਨਾ ਬੇਗਮ ਸੋਹਣੀ, ਤ੍ਰਿਪਤਾ ਬਰਮੌਤਾ, ਮੀਨੂੰ ਸੁਖਮਨ, ਭਿੰਦਰ ਭਾਗੋ ਮਾਜਰੀਆ, ਜਗਜੀਤ ਮੁਕਤਸਰੀ, ਜਸਪ੍ਰੀਤ ਕੌਰ ਮੁਕਤਸਰੀ, ਅਮਨਦੀਪ ਕੌਰ ਜਲੰਧਰੀ, ਅਸ਼ੋਕ ਟਾਂਡੀ, ਬਲਵਿੰਦਰ ਕੌਰ ਲਗਾਣਾ, ਸਿਮਰਨਜੀਤ ਜੁਤਲਾ ਤੇ ਗੁਰੀ ਹੰਟ ਆਦਿ ਪੰਜਾਬ ਦੇ ਅੱਡ-ਅੱਡ ਥਾਵਾਂ ਤੋਂ ਕਲਮਾਂ ਤੇ ਅਵਾਜ਼ਾਂ ਸ਼ਾਮਲ ਹੋਈਆਂ : ਜਦਕਿ ਰਵੀ ਮਾਨ, ਨਸੀਬ ਸਿੰਘ ਨਸੀਬ, ਜਸਵੰਤ ਵਾਗਲਾ ਤੇ ਸੁਰਿੰਦਰ ਜੱਕੋਪ-ਰੀ ਆਦਿ ਸਾਹਿਤਕਾਰ ਸਾਥੀਆਂ ਨੇ ਵਿਦੇਸ਼ਾਂ ਤੋਂ ਭਾਗ ਲਿਆ। ਸਭਨਾਂ ਵਲੋਂ ਦੁਖੀ-ਪਰਿਵਾਰ ਲਈ ਸ਼ੋਕ-ਸੁਨੇਹੇ ਭੇਜੇ ਗਏ। ਗੋਰਖੀ ਜੀ ਦੇ ਤੁਰ ਜਾਣ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰ ਨੂੰ ਨਾ ਪੂਰੇ ਜਾਣ ਵਾਲਾ ਘਾਟਾ ਪੈ ਗਿਆ ਹੈ, ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਨੂੰ ਵੀ ਇਕ ਰਹਿਨੁਮਾ ਦੇ ਤੁਰ ਜਾਣ ਨਾਲ ਬਹੁਤ ਧੱਕਾ ਲੱਗਾ ਹੈ।

**ਪ੍ਰੀਤਮ ਲੁਧਿਆਣਵੀ 9876428641**

# ਗਿਆਨ - ਰਿਸ਼ਮਾਂ

1. ਕੈਲਗਰੀ ਕਿਸ ਦੇਸ਼ ਦਾ ਹਰਮਨ ਪਿਆਰਾ ਸ਼ਹਿਰ ਹੈ?
ੳ. ਆਸਟ੍ਰੇਲੀਆ
ਅ. ਅਮਰੀਕਾ
ੲ. ਯੂਨਾਇਟਡ ਕਿੰਗਡਮ
ਸ. ਕੈਨੇਡਾ
2. ਇੱਕ ਅਨੁਮਾਨ ਅਨੁਸਾਰ ਧਰਤੀ ਦਾ ਭਾਰ ਹਰ ਸਾਲ ਕਿੰਨੇ ਕਿੱਲੋਗ੍ਰਾਮ ਵੱਧ ਰਿਹਾ ਹੈ?
ੳ. 150 ਕਿ.ਗ੍ਰਾ.
ਅ. 250 ਕਿ.ਗ੍ਰਾ.
ੲ. 350 ਕਿ.ਗ੍ਰਾ.
ਸ. 355 ਕਿ.ਗ੍ਰਾ.
3. ਹੇਠ ਲਿਖੀਆਂ ਵਿੱਚੋਂ ਕਿਹੜਾ ਸ਼ਹਿਰ ਝੀਲਾਂ ਦਾ ਸ਼ਹਿਰ ਹੈ ?
ੳ. ਲੰਦਨ
ਅ. ਨਿਊਯਾਰਕ
ੲ. ਕੈਲਗਰੀ
ਸ. ਮੈਕਸੀਕੋ
4. ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਪਿੰਡ 'ਬਾਦਲ' ਪੰਜਾਬ ਦੇ ਕਿਹੜੇ ਜ਼ਿਲ੍ਹੇ ਵਿੱਚ ਸਥਿਤ ਹੈ?
ੳ. ਮੁਕਤਸਰ
ਅ. ਸੰਗਰੂਰ
ੲ. ਬਠਿੰਡਾ
ਸ. ਫਰੀਦਕੋਟ
5. ਛੱਤਬੀੜ ਚਿੜੀਆਘਰ ਦਾ ਅਸਲ ਨਾਂ ਕੀ ਹੈ ?
ੳ. ਮਹਿੰਦਰ ਸਿੰਘ ਜੁਆਲੋਜੀਕਲ ਪਾਰਕ
ਅ. ਸਤਿੰਦਰ ਸਿੰਘ ਜੁਆਲੋਜੀਕਲ ਪਾਰਕ
ੲ. ਮਹਿੰਦਰ ਚੌਧਰੀ ਜੁਆਲੋਜੀਕਲ ਪਾਰਕ
ਸ. ਸਤਿੰਦਰ ਚੌਧਰੀ ਜੁਆਲੋਜੀਕਲ ਪਾਰਕ
6. ਪਲੂਟੋ ਜਾਂ ਯਮ ਦਾ ' ਗ੍ਰਹਿ ਦਾ ਦਰਜਾ ' ਕਦੋਂ ਖੋਹ ਲਿਆ ਗਿਆ?
ੳ. 24 ਅਗਸਤ , 2006
ਅ. 24 ਅਗਸਤ , 2008
ੲ. 24 ਅਗਸਤ , 2010
ਸ. 25 ਅਗਸਤ , 2010
7. ਦੇਸ਼ ਅਤੇ ਰਾਜਧਾਨੀ ਅਨੁਸਾਰ ਇਨ੍ਹਾਂ ਵਿੱਚੋਂ ਕਿਹੜਾ ਗ਼ਲਤ ਹੈ ?
ੳ. ਅਮਰੀਕਾ - ਵਾਸ਼ਿੰਗਟਨ ਡੀ. ਸੀ.
ਅ. ਭਾਰਤ - ਦਿੱਲੀ
ੲ. ਪਾਕਿਸਤਾਨ - ਲਾਹੌਰ
ਸ. ਨੇਪਾਲ - ਕਾਠਮਾਂਡੂ
8. ਭਾਰਤ ਦਾ ਸਭ ਤੋਂ ਪਹਿਲਾ ਟੀ.ਵੀ. ਸਟੇਸ਼ਨ ਕਿੱਥੇ ਸਥ-ਾਪਿਤ ਕੀਤਾ ਗਿਆ?
ੳ. ਨਾਗਪੁਰ
ਅ. ਦਿੱਲੀ
ੲ. ਜਲੰਧਰ
ਸ. ਮੁੰਬਈ
9. ਆਰ. ਬੀ. ਆਈ. (ਰਿਜ਼ਰਵ ਬੈਂਕ ਆੱਫ ਇੰਡੀਆ) ਦੀ ਸਥਾਪਨਾ ਕਦੋਂ ਕੀਤੀ ਗਈ?
ੳ. 1935
ਅ. 1936
ੲ. 1946
ਸ. 1948
10. ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਸ ਭਾਸ਼ਾ ਵਿੱਚ ਲਿਖਿਆ ਸੀ?
ੳ. ਉਰਦੂ
ਅ. ਫਾਰਸੀ
ੲ. ਅਰਬੀ
ਸ. ਪੰਜਾਬੀ
11. ਵਿਧਾਨ - ਪ੍ਰੀਸ਼ਦ ਲਈ ਪੰਜਾਬ ਵਿੱਚ ਕਿੰਨੀਆਂ ਸੀਟਾਂ ਹਨ?
ੳ. 117
ਅ. 113
ੲ. 13
ਸ. ਕੋਈ ਨਹੀਂ
12. ਕੇਂਦਰ ਸ਼ਾਸਿਤ ਪ੍ਰਦੇਸ਼ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੀ ਰਾਜਧਾਨੀ ਕਿਹੜੀ ਹੈ?
ੳ. ਕਾਵਾਰਤੀ
ਅ. ਦਮਨ
ੲ. ਸਿਲਵਾਸਾ
ਸ. ਪੋਰਟ ਬਲੇਅਰ
13. ਗੇਟਵੇ ਆੱਫ ਇੰਡੀਆ ਕਿੱਥੇ ਹੈ?
ੳ. ਦਿੱਲੀ
ਅ. ਲਖਨਊ
ੲ.&; ਠਾਣੇ
ਸ.&; ਮੁੰਬਈ
14. ਪੰਜਾਬ ਦਾ 22 ਵਾਂ ਜਿਲ੍ਹਾ ਕਿਹੜਾ ਹੈ?
ੳ. ਫਰੀਦਕੋਟ
ਅ. ਪਠਾਨਕੋਟ
ੲ. ਫਿਰੋਜ਼ਪੁਰ
ਸ. ਸ਼ਹੀਦ ਭਗਤ ਸਿੰਘ ਨਗਰ
15. ਪੰਜਾਬ ਵਿਧਾਨ ਸਭਾ ਦਾ ਸਪੀਕਰ ਕੌਣ ਹੈ?
ੳ. ਰਾਣਾ ਕੰਵਰ ਪਾਲ ਸਿੰਘ ਜੀ
ਅ. ਚਰਨਜੀਤ ਸਿੰਘ ਅਟਵਾਲ ਜੀ
ੲ. ਨਵਜੋਤ ਸਿੰਘ ਸਿੱਧੂ ਜੀ
ਸ. ਵੀ. ਪੀ. ਸਿੰਘ ਬਦਨੌਰ ਜੀ
16. ਪੰਜਾਬ ਵਿੱਚ ਸ਼ੀਸ਼ਾ ਬਣਾਉਣ ਦੇ ਕਾਰਖਾਨੇ ਕਿੱਥੇ ਹਨ?
ੳ. ਜਲੰਧਰ
ਅ. ਅੰਮ੍ਰਿਤਸਰ
ੲ. ਮੁਹਾਲੀ
ਸ. ਲੁਧਿਆਣਾ
17. ਪਾਵਨ ਪਵਿੱਤਰ ਧਾਰਮਿਕ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਪੰਜਾਬ ਦੇ ਕਿਸ ਸ਼ਹਿਰ ਵਿੱਚ ਸਥਿਤ ਹੈ?
ੳ. ਸ੍ਰੀ ਮੁਕਤਸਰ ਸਾਹਿਬ
ਅ. ਸ੍ਰੀ ਕੀਰਤਪੁਰ ਸਾਹਿਬ
ੲ. ਸ੍ਰੀ ਅਨੰਦਪੁਰ ਸਾਹਿਬ
ਸ. ਸ੍ਰੀ ਚਮਕੌਰ ਸਾਹਿਬ
18. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿਸ ਅਸਥਾਨ 'ਤੇ ਹੋਇਆ?
ੳ. ਸ੍ਰੀ ਪਟਨਾ ਸਾਹਿਬ
ਅ. ਸ੍ਰੀ ਹਜ਼ੂਰ ਸਾਹਿਬ
ੲ. ਸ੍ਰੀ ਨੰਦੇੜ ਸਾਹਿਬ
ਸ. ਅਸਾਮ
19. ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ ਦਾ ਨਾਂ ਕੀ ਸੀ ?
ੳ. ਚੇਤ ਸਿੰਘ
ਅ. ਚੜ੍ਹਤ ਸਿੰਘ
ੲ. ਸਹਿਜ ਸਿੰਘ
ਸ. ਮਹਾਂ ਸਿੰਘ
20. ਹੇਠ ਲਿਖਿਆਂ ਵਿੱਚੋਂ ਕਿਹੜੀ ਪੰਜਾਬੀ ਅਖ਼ਬਾਰ ਨਹੀਂ ਹੈ ?
ੳ.ਨਵਾਂ ਜ਼ਮਾਨਾ
ਅ. ਰੋਜ਼ਾਨਾ ਸਪੋਕਸਮੈਨ
ੲ. ਨਿੱਕੀਆਂ ਕਰੂੰਬਲਾਂ
ਸ. ਦੇਸ਼ ਸੇਵਕ
21. ਹੈਦਰ ਸ਼ੇਖ ਦਾ ਮੇਲਾ ਪੰਜਾਬ ਦੇ ਕਿਸ ਸਥਾਨ 'ਤੇ ਮਨ-ਾਇਆ ਜਾਂਦਾ ਹੈ?
ੳ. ਮੁਕਤਸਰ
ਅ. ਮਲੇਰਕੋਟਲਾ
ੲ. ਮੋਗਾ
ਸ. ਮੁਕੇਰੀਆਂ
22. ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਪੰਜਾਬ ਦੇ ਕਿਸ ਜ਼ਿਲ੍ਹੇ ਵਿੱਚ ਹੈ ?
ੳ. ਸੰਗਰੂਰ
ਅ.&; ਫਤਹਿਗੜ੍ਹ ਸਾਹਿਬ
ੲ. ਬਠਿੰਡਾ
ਸ. ਸ਼੍ਰੀ ਮੁਕਤਸਰ ਸਾਹਿਬ
23. ਚੰਡੀਗੜ੍ਹ ਸਥਿਤ ' ਨੇਕ ਗਾਰਡਨ ' ਦਾ ਨਿਰਮਾਣ ਕਿਸ ਨੇ ਕੀਤਾ ?
ੳ. ਸ਼੍ਰੀ ਨੇਕ ਚੰਦ
ਅ. ਭਾਈ ਵੀਰ ਸਿੰਘ
ੲ. ਸ. ਸੋਭਾ ਸਿੰਘ
ਸ. ਕੋਈ ਨਹੀਂ
24. ਏਜੰਤਾ - ਅਲੋਰਾ ਦੀਆਂ ਗੁਫ਼ਾਵਾਂ ਭਾਰਤ ਦੇ ਮਹਾਰ-ਾਸ਼ਟਰ ਰਾਜ ਦੇ ਕਿਸ ਜ਼ਿਲ੍ਹੇ ਵਿੱਚ ਹਨ ?
ੳ. ਮੁੰਬਈ
ਅ.&; ਠਾਣੇ
ੲ. ਨਾਗਪੁਰ
ਸ. ਔਰੰਗਾਬਾਦ
25. ਰਿਜ਼ਰਵ ਬੈਂਕ ਆਫ ਇੰਡੀਆ ਨੇ ਸੌ ਰੁਪਏ ਦੇ ਨਵੇਂ ਨੋਟ 'ਤੇ ਭਾਰਤ ਦੇ ਕਿਸ ਪ੍ਰਸਿੱਧ ਸਥਾਨ ਦੀ ਤਸਵੀਰ ਅੰਕਿਤ ਕੀਤੀ ਹੈ ?
ੳ. ਡ੍ਰੈਗਨ ਪੈਲੇਸ
ਅ. ਸਾਂਚੀ ਸਤੂਪ
ੲ. ਲੋਟਸ ਟੈਂਪਲ
ਸ. ਰਾਣੀ ਦੀ ਬਾਵੜੀ

ਉੱਤਰ :-
1. ( ਸ ), 2. ( ਅ ), 3. ( ੲ ), 4. ( ੳ ), 5. ( ੲ ), 6. ( ੳ ), 7. ( ੲ ), 8. ( ਅ) 9. ( ੳ ) 10. (ਅ) 11. (ਸ) 12. (ਸ) 13. (ਸ) 14. (ਅ) 15. (ੳ) 16. (ੳ) 17. (ੲ) 18. ( ੳ ) 19. ( ਸ ) 20. (ੲ) 21. (ਅ) 22. (ਅ) 23. (ੳ) 24. (ਸ) 25. (ਸ)



**ਲੇਖਕ**
**ਮਾਸਟਰ**
**ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**94785-61356**

# ਸਵਰਗਵਾਸੀ ਕਰਮਯੋਗੀ ਜੀਵਨ ਸਿੰਘ ਨੂੰ ਸੀਫ ਵੱਲੋਂ ਇਕ ਸ਼ਰਧਾਂਜਲੀ










ਸਵਰਗਵਾਸੀ ਜੀਵਨ ਸਿੰਘ ਜੀ ਅਨੁਸੂਚਿਤ ਜਾਤੀ ਸਮਾਜ ਦੇ ਲਈ ਇਕ ਹੀਰਾ ਸਨ, ਹਰ ਕੰਮ ਦੇ ਲਈ ਅੱਗੇ ਵੱਧ ਕੇ ਉਤਸ਼ਾਹ ਪੂਰਵਕ ਕਰਨਾ ਉਹਨਾਂ ਦੀ ਆਦਤ ਸੀ ਅਤੇ ਉਸ ਨੂੰ ਅੰਜ਼ਾਮ ਤੱਕ ਪਹੁੰਚਾਉਣਾ ਉਹਨਾਂ ਦਾ ਮਕਸਦ ਸੀ। ਉਹਨਾਂ 'ਤੇ ਮਹਾਨ ਸੰਤਾਂ ਦਾ ਆਸ਼ੀਰਵਾਦ ਅਤੇ ਸੰਗਠਨ ਦੇ ਅਹਿਮ ਅਧਿਕਾਰੀਆਂ ਦਾ ਸਾਥ ਸੀ, ਜਿਸ ਵਿਚ ਸੰਤ ਪਰਸ਼ੋਤਮ ਲਾਲ ਜੀ, ਸੰਤ ਸਤਵਿੰਦਰ ਹੀਰਾ ਜੀ, ਸੰਤ ਸਰਵਨ ਦਾਸ ਜੀ, ਸੰਤ ਨਿਰਮਲ ਦਾਸ ਜੀ ਅਤੇ ਸੰਤ ਨਿਰਮਲ ਸਿੰਘ ਜੀ ਉਸੇ ਸੰਗਠਨ ਦੇ ਜ਼ਰੀਏ ਸ੍ਰੀ ਸ੍ਰੀ ਭਗਈਆ, ਸ੍ਰੀ ਸ੍ਰੀ ਪ੍ਰਮੋਦ ਜੀ, ਸ੍ਰੀ ਬਨਵੀਰ ਜੀ, ਡਾ. ਵੀਰੇਂਦਰ ਗਰਮ ਜੀ ਅਤੇ ਸ੍ਰੀ ਵਿਜੇ ਨੱਡਾ ਜੀ। ਕਿਉਂਕਿ ਵਿਦਿਆ ਭਾਰਤੀ ਵਿਚ ਬਹੁਤ ਸਾਰੀਆਂ ਗਤੀਵਿਧੀਆਂ ਵਿਚ ਸੰਗਠਨ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਐਨ. ਆਰ. ਆਈ. ਸੰਮੇਲਨ ਅਤੇ ਨਾਲ ਹੀ ਅਨੁਸੂਚਿਤ ਜਾਤੀ ਵਿਦਿਆਰਥੀਆਂ ਤੋਂ ਜਾਂ ਲੋਕਾਂ ਤੋਂ ਜੋ ਦਸਤਖਤ ਮੁਹਿੰਮ ਚਲਾਈ ਸੀ, ਜੋ ਕਿ ਐਸ. ਸੀ./ ਐਸ. ਟੀ. ਪਲਾਨ ਸਬ-ਪਲਾਨ ਦੇ ਤਹਿਤ 11 ਲੱਖ ਦੇ ਕਰੀਬ ਦਸਤਖਤ ਕੀਤੇ ਸਨ। ਜੀਵਨ ਸਿੰਘ ਜੀ ਨੇ ਉਸ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਸਾਰੀ ਟੀਮ ਨੇ ਪੂਰੇ ਪ੍ਰਦੇਸ਼ ਵਿਚ ਚੰਗੇ ਤਰੀਕੇ ਨਾਲ ਕੰਮ ਕੀਤਾ। ਸਾਨੂੰ ਯਾਦ ਹੈ ਜਦੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ 'ਤੇ ਸਰਕਾਰ ਨੇ ਤਬਦੀਲੀ ਕੀਤੀ ਤਾਂ ਉਸ ਵਿਸ਼ੇ ਵਿਚ ਜੀਵਨ ਸਿੰਘ ਜੀ, ਰਾਜੇਸ਼ ਬਾਘਾ, ਭੁਪਿੰਦਰ ਕੁਮਾਰ, ਅਵਿਨਾਯ ਅਤੇ ਬਹੁਤ ਸਾਰੇ ਸਾਥੀ ਮਨਜੀਤ ਕੇਂਦਰ ਸਰਕਾਰ ਨਾਲ ਗੱਲ ਕਰਨ ਲਈ ਗਏ ਅਤੇ ਜਦੋਂ ਗੱਲ ਨਾ ਬਣੀ ਤਾਂ ਸ੍ਰੀ ਭਗਈਆ ਜੀ ਦੇ ਨਾਲ ਮੀਟਿੰਗ ਕੀਤੀ ਅਤੇ ਉਹਨਾਂ ਨੇ ਇਸ ਕੰਮ ਨੂੰ ਬਾਖੂਬੀ ਅੰਜ਼ਾਮ ਦਿੱਤਾ ਅਤੇ ਪੂਰੇ ਦੇਸ਼ ਦੇ ਐਸ. ਸੀ./ ਐਸ. ਟੀ. ਵਿਦਿਆਰਥੀਆਂ ਨੂੰ ਰਾਹਤ ਦਿੱਤੀ।



ਬੜੇ ਦੁੱਖ ਦੀ ਗੱਲ ਹੈ ਕਿ ਜੀਵਨ ਸਿੰਘ ਜੀ ਸਮਾਜ ਨੂੰ ਅਲਵਿਦਾ ਕਹਿ ਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ ਅਤੇ ਅੱਜ ਅਸੀਂ ਉਹਨਾਂ ਦੇ ਕੀਤੇ ਹੋਏ ਕੰਮਾਂ ਨੂੰ ਯਾਦ ਕਰਦੇ ਹੋਏ ਬਹੁਤ ਹੀ ਦੁਖੀ ਹਿਰਦੇ ਨਾਲ ਉਹਨਾਂ ਦੇ ਇਸ ਜੀਵਨ ਦੀ ਗਾਥਾ ਨੂੰ ਬਿਆਨਕਰ ਰਹੇ ਹਨ ਕਿ ਕਿਵੇਂ ਜੀਵਨ ਸਿੰਘ ਜੀ ਨੇ ਆਪਣਾ ਜੀਵਨ ਇਕ ਸਰਕਾਰੀ ਅਫਸਰ ਹੁੰਦੇ ਹੋਏ ਸਮਾਜ ਦੇ ਲਈ ਸਮਰਪਿਤ ਕੀਤਾ। ਜੀਵਨ ਸਿੰਘ ਜੀ ਐਲ. ਆਈ. ਸੀ. ਵਿਚ ਐਡਮਿਨ ਅਫਸਰ ਦੇ ਅਹੁਦੇ ਤੇ ਕੰਮ ਕਰਦੇ ਸਨ ਅਤੇ ਉਥੋਂ ਉਹ ਸਮਾਜਿਕ ਗਤੀਵਿਧੀਆਂ ਦੇ ਨਾਲ ਵੀ ਜੁੜੇ ਹੋਏ ਸਨ, ਸ੍ਰੀਮਾਨ ਰਾਜੇਸ਼ ਬਾਘਾ ਜੀ ਸਾਬਕਾ ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ ਉਹਨਾਂ ਦੇ ਨਾਲ ਸ੍ਰੀ ਰਮੇਸ਼ ਚੰਦਰ ਜੀ ਰਿਟਾਇਰਡ ਆਈ. ਐਫ. ਐਸ. ਸੰਤੋਸ਼ ਸਿੰਘ ਗੁੰਮਟਾਲਾ, ਅਵਿਨਾਸ਼ ਚੰਦਰ ਜੀ ਸਾਬਕਾ ਵਿਧਾਇਕ, ਲੇਖਕ ਦੇਸ਼ਰਾਜ ਕਾਲੀ, ਇੰਦਰ ਇਕਬਾਲ ਸਿੰਘ ਅਟਵਾਲਾ, ਐਸ. ਈ. ਈ. ਐਫ. ਦੇ ਪ੍ਰਧਾਨ ਸ਼ੰਮੀ ਕਪੂਰ, ਉਪ ਪ੍ਰਧਾਨ ਗੁਰਦੇਵ ਮਹੇ, ਮਾਲਵਾ ਤੋਂ ਕਿਰਨਜੀਤ ਗਹਿਰੀ, ਅਸ਼ੋਕ ਮਹਿੰਦਰਾ, ਬੱਗਾ ਸਿੰਘ, ਜਸਵੀਰ ਮਹਿਤਾ, ਸੁਨੀਲ ਦੱਤ, ਰਾਮਨਿਰੰਤਲ ਕੈਂਥ, ਮਨਜੀਤ ਬਾਲੀ ਜੀ ਡਾ. ਅੰਬੇਦਕਰ ਫਾਊਂਡੇਸ਼ਨ ਤੋਂ ਰਾਕੇਸ਼ ਸ਼ਾਂਤੀਦੂਤ ਜੀ, ਪ੍ਰੇਮਪਾਲ ਦੋਮੇਲੀ, ਈਸ਼ਵਰ ਜੌਹਲ, ਭੁਪਿੰਦਰ ਕੁਮਾਰ, ਰਾਮਮੂਰਤੀ, ਰਾਂਝਾ ਬਖਸ਼ੀ, ਐਡਵੋਕੇਟ ਮੋਹਿਤ ਭਾਰਤਵਾਜ, ਐਡਵੋਕੇਟ ਨਰੇਸ਼ ਗੇਲ, ਐਡਵੋਕੇਟ ਡੀ. ਐਮ. ਬੱਗੀ, ਅਮਿਤ ਸੁਮਨ, ਪ੍ਰੋਫੈਸਰ ਅਕਸ਼ੈ ਜਲਨ, ਪ੍ਰਿੰਸੀਪਲ ਗੁਰਵਿੰਦਰ, ਐਲ. ਆਈ. ਸੀ. ਤੋਂ ਸੁਰਿੰਦਰ ਲਾਡੀ ਅਤੇ ਉਹਨਾਂ ਦੀ ਟੀਮ, ਬਾਬੀ ਭਗਤ ਹਰਪ੍ਰੀਤ ਸਿੰਘ, ਮਨਜੀਤ ਬੁੱਟਰ, ਰਾਜਕੁਮਾਰ ਜੋਗੀ, ਰਾਜਕੁਮਾਰ ਹੈਪੀ, ਵਿਜੇ ਸਹਿਗਲ, ਆਲੋਕ ਰਾਜਪੂਤ, ਵਿਜੇ ਕਸ਼ਿਅਪ ਅਤੇ ਬਹੁਤ ਸਾਰੇ ਸਾਥੀ, ਜੋ ਨਾਲ ਮਿਲ ਕੇ ਮਿਲ ਕੇ ਕਿਸੇ ਵੀ ਅਨੁਸੂਚਿਤ ਜਾਤੀ ਦੇ ਮੁੱਦੇ 'ਤੇ ਕੰਮ ਕਰਦੇ ਸਨ, ਚਾਹੇ ਉਹ ਪੋਸਟ ਮੈਟ੍ਰਿਕ ਸਕਾਲਰਸ਼ਿਪ ਹੋਵੇ ਜਾਂ ਸ਼ਡਿਊਲਡ ਕਾਸਟ ਬਿਜਨਸ ਦੇ ਸੰਦਰਭ ਵਿਚ ਹੋਵੇ, ਚਾਹੇ ਉਹ ਬਾਬਾ ਸਾਹਿਬ ਦੇ ਕੀਤੇ ਹੋਏ ਕੰਮ ਲੋਕਾਂ ਤੱਕ ਪਹੁੰਚਾਉਣੇ ਹੋਣ ਜਾਂ ਸਰਕਾਰ ਦੇ ਪ੍ਰਤੀ ਕੋਈ ਵੀ ਰਾਜਨੀਤਿਕ ਜਾਂ ਸਮਾਜਿਕ ਘਟਨਾ ਹੋਵੇ, ਸਾਰਿਆਂ ਵਿਚ ਅੱਗੇ ਵਧ ਕੇ ਕੰਮ ਕਰਦੇ ਸਨ। 2016 ਵਿਚ ਡਾ. ਅੰਬੇਦਕਰ ਦੇ ਜੀਵਨ ਪੱਧਰ ਤੇ ਅਤੇ ਉਹਨਾਂ ਦੁਆਰਾ ਕੀਤੇ ਗਏ ਕੰਮਾਂ ਤੇ ਰਾਜੇਸ਼ ਬਾਘਾ ਅਤੇ ਅਟਵਾਲ ਸਾਹਿਬ ਅਤੇ ਦੇਸ਼ਰਾਜ ਕਾਲੀ ਸਾਰੇ ਸਾਥੀਆਂ ਨੇ ਮਿਲ ਕੇ ਪੰਜਾਬ ਸਰਕਾਰ ਨਾ ਬਾਬਾ ਸਾਹਿਬ ਦੇ ਛੇ ਸੈਮੀਨਾਰ ਯੂਨੀਵਰਸਿਟੀਆਂ ਵਿਚ ਕੀਤੇ। ਲੋਕਾਂ ਨੂੰ ਬਿਜਨਸ ਦੇ ਨਾਲ ਕਿਵੇਂ ਜੋੜਿਆ ਜਾਵੇ ਅਤੇ ਇਸ ਸੰਦਰਭ ਵਿਚ ਐਮ. ਐਸ. ਐਮ. ਈ. ਅਤੇ ਐਨ. ਐਸ. ਈ. ਦੇ ਨਾਲ ਮਿਲ ਕੇ ਸੈਮੀਨਾਰ ਕੀਤੇ। ਇਹਨਾਂ ਸਭ ਦੇ ਪਿੱਛੇ ਇਕ ਹੀ ਮਕਸਦ ਸੀ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਚੰਗੀ ਸਿੱਖਿਆ ਦੇ ਜ਼ਰੀਏ ਨਾਲ ਜੋੜਿਆ ਜਾਵੇ, ਉਹਨਾਂ ਦੇ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਉਸਨੂੰ ਲਾਗੂ ਕਰਵਾਇਆ ਅਤੇ ਅਜਿਹੇ ਹੀ ਬਹੁਤ ਸਾਰੇ ਕੰਮ ਕੀਤੇ।

ਅੱਜ ਬੜੇ ਦੁੱਖ ਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਜੀਵਨ ਸਿੰਘ ਜੀ ਜੋ ਇੰਨੇ ਸਮਾਜ ਦੇ ਲਈ ਕੰਮ ਕਰਦੇ ਸਨ, ਸਾਡੇ ਵਿਚ ਨਹੀਂ ਰਹੇ। ਪ੍ਰਮਾਤਮਾ ਨੂੰ ਅਰਦਾਸ ਹੈ ਕਿ ਉਹ ਉਹਨਾਂ ਨੂੰ ਚਰਨਾਂ ਵਿਚ ਨਿਵਾਸ ਬਖਸ਼ਣ।

**– ਪਵਨ ਕੁਮਾਰ, ਵਿਦਿਆਰਥੀ ਨੇਤਾ**




ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਜਲੰਧਰ ਸ਼ਹਿਰ ਵੱਲੋਂ ਡਾ. ਭੀਮਰਾਓ ਅੰਬੇਦਕਰ ਜੀ ਦੀ 130ਵੀਂ ਜੈਅੰਤੀ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਮਨਾਈ ਗਈ, ਜਿਸ ਵਿਚ ਮੁੱਖ ਤੌਰ ਤੇ ਸ੍ਰੀ ਰਾਜੇਸ਼ ਬਾਘਾ ਵਾਈਸ ਪ੍ਰਧਾਨ ਪੰਜਾਬ, ਸ੍ਰੀ ਰਾਕੇਸ਼ ਸ਼ਾਂਤੀ ਦੂਤ ਐਡੀਟਰ ਇਨ ਚੀਫ ਮੈਟਰੋ ਐਨਕਾਊਂਟਰ ਅਤੇ ਭਾਜਪਾ ਲੀਡਰ ਸ੍ਰੀ ਨਵਜੋਤ ਸਿੰਘ ਪ੍ਰਧਾਨ ਬੁੱਧੀਜੀਵੀ ਸੈਲ ਜ਼ਿਲ੍ਹਾ ਜਲੰਧਰ, ਅਨੁਸੂਚਿਤ ਜਾਤੀ ਮੋਰਚਾ ਜ਼ਿਲ੍ਹਾ ਜਲੰਧਰ ਦੇ ਮਹਾਂਮੰਤਰੀ ਸੁਨੀਲ ਮੰਟੂ ਅਤੇ ਸਨੀ ਭਗਤ ਸਮੇਤ ਕਈ ਅਹਿਮ ਸ਼ਖਸੀਅਤਾਂ ਹਾਜ਼ਰ ਹੋਈਆਂ।




ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਸਲੇਮਪੁਰ ਮੁਸਲਮਾਨਾ ਵੱਲੋਂ ਬਾਬਾ ਸਾਹਿਬ ਡਾ. ਅੰਬੇਦਕਰ ਦੀ ਜੈਅੰਤੀ ਮਨਾਈ ਗਈ। ਪਿੰਡ ਦੇ ਨੌਜਵਾਨ ਸਾਥੀਆਂ ਦੁਆਰਾ ਬਾਬਾ ਸਾਹਿਬ ਦੀ ਜੈਅੰਤੀ ਤੇ ਫੁੱਲਮਾਲਾ ਭੇਂਟ ਕੀਤੀ ਅਤੇ ਬਾਬਾ ਸਾਹਿਬ ਦੇ ਅਸੂਲਾਂ ਤੇ ਚੱਲਣ ਦੀ ਪ੍ਰੇਰਨਾ ਲਈ। ਕਮੇਟੀ ਦੀ ਪ੍ਰਧਾਨਗੀ ਕਰਦਿਆਂ ਭੁਪਿੰਦਰ ਕੁਮਾਰ ਨੇ ਬਾਬਾ ਸਾਹਿਬ ਦੇ ਵਿਸ਼ੇ ਤੇ ਸੰਬੋਧਿਤ ਕੀਤਾ। ਇਸ ਮੌਕੇ ਤੇ ਪ੍ਰਧਾਨ ਭੁਪਿੰਦਰ ਕੁਮਾਰ, ਵਰਿੰਦਰ ਕੁਮਾਰ, ਦਲਜੀਤ ਬੋਧ ਅਮਿਤ ਕੁਮਾਰ, ਸੰਦੀਪ ਵਿਰਦੀ, ਨਰੇਸ਼ ਵਿਰਦੀ, ਗੁਰਪ੍ਰੀਤ ਕੌਰ ਕੁਮਾਰ, ਵਿਨੇਸ਼ ਪਾਲ, ਤੇਜਿੰਦਰ ਕੁਮਾਰ, ਰਾਕੇਸ਼ ਕੁਮਾਰ ਲਾਂਬਾ ਆਦਿ ਹਾਜ਼ਰ ਸਨ।

# ਸਿੱਖ ਧਰਮ, ਪੰਜਾਬੀ ਬੋਲੀ ਸਭ ਸਿਆਸਤ ਦੀ ਭੇਟ ਚੜ੍ਹੇ!



ਜੰਗ ਸਿੰਘ
91-94170-95965

ਸਿੱਖ ਧਰਮ ਸੰਸਾਰ ਦਾ ਨਵੀਨ, ਨਿਵੇਕਲਾ ਤੇ ਵਿਗਿਆਨਿਕ ਧਰਮ ਹੈ। ਇਸ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਧਰਮ ਦਾ ਹੋਰ ਧਰਮਾਂ ਤੋਂ ਵੱਖਰਾ ਕਿਰਤ ਕਰੋ, ਵੰਡ ਛੱਕੋ ਅਤੇ ਨਾਮ ਜਪੋ ਦਾ ਸਿਧਾਂਤ ਦੇ ਕੇ ਬ੍ਰਾਹਮਣੀ ਅੰਧ ਵਿਸ਼ਵਾਸ਼ੀ, ਜਾਦੂ , ਟੂਣਿਆਂ ਨਾਲ ਜੱਕੜੇ ਗੱਲੇ ਸੜ੍ਹੇ ਸਮਾਜੀ ਤੇ ਪੁਰਾਤਨ ਧਾਰਮਿਕ ਵਿਚਾਰਧਾਰਾ ਵਿੱਚ ਇਕ ਨਵੀ ਚੰਗਿਆੜੀ ਲਗਾ ਦਿੱਤੀ ।ਗੁਰੂ ਸਾਹਿਬ ਨੇ ਜਿਥੇ ਸਿੱਖ ਧਰਮ ਵਿੱਚ ਨਵੀਂ ਤਬਦੀਲੀ ਲਿਆਂਦੀ, ਉਥੇ ਸਮਾਜ ਵਿੱਚ ਫੈਲੇ ਵਹਿਮਾਂ, ਭਰਮਾਂ, ਅੰਧ ਵਿਸ਼ਵਾਸ਼ਾਂ ਦੇ ਵਿਰੁੱਧ ਅਵਾਜ ਬੁਲੰਦ ਕਰਨ ਦੇ ਨਾਲ ਇਸਤਰੀ ਜਾਤੀ ਦੇ ਹੱਕ ਵਿੱਚ ਜੋਰਦਾਰ ਅਵਾਜ ਬੁਲੰਦ ਕੀਤੀ ਅਤੇ ਸਿੱਖ ਧਰਮ ਵਿੱਚ ਉਨਾਂ ਨੂੰ ਮਨੁੱਖਾਂ ਦੇ ਬਰਾਬਰ ਦਾ ਅਧਿਕਾਰ ਦਿੱਤਾ। ਜਦੋਂ ਕਿ ਹਿੰਦੂ ਧਰਮ ਵਿੱਚ ਇਸਤਰੀ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ, ਪਰ ਗੁਰੂ ਸਾਹਿਬ ਨੇ ਕਿਹਾ ਕਿ ਇਸਤਰੀ ਗੁਰੂਆਂ, ਪੀਰਾਂ ਤੇ ਰਾਜਿਆਂ ਮਹਾਂਰਾਜਿਆਂ ਦੀ ਜਨਮਦਾਤੀ ਹੈ ਇਸ ਕਰਕੇ ਇਹ ਮਹਾਨ ਹੈ,ਉਸ ਨੂੰ ਨੀਵਾਂ ਨਹੀਂ ਕਹਿਣਾ ਚਾਹੀਦਾ। ਗੁਰੂ ਸਾਹਿਬ ਨੇ ਲੋਕਾਂ ਤੇ ਜੁਲਮ ਕਰਨ ਵਾਲੇ ਰਾਜੇ ਬਾਬਰ ਤਕ ਨੂੰ ਉਰਾਜੇ ਸ਼ੀਂਹ, ਮੁਕੱਦਮ ਕੁੱਤੇ'' ਤਕ ਕਹਿ ਕੇ ਉਨਾਂ ਵਲੋਂ ਲੋਕਾਂ ਤੇ ਢਾਹੇ ਜਾਂਦੇ ਜਬਰ ਦੀ ਸਖਤ ਨਿੰਦਾ ਕੀਤੀ।ਇਸ ਦੇ ਇਵਜ ਵਿੱਚ ਉਨਾਂ ਨੇ ਬਾਬਰ ਦੀ ਜੇਲ ਵਿੱਚ ਜਾ ਕੇ ਉਸ ਦੀਆਂ ਚੱਕੀਆ ਪੀਹਣ ਨੂੰ ਤਰਜੀਹ ਦਿੱਤੀ। ਉਨਾਂ ਨੇ ਬ੍ਰਾਹਮਣੀ ਵਿਚਾਰਾਂ ਦੇ ਲੋਕਾਂ ਵਲੋਂ ਸਮਾਜ ਵਿੱਚ ਪਾਏ ਊਚ ਨੀਚ, ਜਾਤ ਪਾਤ ਦੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਦੇ ਨਾਲ ਸਾਰਿਆਂ ਮਨੁੱਖਾਂ ਨੂੰ ਇਕ ਬਰਾਬਰ ਮੰਨਣ ਦੀ ਅੱਡਰੀ ਵਿਚਾਰਧਾਰਾ ਵੀ ਦਿੱਤੀ ਅਤੇ ਆਪਣੇ ਅਨੁਆਈਆਂ ਨੂੰ ਇਨਾਂ ਤੇ ਸਖਤੀ ਨਾਲ ਪਾਲਣਾ ਕਰਨ ਦਾ ਆਦੇਸ਼ ਵੀ ਦਿੱਤਾ।ਸਿੱਖ ਧਰਮ ਦੇ ਪਹਿਲੇ ਪੰਜ ਗੁਰੂ ਸਾਹਿਬਾਨ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸ਼ਾਂਤੀ ਦਾ ਸੁਨੇਹਾ ਦਿੱਤਾ ਇਸੇ ਕਰਕੇ ਉਨਾਂ ਵਲੋਂ ਦਿੱਤੀ ਸ਼ਹਾਦਤ ਕਰਕੇ ਗੁਰੂ ਅਰਜਨ ਦੇਵ ਜੀ ਨੂੰ "ਸ਼ਾਂਤੀ ਦੇ ਪੁੰਜ'' ਦੇ ਨਾਂ ਨਾਲ ਨਿਵਾਜਿਆ ਜਾਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਤੀ ਤੇ ਪਹਿਰਾ ਦੇਣ ਦੇ ਨਾਲ ਜਬਰ ਜੁਲਮ ਵਿਰੁੱਧ ਲੜ੍ਹਣ ਦਾ ਮੀਰੀ ਪੀਰੀ ਦੀ ਅੱਡਰੀ ਸੋਚ ਦੇ ਕੇ ਆਪਣੇ ਸ਼ਰਧਾਲੂਆਂ ਨੂੰ ਨਾਲ ਨਾਲ ਹਥਿਆਰਬੰਦ ਕਰਨਾ ਵੀ ਸ਼ੁਰੂ ਕੀਤਾ।ਗੁਰੂ ਸਾਹਿਬ ਨੂੰ ਕੁਝ ਰਾਜਿਆਂ ਵਿਰੁੱਧ ਕਈ ਲੜਾਈਆਂ ਵੀ ਲੜਣੀਆਂ ਪਈਆਂ।ਜਿਸ ਵਿੱਚ ਉਨਾਂ ਨੇ ਜਿੱਤਾਂ ਵੀ ਹਾਸਲ ਕੀਤੀਆਂ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਔਰੰਗਜੇਬ ਵਲੋਂ ਹਿੰਦੂ ਧਰਮ ਦੇ ਲੋਕਾਂ ਤੇ ਢਾਹੇ ਜਾ ਰਹੇ ਜਬਰ ਤੇ ਉਨਾਂ ਨੂੰ ਮੁਸਲਿਮ ਧਰਮ ਵਿੱਚ ਜਬਰੀ ਤਬਦੀਲ ਕੀਤੇ ਜਾਣ ਕਰਕੇ ਕਸ਼ਮੀਰੀ ਪੰਡਿਤਾਂ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਫਰਿਆਦ ਕਾਰਨ ਹਿੰਦੂ ਧਰਮ ਨੂੰ ਬਚਾਉਣ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਦੇਣੀ ਪਈ ।ਅੱਜ ਇਸੇ ਹਿੰਦੂ ਧਰਮ ਦਾ ਕੱਟੜ ਭਾਜਪਾ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਜਬਰੀ 'ਹਿੰਦੂ ਰਾਸ਼ਟਰ ਬਣਾਉਣ ਲਈ ਸਿੱਖਾਂ ਦੇ ਨੌਵੇਂ ਗੁਰੂ ਜਿਨਾਂ ਨੇ ਉਨਾਂ ਦੇ ਹਿੰਦੂ ਧਰਮ ਨੂੰ ਬਚਾਇਆ ਸੀ, ਉਸੇ ਸਿੱਖ ਧਰਮ ਨੂੰ ਖਤਮ ਕੀਤੇ ਜਾਣ ਦੀ ਠਾਣੀ ਬੈਠਾ ਹੈ। ਦਸਮ ਪਾਤਸ਼ਾਹ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਅਤੇ ਆਪਣੇ ਸਰਬੰਸ ਦੀ ਕੁਰਬਾਨੀ ਦੇ ਕੇ ਇਸ ਕੌਮ ਨੂੰ ਸਿੱਖਰਾਂ ਤੇ ਪਹੁੰਚਾ ਦਿੱਤਾ। ਜਿਸ ਨੇ ਬਾਅਦ ਵਿੱਚ ਅਜਿਹਾ ਸੰਘਰਸ਼ ਮਈ ਇਤਿਹਾਸ ਸਿਰਜਿਆ ਕਿ ਖਾਲਸੇ ਨੇ ਜਾਲਮ ਹਕੂਮਤਾਂ ਦਾ ਨਾਸ਼ ਹੀ ਨਹੀਂ ਕੀਤਾ ਬਲਕਿ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਅਜਿਹਾ ਰਾਜ ਵੀ ਸਥਾਪਤ ਕੀਤਾ। ਜਿਹੜਾ ਹੁਣ ਤਕ ਦੇ ਹੋਏ ਸਰਵੇ ਵਿੱਚ ਸਭ ਤੋਂ ਬੇਹਤਰੀਨ ਰਾਜ ਮੰਨਿਆ ਜਾਂਦਾ ਹੈ। ਇਸ ਧਰਮ ਦੀ ਜਦੋਂ ਕਦੇ ਕਿਸੇ ਨੇ ਵੀ ਬੇਕਦਰੀ ਕੀਤੀ ਤੇ ਜਬਰ ਜੁਲਮ ਢਾਹਿਆ। ਉਨਾਂ ਨੇ ਉਸ ਵਿਰੁੱਧ ਅਵਾਜ ਬੁਲੰਦ ਕਰਨ ਦੇ ਨਾਲ ਉਸ ਜਾਲਮ ਨੂੰ ਨੱਕ ਰਾਹੀਂ ਚੱਨੇ ਚੱਬਾਉਣ ਦੇ ਨਾਲ ਰੱਜਵਾਂ ਸਬਕ ਵੀ ਸਿਖਾਇਆ।ਜਿਸ ਨੂੰ ਮੱਸੇ ਰੰਘੜ੍ਹ ਦਾ ਸਿਰ ਵੱਢਣ ਦੀ ਘਟਨਾ, ਸ੍ਰੀ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ ਵਿਖੇ ਹੋਏ ਸਾਕਿਆਂ ਦੇ ਤੌਰਤੇ ਅੱਜ ਵੀ ਚੇਤੇ ਕੀਤਾ ਜਾਂਦਾ ਹੈ।ਇਸ ਕੌਮ ਵਲੋਂ ਕੀਤੇ ਗਏ ਸੰਘਰਸ਼ ਦੇ ਲੋਹੇ ਨੂੰ ਸ਼ਾਂਤਮਈ ਲਹਿਰ ਦੇ ਸਿਰਕੱਢ ਆਗੂ ਮਹਾਤਮਾ ਗਾਂਧੀ ਤਕ ਨੂੰ ਵੀ ਮੰਨਣਾ ਪਿਆ ਸੀ। ਜਦੋਂ ਸਿੱਖਾਂ ਨੇ "ਜੇਤੋ ਦੇ ਮੋਰਚੇ'' ਨੂੰ ਸਰ ਕੀਤਾ ਤਾਂ ਉਨਾਂ (ਮਹਾਤਮਾ ਗਾਂਧੀ) ਨੂੰ ਉਚੇਚੇ ਤੌਰ ਤੇ ਜੈਤੋ ਵਿਖੇ ਪੁੱਜ ਕੇ ਸਿੱਖ ਆਗੂਆਂ ਬਾਬਾ ਖੜਕ ਸਿੰਘ ਆਦਿ ਨੂੰ ਇਸ ਜਿੱਤ ਤੇ ਵਧਾਈ ਦੇਂਦਿਆਂ ਆਖਣਾ ਪਿਆ ਸੀ ਕਿ ਦੇਸ਼ ਦੀ ਅਜਾਦੀ ਦੀ ਅੱਧੀ ਲੜਾਈ ਸਰ ਕੀਤੀ ਜਾ ਚੁੱਕੀ ਹੈ। ਸਿੱਖ ਆਗੂਆਂ ਨੇ ਕਦੇ ਵੀ ਆਪਣੇ ਸਿੱਖ ਧਰਮ ਦਾ ਜਦੋਂ ਵੀ ਕਿਸੇ ਨੇ ਨਿਘਾਰ ਕਰਨ ਦਾ ਯਤਨ ਕੀਤਾ ਤਾਂ ਉਸ ਵਿਰੁੱਧ ਜਦੋ- ਜਹਿਦ ਕੀਤੀ ਹੈ। ਸ਼੍ਰੋਮਣੀ ਗੁਰੂਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਦਾ ਮੰਤਵ ਵੀ ਸਿੱਖ ਕੌਮ ਵਿੱਚ ਆਏ ਨਿਘਾਰਾਂ ਨੂੰ ਰੋਕਣਾ ਸੀ ।ਜਦੋਂ ਤਕ ਇਸ ਕੌਮ ਦੇ ਸਮਰਪਿਤ ਤੇ ਪ੍ਰਣਾਏ ਹੋਏ ਆਗੂ ਸ਼੍ਰੋਮਣੀ ਕਮੇਟੀ ਤੇ ਕਾਬਜ ਰਹੇ ਇਹ ਕੌਮ ਚੜ੍ਹਦੀ ਕਲਾ ਦੇ ਨਾਲ ਜੁਝਾਰੂ, ਸਿੱਖ ਸਿਧਾਂਤਾ ਤੇ ਡੱਟ ਕੇ ਪਹਿਰਾ ਦੇਂਦੀ ਰਹੀ। ਅੱਜ ਸੰਸਾਰ ਦਾ ਸਿੱਖ ਜਗਤ ਜਾਣ ਚੁੱਕਾ ਹੈ ਕਿ ਇਸ ਸਮੇਂ ਸ਼੍ਰੋਮਣੀ ਅਕਾਲੀ ਦੱਲ ਤੇ ਸ਼੍ਰੋਮਣੀ ਕਮੇਟੀ ਤੇ ਲਾਲਚੀ ,ਸੁਆਰਥੀ , ਧੰਨ ਕਮਾਉਣ ਦੇ ਨਾਲ ਗੱਦੀ ਦੇ ਭੁੱਖੇ ਦੇ ਨਾਲ, ਭਾਜਪਾ (ਕਟੱੜ ਹਿੰਦੂ ਤੇ ਸਿੱਖ ਵਿਰੋਧੀ ਪਾਰਟੀ )ਨਾਲ ਸਾਂਝ ਪਾਉਣ ਵਾਲੇ ਕਾਬਜ ਹਨ। ਇਹ ਕਿਹਾ ਜਾਂਦਾ ਕਿ ਇਨਾਂ ਬਾਦਲਾਂ ਨੇ ਸਿੱਖੀ ਦੇ ਭੇਸ ਵਿੱਚ ਰ.ਸ.ਸ ਦੇ ਕੇਡਰ ਨੂੰ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦੱਲ, ਸਿੱਖ ਵਿਦਿਅਕ ਅਦਾਰਿਆਂ ਵਿੱਚ ਆਪਣੇ ਅੰਮ੍ਰਿਤਧਾਰੀ ਸਿੱਖ ਨੌਜੁਆਨਾਂ ਨੂੰ ਛੱਡ ਕੇ ਭਾਜਪਾ ਆਗੂਆਂ ਦੀਆਂ ਸਿਫਾਰਸ਼ਾਂ ਤੇ ਕੱਟੜ੍ਹ ਹਿੰਦੂਆਂ ਦੀ ਜਥੇਬੰਦੀ ਰ.ਸ.ਸ. ਦੇ ਕੇਡਰ ਨੂੰ ਭਰਤੀ ਕੀਤਾ ਜਾਣਾ ਸ਼ੁਰੂ ਕੀਤਾ। ਜਿਸ ਦੇ ਨਿਸ਼ਾਨੇ ਤੇ ਸਿੱਖ ਧਰਮ ਨੂੰ ਖਤਮ ਕਰਨਾ ਪਹਿਲੇ ਨੰਬਰ ਤੇ ਹੈ ।ਕਿਉਂਕਿ ਇਹ ਹੀ ਇਕੋ ਸਿੱਖ ਧਰਮ ਬੱਚਿਆ ਹੋਇਆ ਹੈ, ਹਿੰਦੂ ਧਰਮ ਦੀਆਂ ਗਲਤ ਨੀਤੀਆਂ ਦੀ ਸਖਤ ਨਿੰਦਾ ਕਰਦਾ ਹੈ।ਜਿਨਾਂ ਨੂੰ ਸਿੱਖ ਅਦਾਰਿਆਂ ਵਿੱਚ ਭਰਤੀ ਹੋ ਕੇ ਹੁਣ ਮੌਕਾ ਮਿਲ ਗਿਆ ਸੀ ਕਿ ਉਹ ਸਿੱਖ ਧਰਮ ਦਾ ਹਿੰਦੂ ਕਰਨ ਕਰੇ। ਇਸ ਨਿਸ਼ਾਨੇ ਨੂੰ ਸਾਹਮਣੇ ਰੱਖ ਕੇ ਉਨਾਂ ਨੇ ਲੁਕਵੇਂ ਢੰਗ ਨਾਲ ਸਿੱਖ ਅਸਥਾਨਾਂ ਨੂੰ ਆਪਣੇ ਹਿੰਦੂ ਫਲਸਫੇ ਅਨੁਸਾਰ ਢਾਹ ਲਗਾਉਣੀ ਸ਼ੁਰੂ ਕਰ ਦਿੱਤੀ ਹੋਈ ਹੈ। ਸ੍ਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬ ਵਿੱਚ ਚੱਲ ਰਹੇ ਰਾਜ ਵਿੱਚ ਸਿੱਖ ਕੌਮ ਤੇ ਜਿਹੜਾ ਪਹਿਲਾ ਧਾਰਮਿਕ ਹੱਮਲਾ ਭਾਜਪਾ ਤੇ ਰ.ਸ.ਸ. ਵਲੋਂ ਸ਼੍ਰੋਮਣੀ ਕਮੇਟੀ ਤੇ ਕੀਤਾ ਗਿਆ, ਉਹ ਸੀ ਸਿੱਖ ਕੌਮ ਦੇ ਪੁਰਾਤਨ ਸਮੇਂ ਤੋਂ ਚਲੇ ਆ ਰਹੇ ਨਿਸ਼ਾਨ ਸਾਹਿਬਾਂ ਤੇ ਸਿਰੋਪਿਆਂ ਦੇ ਰੰਗਾਂ ਨੂੰ ਤਬਦੀਲ ਕਰਕੇ ਉਨਾਂ ਦਾ ਭੱਗਵਾਂ ਕਰਨ ਕੀਤਾ ਗਿਆ। ਇਸ ਲੇਖ ਦਾ ਲੇਖਕ ਮੀਡੀਆ ਨਾਲ ਜੁੜ੍ਹਿਆ ਹੋਣ ਕਾਰਨ ਉਸ ਨੇ ਕਈ ਵਾਰੀ ਸ਼੍ਰੋਮਣੀ ਕਮੇਟੀ ਦੇ ਤਤਕਾਲੀਨ ਪ੍ਰਧਾਨਾਂ ਦਾ ਧਿਆਨ ਸਿੱਖ ਧਰਮ ਦੇ ਭਾਜਪਾ ਵਲੋਂ ਕੀਤੇ ਜਾ ਰਹੇ ਭਗਵੇਂਕਰਨ ਵੱਲ ਦੁਆਇਆ ਗਿਆ।ਪ੍ਰਬੰਧਕਾਂ ਵਲੋਂ ਬਾਰ ਬਾਰ ਵਿਸ਼ਵਾਸ਼ ਦੁਆਉਣ ਦੇ ਬਾਵਜੂਦ ਲਾਰਿਆਂ ਤੋਂ ਬਿਨਾ ਹੋਰ ਕੁਝ ਨਾ ਕੀਤਾ।ਜਿਸ ਦਾ ਕਾਰਨ ਇਹ ਸਮਝਿਆ ਗਿਆ ਕਿ ਸਿੱਖ ਕੌਮ ਦੇ ਸੁਆਰਥੀ ਆਗੂਆਂ ਨੇ ਰਾਜ ਗੱਦੀ ਪਿੱਛੇ ਸਭ ਕੁਝ ਭਾਜਪਾ ਦੇ ਕੋਲ ਗਿੱਰਵੀ ਕਰ ਰਖਿਆ ਹੈ।ਸਿੱਖ ਜਗਤ ਵਿੱਚ ਇਸ ਗੱਲ ਦੀ ਚਰਚਾ ਚਲਦੀ ਆ ਰਹੀ ਹੈ ਕਿ ਰ .ਸ .ਸ . ਦਾ ਕੇਡਰ ਸਿੱਖੀ ਸਰੂਪ ਵਿੱਚ ਗ੍ਰੰਥੀਆਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ ਆਦਿ ਦੇ ਰੂਪ ਵਿੱਚ ਗੁਰਦੁਆਰਿਆਂ ਤੇ ਕਾਬਜ ਕੀਤੇ ਜਾ ਰਹੇ ਹਨ ਤਾਂ ਕਿ ਸਿੱਖ ਧਰਮ ਦੇ ਉੱਲਟ ਬ੍ਰਾਹਮਵਾਦ ਦਾ ਪ੍ਰਚਾਰ ਕਰਕੇ ਆਪਣੇ ਮੰਤਵ ਵਿੱਚ ਸਫਲ ਹੋਇਆ ਜਾ ਸਕੇ।ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਤੋਂ ਬਿਨਾ ਹੋਰ ਸਿੰਘ ਸਭਾਵਾਂ ਦੇ ਗੁਰਦੁਆਰਿਆਂ ਵਿੱਚ ਧੜਾ ਧੱੜ ਭਰਤੀ ਕੀਤੇ ਜਾ ਚੁੱਕੇ ਹਨ ਜੋ ਲੁਕਵੇਂ ਢੰਗ ਨਾਲ ਸਿੱਖ ਧਰਮ ਦੇ ਉੱਲਟ ਬ੍ਰਾਹਮਣੀਵਾਦ ਅੰਧ ਵਿਸ਼ਵਾਸ਼ਾਂ, ਧਾਗਿਆਂ ,ਤਵੀਜਾਂ,ਪਵਿੱਤਰ ਪਾਣੀਆਂ ਆਦਿ ਹੋਰ ਮਨਮਤੀਆਂ ਦਾ ਗੁਰਦੁਆਰਿਆਂ ਵਿੱਚ ਪ੍ਰਚਾਰ ਕਰਕੇ ਬੜੀ ਸਾਜਿਸ਼ ਤਹਿਤ ਸਿੱਖ ਧਰਮ ਦਾ ਹਿੰਦੂਕਰਨ ਕਰਨ ਕਰ ਰਹੇ ਹਨ। ਸੁਆਰਥੀ ਸਿੱਖਾਂ ਦਾ ਸ਼੍ਰੋਮਣੀ ਅਕਾਲੀ ਦੱਲ ਤੇ ਸ਼੍ਰੋਮਣੀ ਕਮੇਟੀ ਦੇ ਆਗੂ ਜਾਂ ਤਾਂ ਭਾਜਪਾ ਨਾਲ ਰੱਲ ਇਹ ਕੰਮ ਕਰਾ ਰਹੀ ਹੈ ਜਾਂ ਫਿਰ ਸੁੱਤੀ ਪਈ ਹੈ। ਇਸ ਨੇ ਕਦੇ ਵਾਚਿਆ ਹੀ ਨਹੀਂ ਕਿ ਸ਼੍ਰੋਮਣੀ ਕਮੇਟੀ ਵਿੱਚ ਕੀ ਹੋ ਰਿਹਾ ਹੈ? ਇਸ ਦੇ ਮੌਜੂਦਾ ਗ੍ਰੰਥੀ, ਰਾਗੀ, ਢਾਡੀ, ਪ੍ਰਚਾਰਕ ਕਿਸ ਤਰਾਂ ਦਾ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ? ਕੀ ਉਹ ਸਿੱਖ ਧਰਮ ਦੇ ਸਿਧਾਂਤ ਉਲੱਟ ਪ੍ਰਚਾਰ ਤਾਂ ਨਹੀਂ ਕਰ ਰਹੇ? ਸ਼੍ਰੋਮਣੀ ਕਮੇਟੀ ਦਾ ਹਰ ਸਾਲ ਬੱਜਟ ਦਾ ਵੱਡਾ ਹਿੱਸਾ ਬਿਨਾ ਸਿੱਖ ਧਰਮ ਦੇ ਪ੍ਰਚਾਰ ਦੇ ਲੀਡਰਾਂ ਵਲੋਂ ਹੜੱਪਿਆ ਜਾ ਰਿਹਾ ਹੈ। ਇਸ ਸਮੇਂ ਜਿਹੜੇ ਲੋਕ ਸ਼੍ਰੋਮਣੀ ਕਮੇਟੀ ਉਤੇ ਕਾਬਜ ਹਨ ਉਨਾਂ ਵਿੱਚ ਸ਼੍ਰੋਮਣੀ ਅਕਾਲੀ ਦੱਲ ਦੇ ਮੌਜੂਦਾ ਪ੍ਰਧਾਨ ਤੋਂ ਬਿਨਾਂ ਸ਼੍ਰੋਮਣੀ ਕਮੇਟੀ ਦੇ ਕਈ ਵੱਡੇ ਆਗੂ ਜਿਨਾਂ ਤੇ ਬੜੇ ਸੰਗੀਨ ਦੋਸ਼ ਵੀ ਲਗੇ ਹਨ ਤੇ ਜੇਲ੍ਹ ਦੀ ਸਜਾ ਵੀ ਕੱਟ ਚੁੱਕੇ ਹਨ , ਬਹੁਤ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਸਮੇਤ ਸ਼ਾਮਲ ਹਨ ਜੋ ਸਿੱਖ ਇਤਿਹਾਸ ਤੋਂ ਵਿਹੂਣੇ, ਮਾਤਾ ਦੀਆਂ ਭੇਟਾਂ ਗਾਉਣ ਵਾਲੇ, ਧੰਨ ਕਮਾਉਣ ਵਾਲੇ, ਦੁਰਾਚਾਰੀ ਸਿਖਰਾਂ ਦੀਆਂ ਗੰਦੀਆਂ ਗਾਲਾਂ ਕੱਢਣ ਵਾਲੇ ਜਿਹੜੇ ਪੁਲੀਸ ਦੀਆਂ ਗਾਲਾਂ ਨੂੰ ਮਾਤ ਪਾਉਣ ਵਾਲੇ ਹਨ। ਸ਼੍ਰੋਮਣੀ ਕਮੇਟੀ ਵਿੱਚ ਭਰਤੀ ਕੀਤੇ ਮੁਲਾਜਮਾਂ ਵਿੱਚ ਬਹੁਤੇ ਅਕਾਲੀ ਲੀਡਰਾਂ ਦੇ ਸਿਫਾਰਸ਼ੀ ਹੀ ਰੱਖੇ ਹੋਏ ਹਨ। ਜਿਹਨਾਂ ਦਾ ਸਿੱਖ ਧਰਮ ਨਾਲ ਨੇੜੇ ਦਾ ਵਾਹ ਵਾਸਤਾ ਨਹੀਂ! ਸ਼੍ਰੋਮਣੀ ਕਮੇਟੀ ਦੀ ਜਦੋਂ ਪਹਿਲੀ ਵਾਰ ਪ੍ਰਧਾਨ ਬੀਬੀ ਜਾਗੀਰ ਕੌਰ ਬਣੀ ਸੀ।ਉਸ ਸਮੇਂ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਆਈ ਸੀ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਸਿੱਖ ਇਤਿਹਾਸ ਨਾਲ ਵੱਖ ਵੱਖ ਭਾਸ਼ਾਂਵਾਂ ਵਿੱਚ 300 ਕਿਤਾਬਾਂ ਛਾਪੀਆਂ ਸਨ। ਜਿਨਾਂ ਵਿੱਚ ਇਕ ਕਿਤਾਬ ਹਿੰਦੀ ਵਿੱਚ ਉਪੰਜਾਬ ਦਾ ਇਤਿਹਾਸ'' ਛਾਪਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਵਲੋਂ ਛੱਪਵਾਈ ਇਸ ਕਿਤਾਬ ਵਿੱਚ ਆਪਣੇ ਗੁਰੂ ਸਾਹਿਬਾਨ ਬਾਰੇ ਬੜਾ ਕੁਝ ਸ਼ਰਮਨਾਕ ਤੇ ਝੂਠ ਮੂਠ ਲਿਖਿਆ ਹੋਇਆ ਛਾਪਿਆ ਗਿਆ ਹੈ। ਬਾਅਦ ਵਿੱਚ ਇਸ ਪੁਸਤਕ ਦੀ ਸਿੱਖ ਜਗਤ ਵਿੱਚ ਇੰਨੀ ਨਿੰਦਾ ਹੋਈ ਕਿ ਕੁਝ ਸਾਲਾਂ ਬਾਅਦ ਇਸ ਕਿਤਾਬ ਨੂੰ ਛਾਪਣ ਵਾਲੀ ਸੰਸਥਾ ਸ਼ੋਮਣੀ ਕਮੇਟੀ ਨੂੰ ਖੁਦ ਇਸ ਪੁਸਤਕ ਨੂੰ ਜਬਤ ਕਰਨ ਦੇ ਹੁਕਮ ਦੇਣੇ ਪਏ ਸਨ। ਇਸ ਤੋਂ ਵੱਧ ਸ਼ਰਮਿੰਦਗੀ ਵਾਲੀ ਗੱਲ ਸਿੱਖ ਕੌਮ ਲਈ ਹੋਰ ਕੀ ਹੋ ਸਕਦੀ ਹੈ? ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਕੋਲ ਕੋਈ ਜਾਣਕਾਰੀ ਨਹੀਂ ਕਿ ਇਹ ਕਿਤਾਬ ਕਿਸ ਨੇ ਛਪਵਾਈ ਤੇ ਛਾਪਣ ਵਾਲਾ ਕੋਣ ਹੈ?

ਸ਼੍ਰੋਮਣੀ ਕਮੇਟੀ ਦੇ ਰੀਕਾਰਡ ਵਿੱਚੋਂ ਉਹ ਸਾਰੀਆਂ ਫਾਈਲਾਂ ਤਕ ਨੂੰ ਗੁੰਮ ਕਰ ਦਿੱਤੀਆਂ ਗਈਆਂ ਹਨ ਤਾਂ ਕਿ ਇਸ ਪੁਸਤਕ ਦੇ ਛਾਪਣ ਵਾਲਾ ਤੇ ਛਪਵਾਉਣ ਵਾਲਾ ਕੌਣ ਹੈ ,ਉਸ ਦੇ ਨਾਂ ਦਾ ਸਿੱਖ ਜਗਤ ਨੂੰ ਪਤਾ ਹੀ ਪਤਾ ਨਾ ਲਗ ਸਕੇ! ਜੋ ਦਸ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਇਥੋਂ ਤਕ ਨਿੱਘਰ ਚੁੱਕੀ ਹੈ।ਇਹ ਕਿਨਾਂ ਲੋਕਾਂ ਦਾ ਕੰਮ ਹੈ ਇਹ ਉਹ ਹੀ ਰ.ਸ.ਸ. ਦੀ ਲਾਬੀ ਹੈ ਜਿਨਾਂ ਨੂੰ ਸਾਡੇ ਆਗੂਆਂ ਨੇ ਆਪਣੇ ਧਾਰਮਿਕ ਅਸਥਾਨਾਂ ਵਿੱਚ ਵਾੜ੍ਹ ਰਖਿਆ ਹੈ ਜੋ ਅੰਦਰ ਵੜ੍ਹ ਕੇ ਵੱਖ ਵੱਖ ਢੰਗਾਂ ਨਾਲ ਸਿੱਖ ਧਰਮ ਦੀਆਂ ਜੜ੍ਹਾਂ ਵੱਢ ਰਹੇ ਹਨ। ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਆਗੂ ਸਭ ਕੁਝ ਜਾਣਦੇ ਹੋਏ ਵੀ ਮੰਨਣ ਨੂੰ ਤਿਆਰ ਨਹੀਂ। ਭਾਵੇਂ ਸ਼੍ਰੋਮਣੀ ਕਮੇਟੀ ਨੇ ਉਹ ਕਿਤਾਬ ਜਬਤ ਕਰ ਲਈ ਹੈ।

ਇਥੇ ਸਮਝਣ ਵਾਲੀ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਵੜ੍ਹ ਬੈਠੀ ਜਿਸ ਰ.ਸ.ਸ. ਲਾਬੀ ਨੇ ਇਹ ਕਿਤਾਬ ਛਾਪੀ ਹੈ, ਕੀ ਉਹਨਾਂ ਨੇ ਜਬਤ ਕੀਤੀਆ ਜਾ ਚੁੱਕੀਆਂ ਕੁਝ ਕਿਤਾਬਾਂ ਆਪਣੇ ਕੋਲ ਸਾਂਭ ਕੇ ਲੋਕਾਂ ਨੂੰ ਦਸਣ ਲਈ ਨਹੀਂ ਰੱਖੀਆਂ ਹੋਣਗੀਆਂ ਕਿ ਜਦੋਂ ਕਦੇ ਸ਼੍ਰੋਮਣੀ ਕਮੇਟੀ ਵਾਲੇ ਜਾਂ ਸਿੱਖ ਜਗਤ ਰੌਲਾ ਪਾਵੇ ਕਿ ਸਾਡੇ ਗੁਰੂਆਂ ਬਾਰੇ ਗਲਤ ਇਤਿਹਾਸ ਲਿਖ ਕੇ ਸਕੂਲਾਂ ਕਾਲਜਾਂ ਵਿਚ ਪੜਾਇਆ ਜਾ ਰਿਹਾ ਹੈ।ਉਸ ਸਮੇਂ ਇਸੇ ਲਾਬੀ ਵਲੋਂ ਸ਼੍ਰੋਮਣੀ ਕਮੇਟੀ ਦੀ ਇਸ ਕਿਤਾਬ ਦਾ ਹਵਾਲਾ ਦੇ ਕੇ ਸਿੱਖ ਕੌਮ ਨੂੰ ਨਿਰਉੱਤਰ ਕੀਤਾ ਜਾਵੇਗਾ।ਉਹ ਸ਼ਰੇਆਮ ਆਖਣਗੇ ਕਿ ਅਸੀ ਤਾਂ ਆਪਣੇ ਕੋਲੋਂ ਤਾਂ ਕੁਝ ਨਹੀਂ ਕਹਿ ਰਹੇ, ਇਹ ਸਭ ਕੁਝ ਸ਼੍ਰੋਮਣੀ ਕਮੇਟੀ ਆਪਣੀ ਪੁਸਤਕ ਵਿੱਚ ਪਹਿਲਾਂ ਹੀ ਛਾਪ ਚੁੱਕੀ ਹੈ। ਕੀ ਜੁਆਬ ਹੈ ਕਿਸੇ ਸਿੱਖ ਆਗੂ ਕੋਲ ਇਸ ਦਾ? ਬੜੀ ਵਾਰੀ ਅਖਬਾਰਾਂ ਵਿੱਚ ਖਬਰਾਂ ਛੱਪ ਚੁੱਕੀਆਂ ਹਨ ਕਿ ਸੀ. ਬੀ. ਐਸ. ਈ.ਅਤੇ ਕਈ ਹੋਰ ਬੋਰਡਾਂ ਦੀਆਂ ਪੁਸਤਕਾਂ ਵਿੱਚ ਸਿੱਖ ਇਤਿਹਾਸ ਜੋ ਬੜਾ ਇਤਰਾਜ ਯੋਗ ਦੇ ਨਾਲ ਗਲਤ ਵੀ ਹੈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ।

(ਚਲਦਾ)

# ਬਾਦਲ ਸਾਹਿਬ ਇਹ ਕੋਈ ਈਸਾਈ ਲੀਡਰ ਨਹੀਂ



ਫਰੈਡੀ ਜੋਜ਼ਫ
ਖੁਦਾਈ ਖਿਦਮਤਗਾਰ

ਪਿੱਛੇ ਜਿਹੇ ਪੰਜਾਬ ਦੇ ਕੁਝ ਈਸਾਈ - ਜੋ ਆਪਣੇ ਆਪ ਨੂੰ ਈਸਾਈਆਂ ਦੇ ਲੀਡਰ ਆਖਦੇ ਹਨ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਮਿਲੇ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਈਸਾਈਆਂ ਦੇ ਲੀਡਰ ਹਨ ਅਤੇ ਉਹ ਅਕਾਲੀ ਦਲ ਦਾ ਸਮਰਥਨ ਕਰਨ ਨੂੰ ਤਿਆਰ ਹਨ।

ਇਹ ਕੋਈ ਨਵੀਂ ਪ੍ਰੰਪਰਾ ਨਹੀਂ ਹੈ। ਹਰ ਵਾਰੀ ਜਦ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆਉਂਦੀਆਂ ਹਨ ਤਾਂ ਇਸ ਤਰ੍ਹਾਂ ਦੇ "ਈਸਾਈ ਲੀਡਰ'' ਜੇ ਕਾਂਗਰਸ ਦੀ ਸਰਕਾਰ ਜਾ ਰਹੀ ਹੋਵੇ ਤਾਂ ਅਕਾਲੀ ਲੀਡਰਸ਼ਿਪ ਨੂੰ ਮਿਲ ਕੇ ਈਸਾਈਆਂ ਦੇ ਸਮਰਥਨ ਦੀ ਪੇਸ਼ਕਸ਼ ਕਰਦੇ ਰਹਿੰਦੇ ਹਨ ਅਤੇ ਜੇਕਰ ਅਕਾਲੀ ਦਲ ਦੀ ਸਰਕਾਰੀ ਜਾ ਰਹੀ ਹੈ ਤਾਂ ਕਾਂਗਰਸ ਲੀਡਰਸ਼ਿਪ ਨੂੰ ਮਿਲ ਕੇ ਈਸਾਈਆਂ ਦਾ ਸਮਰਥਨ ਕਰਨ ਦੀ ਪੇਸ਼ਕਸ਼ ਕਰਦੇ ਰਹਿੰਦੇ ਹਨ।

ਇਹ ਗੱਲ ਪਿਛਲੇ 73 ਸਾਲ ਤੋਂ ਚਲ ਰਹੀ ਹੈ। ਅਜੇਹੇ ਈਸਾਈ ਲੀਡਰਾਂ ਦੀ ਡਿਮਾਂਡ ਸਪਸ਼ਟ ਤੌਰ ਤੇ ਜਾਂ ਅਸਪਸ਼ਟ ਤੌਰ ਤੇ ਇਹ ਹੁੰਦੀ ਹੈ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੇ ਤਾਂ ਸਾਨੂੰ ਸਰਕਾਰ ਵਿੱਚ ਕੁਰਸੀਆਂ ਦਿੱਤੀਆਂ ਜਾਣ। ਹਰ ਪਾਰਟੀ ਇਹ ਗੱਲ ਮੰਨ ਲੈਂਦੀ ਹੈ ਕਿਉਂਕਿ ਹਰ ਪਾਰਟੀ ਨੂੰ ਈਸਾਈਆਂ ਦੀਆਂ ਵੋਟਾਂ ਚਾਹੀਦੀਆਂ ਹਨ - ਇਹ ਲੋਕ ਭਾਵੇਂ ਈਸਾਈ ਲੀਡਰ ਨਾ ਵੀ ਹੋਣ ਤਾਂ ਵੀ ਪਾਰਟੀਆਂ ਨੂੰ ਇਹ ਪ੍ਰਚਾਰ ਕਰਨ ਦਾ ਮੌਕਾ ਮਿਲ ਜਾਂਦਾ ਹੈ ਕਿ ਈਸਾਈਆਂ ਦਾ ਸਮਰਥਨ ਉਨ੍ਹਾਂ ਨੂੰ ਪ੍ਰਾਪਤ ਹੈ। ਚੋਣਾਂ ਦੇ ਦਿਨਾਂ ਵਿੱਚ ਇਸ ਪ੍ਰਕਾਰ ਦੇ ਪ੍ਰਚਾਰ ਬਹੁਤ ਅਹਿਮੀਅਤ ਹੁੰਦੀ ਹੈ ਤੇ ਇਹ ਲੋਕ ਭਾਵੇਂ ਲੀਡਰ ਹੋਣ ਜਾਂ ਨਾ ਹੋਣ ਕੁਝ ਨਾ ਕੁਝ ਵੋਟਾਂ ਤਾਂ ਪੁਆ ਹੀ ਦਿੰਦੇ ਹਨ।

ਮਸੀਹੀ ਸੰਸਾਰ ਨੇ ਸੁਖਬੀਰ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਕਿਹਾ ਹੈ ਕਿ ਇਹ ਕੋਈ ਈਸਾਈ ਲੀਡਰ ਨਹੀਂ ਹਨ। ਇਹੋ ਜਿਹੇ 90 ਤੋਂ ਵੱਧ ਈਸਾਈ ਪ੍ਰਧਾਨ ਹਨ ਜੋ ਦਾਅਵਾ ਕਰਦੇ ਹਨ ਕਿ ਅਸੀਂ ਈਸਾਈਆਂ ਦੇ ਪੰਜਾਬ, ਰਾਸ਼ਟਰ ਅਤੇ ਅੰਤਰ ਰਾਸ਼ਟਰੀ ਪੱਧਰ ਦੇ ਪ੍ਰਧਾਨ ਹਾਂ। ਜਦਕਿ ਇਨ੍ਹਾਂ ਪ੍ਰਧਾਨਾਂ ਦਾ ਨਾ ਕੋਈ ਅੰਤਰ ਰਾਸ਼ਟਰੀ, ਰਾਸ਼ਟਰੀ ਜਾਂ ਪੰਜਾਬ ਪੱਧਰ ਜਾਂ ਜ਼ਿਲਾ ਪੱਧਰ ਜਾਂ ਤਹਿਸੀਲ ਪੱਧਰ ਦਾ ਕੋਈ ਦਫਤਰ ਹੈ ਅਤੇ ਨਾ ਹੀ ਕੋਈ ਮੈਂਬਰਸ਼ਿਪ ਹੈ।

ਫਿਰ ਵੀ ਇਹ ਹਕੀਕਤ ਹੈ ਕਿ ਨਵੀਂ ਸਰਕਾਰ ਬਣਨ ਤੇ ਦੌੜ ਭੱਜ ਕਰਕੇ ਇਹ ਲੋਕ ਕੁਝ ਨਾ ਕੁਝ ਸਰਕਾਰੀ ਕੁਰਸੀਆਂ ਹਾਸਲ ਲੈਂਦੇ ਹਨ ਭਾਵੇਂ ਇਨ੍ਹਾਂ ਕੁਰਸੀਆਂ ਦਾ ਅੱਜ ਤੱਕ ਕੌਮ ਨੂੰ ਕੋਈ ਲਾਭ ਨਹੀਂ ਹੋਇਆ। 73 ਸਾਲ ਵਿਚ ਜੇਕਰ ਈਸਾਈਆਂ ਦਾ ਕੋਈ ਕੰਮ ਹੋਇਆ ਹੈ ਉਹ ਹੈ - ਸ਼ਗਨ ਸਕੀਮ, 200 ਯੁਨਿਟ ਬਿਜਲੀ ਮਾਫ, ਦਾਲ ਆਟਾ ਅੱਜ ਤੱਕ ਕੋਈ ਸਨਮਾਨਯੋਗ ਲਾਭ ਈਸਾਈਆਂ ਨੂੰ ਨਹੀਂ ਹੋਇਆ। ਕੀ ਇਹ ਆਪੇ ਬਣੇ ਫਿਰਦੇ ਈਸਾਈ ਨੇਤਾ ਦਸ ਸਕਦੇ ਹਨ ਕਿ (1) ਪਿਛਲੇ 73 ਸਾਲ ਵਿਚ ਇਨ੍ਹਾਂ ਨੇ ਕਿੰਨੇ ਈਸਾਈਆਂ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਦੁਆਈ?

(2) ਕਿੰਨੇ ਈਸਾਈਆਂ ਨੂੰ ਆਪਣੇ ਕਾਰੋਬਾਰ ਚਲਾਉਣ ਲਈ ਸਰਕਾਰੀ ਲੋਨ, ਪ੍ਰਮਿਟ, ਲਾਇਸੈਂਸ ਅਤੇ ਪ੍ਰਮਿਟ ਲੈ ਕੇ ਦਿੱਤੇ?

(3) ਕਿੰਨੀਆਂ ਈਸਾਈ ਵਿਧਵਾ ਔਰਤਾਂ ਅਤੇ ਯਤੀਮ ਬੱਚਿਆਂ ਨੂੰ ਪੈਨਸ਼ਨ ਲੁਆਈ?

(4) ਕਿੰਨੇ ਈਸਾਈ ਬਜ਼ੁਰਗਾਂ ਨੂੰ ਪੈਨਸ਼ਨ ਲੁਆਈ?

(5) ਕਿੰਨੇ ਬੇਘਰੇ ਈਸਾਈਆਂ ਨੂੰ ਘਰ ਬਣਾਉਣ ਲਈ ਸਰਕਾਰ ਤੋਂ ਪਲਾਟ ਲੈ ਕੇ ਦਿੱਤੇ?

(6) ਕਿੰਨੇ ਈਸਾਈਆਂ ਨੂੰ ਕਬਰਸਤਾਨਾਂ ਲਈ ਥਾਂ ਲੈ ਕੇ ਦਿੱਤੀ?

(7) ਜਦ ਜਦ ਧਰਮ ਪਰਿਵਰਤਨ ਦੇ ਨਾਂ ਤੇ ਈਸਾਈਆਂ ਤੇ ਹਮਲੇ ਹੋਏ ਇਨ੍ਹਾਂ ਵਿਚੋਂ ਕਿੰਨੇ ਈਸਾਈ 'ਲੀਡਰ' ਹਨ ਜੋ ਈਸਾਈਆਂ ਦੀ ਮਦਦ ਲਈ ਅੱਗੇਆਏ? ਜਾਂ ਜਿਨ੍ਹਾਂਨੇ ਈਸਾਈਅਤ ਵਿਰੋਧੀ ਤਾਕਤਾਂ ਵਿਰੁਧ ਆਪਣਾ ਮੂੰਹ ਖੋਲਿਆ ਹੋਵੇ?

ਇਨ੍ਹਾਂ ਲੋਕਾਂ ਕਰਕੇ ਹੀ ਅੱਜ ਈਸਾਈ ਕੌਮ ਜੀਵਨ ਦੇ ਹਰ ਖੇਤਰ- ਆਰਥਿਕ, ਸਮਾਜਿਕ, ਵਿਦਿਅਕ ਅਤੇ ਸਭਿਆਚਾਰਕ ਤੌਰ ਤੇ ਸਭ ਕੌਮਾਂ ਤੋਂ- ਇਥੋਂ ਤੱਕ ਕਿ ਦਲਿਤਾਂ ਤੋਂ ਵੀ ਕਿੱਛੇ ਜਾ ਰਹੇ ਹਨ। ਪਰ ਅਜਿਹੇ ਲੀਡਰਾਂ ਨੇ ਨਾ ਕਦੀ ਕੋਈ ਸ਼ਰਮ ਖਾਂਦੀ ਹੈ ਨਾ ਖਾਣੀ ਹੈ।

ਇਸ ਕਰਕੇ ਬਾਦਲ ਸਾਹਿਬ ਜੀ ਇਨ੍ਹਾਂ ਲੋਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰ ਲਓ। ਹੋਰ ਕੁਝ ਨਹੀਂ ਤਾਂ ਤੁਹਾਨੂੰ ਚਾਰ ਵੋਟਾਂ ਤਾਂ ਪੁਆ ਹੀ ਦੇਣਗੇ ਅਤੇ ਤੁਹਾਨੂੰ ਇਹ ਪ੍ਰਚਾਰ ਕਰਨ ਦਾ ਮੌਕਾ ਵੀ ਮਿਲ ਜਾਵੇਗਾ ਕਿ ਈਸਾਈ ਅਕਾਲੀ ਦਲ ਦੇ ਨਾਲ ਹਨ।

# ਆਕਸੀਜਨ ਦੇ ਮੁੱਦੇ 'ਤੇ ਢਿੱਲ ਲਈ ਕੇਜਰੀਵਾਲ ਸਰਕਾਰ 'ਤੇ ਵਰਿਆ ਕੇਂਦਰ



ਨਵੀਂ ਦਿੱਲੀ- ਕੇਂਦਰ ਨੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੂੰ ਸ਼ਹਿਰ ਦੇ ਵੱਖ ਵੱਖ ਹਸਪਤਾਲਾਂ ਲਈ ਆਕਸੀਜਨ ਦੀ ਢੁਆਈ ਦੀ ਖਾਤਰ ਟੈਂਕਰਾਂ ਦੀ ਵਿਵਸਥਾ ਕਰਨ 'ਚ ਨਾਕਾਮ ਰਹਿਣ 'ਤੇ ਝਾੜ ਲਗਾਈ ਹੈ ਤੇ ਕਿਹਾ ਕਿ ਸਮੇਂ ਸਿਰ ਕਦਮ ਚੁੱਕੇ ਜਾਣ 'ਤੇ ਦੁਖਦਾਈ ਘਟਨਾਵਾਂ ਤੋਂ ਬਚਿਆ ਜਾ ਸਕਦਾ ਸੀ।

ਕੇਂਦਰੀ ਗ੍ਰਹਿ ਸਕੱਤਰ ਅਜੇ ਭੱਲਾ ਨੇ ਦਿੱਲੀ ਦੇ ਮੁੱਖ ਸਕੱਤਰ ਵਿਜੇ ਦੇਵ ਨੂੰ ਲਿਖੇ ਇਕ ਤਿੱਖੇ ਪੱਤਰ 'ਚ ਇਹ ਵੀ ਦਾਅਵਾ ਕੀਤਾ ਕਿ ਆਕਸੀਜਨ ਦੀ ਖਰੀਦ ਲਈ ਵੱਖ ਵੱਖ ਜ਼ਰੂਰੀ ਮੁੱਦਿਆਂ ਨੂੰ ਹੱਲ ਕਰਨ ਲਈ ਦਿੱਲੀ ਸਰਕਾਰ ਦੀ ਕੋਸ਼ਿਸ਼ ਸਮੇਂ ਦੇ ਮੁਤਾਬਕ ਕਾਫ਼ੀ ਨਹੀਂ ਸੀ। ਜਦਕਿ ਹੋਰ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਇਸ ਸਬੰਧੀ ਬਿਹਤਰ ਤੇ ਪੇਸ਼ੇਵਰ ਤਰੀਕੇ ਨਾਲ ਕੋਸ਼ਿਸ਼ ਕਰ ਰਹੇ ਹਨ।

ਭੱਲਾ ਨੇ ਇਹ ਪੱਤਰ 25 ਅਪ੍ਰੈਲ ਨੂੰ ਲਿਖਿਆ ਸੀ। ਹਾਲਾਂਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਨੂੰ ਕਿਹਾ ਕਿ ਉਹਨਾਂ ਦੀ ਸਰਕਾਰ ਥਾਈਲੈਂਡ ਤੋਂ 18 ਕੈਰਾਇਓਜੈਨਿਕ ਟੈਂਕਰਾਂ ਤੇ ਫਰਾਂਸ ਤੋਂ ਤਿਆਰ 21 ਆਕਸੀਜਨ ਪਲਾਂਟ ਦੀ ਦਰਾਮਦ ਕਰੇਗੀ।

ਸਨਅਤਾਂ ਨੂੰ ਆਕਸੀਜਨ ਸਪਲਾਈ ਰੋਕਣ, ਆਕਸੀਜਨ ਟੈਂਕਰਾਂ ਦੀ ਸਹੀ ਆਵਾਜਾਈ, ਵਿਦੇਸ਼ਾਂ ਤੋਂ ਟੈਂਕਰ ਮੰਗਵਾਉਣ ਵਰਗੇ ਕੇਂਦਰ ਸਰਕਾਰ ਦੇ ਵੱਖ ਵੱਖ ਕਦਮਾਂ ਨੂੰ ਰੇਖਾਂਕਿਤ ਕਰਦੇ ਹੋਏ ਕੇਂਦਰੀ ਗ੍ਰਹਿ ਸਕੱਤਰ ਨੇ ਕਿਹਾ ਕਿ ਸਾਰੀਆਂ ਸੂਬਾ ਸਰਕਾਰਾਂ ਤੇ ਕੇਂਦਰ ਸ਼ਾਸਿਤ ਰਾਜ ਪਿਛਲੇ ਕੁਝ ਦਿਨਾਂ ਤੋਂ ਆਪਣੇ ਪੱਧਰ 'ਤੇ ਲਗਾਤਾਰ ਯਤਨ ਕਰ ਰਹੇ ਹਨ। ਇਸ ਸਬੰਧੀ ਸੜਕ ਟਰਾਂਸਪੋਰਟ ਤੇ ਰਾਜ ਮਾਰਗ ਮੰਤਰਾਲੇ ਵੱਲੋਂ ਇਕ ਵਿਸ਼ੇਸ਼ ਡਿਜੀਟਲ ਸਮੂਹ ਦਾ ਵੀ ਗਠਨ ਕੀਤਾ ਗਿਆ ਹੈ। ਭੱਲਾ ਨੇ ਆਪਣੇ ਪੱਤਰ 'ਚ ਦਿੱਲੀ ਸਰਕਾਰ ਦੇ ਮੁੱਖ ਸਕੱਤਰ ਨੂੰ ਇਸ ਸਬੰਧੀ ਫ਼ੌਰੀ ਤੌਰ 'ਤੇ ਕਾਰਵਾਈ ਦੀ ਅਪੀਲ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਆਕਸੀਜਨ ਦੀ ਵੰਡ ਦੇ ਕਈ ਦਿਨ ਬੀਤਣ ਤੋਂ ਬਾਅਦ ਵੀ ਦਿੱਲੀ ਸਰਕਾਰ ਹੁਣ ਤਕ ਸ਼ਾਇਦ ਹੀ ਕਿਸੇ ਟੈਂਕਰ ਦੀ ਵਿਵਸਥਾ ਕਰ ਸਕੀ ਹੈ।

# ਕਿਰਤੀਆਂ ਦੇ ਖ਼ੂਨ ਨਾਲ ਸਿੰਜਿਆ ਦਿਹਾੜਾ - ਪਹਿਲੀ ਮਈ



ਕੇਹਰ ਸ਼ਰੀਫ
+49 173 3546050

ਆਦਿ ਕਾਲ ਤੋਂ ਹੀ ਕਿਰਤੀ ਮਨੁੱਖ ਨੇ ਇਤਿਹਾਸ ਆਪਣੇ ਖ਼ੂਨ ਨਾਲ ਲਿਖਿਆ ਹੈ। ਸਿਆਹੀ ਬਾਅਦ ਵਿਚ ਆਈ ਸੀ।

ਹੱਕ-ਸੱਚ ਵਾਸਤੇ ਕੀਤੀਆਂ ਕੁਰਬਾਨੀਆਂ ਵਾਲੇ ਪਹਿਲੀ ਮਈ ਦੇ ਇਸ ਇਤਿਹਾਸਕ ਦਿਹਾੜੇ ਨੂੰ ਦੁਨੀਆਂ ਭਰ ਦੇ ਕਿਰਤ ਕਰਨ ਵਾਲੇ ਭਾਈ ਲਾਲੋ ਹਰ ਵਰ੍ਹੇ ਹੀ ਪ੍ਰਣ ਦਿਵਸ ਵਜੋਂ ਮਨਾਉਂਦੇ ਹਨ। ਬਹੁਤ ਲੰਮੇ ਸਮੇਂ ਤੋਂ ਇਹ ਕਿਰਤੀਆਂ ਦਾ ਕੌਮਾਂਤਰੀ ਤਿਉਹਾਰ ਬਣ ਚੁੱਕਾ ਹੈ, ਕਿਉਂਕਿ ਇਸ ਦੇ ਪਿੱਛੇ ਉਨ੍ਹਾਂ ਦੇ ਆਪਣੇ ਕੀਤੇ ਕੰਮ ਦੀ ਰਾਖੀ ਦੇ ਸੰਘਰਸ਼ਾਂ ਦਾ ਲੰਮਾ ਇਤਿਹਾਸ ਹੈ ਜੋ ਲਗਾਤਾਰ ਅਜੇ ਵੀ ਚੱਲ ਰਿਹਾ ਹੈ ਅਤੇ ਇਹ ਘੋਲ ਚੱਲਦਾ ਰਹੇਗਾ ਜਦੋਂ ਤੱਕ ਕੰਮ ਕਰਨ ਵਾਲੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਕੇ ਸੁਖ ਦੀ ਰੋਟੀ ਨਾ ਖਾਣ ਲੱਗ ਪੈਣ। ਜਦੋਂ ਤੱਕ ਇਨਸਾਫ ਦੇਣ ਵਾਲੇ ਭਾਈਚਾਰਕ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਨਹੀਂ ਹੋ ਜਾਂਦੀ। ਪੰਧ ਲੰਬਾ ਹੈ, ਮੰਜ਼ਲਿ ਅਣਦਿਸਦੀ ਪਰ ਸੰਘਰਸ਼ ਜਾਰੀ ਹੈ।

ਗੱਲ ਸਵਾ ਕੁ ਸਦੀ ਤੋਂ ਵੀ ਵੱਧ ਪੁਰਾਣੀ ਹੈ ਕਿ ਮਜ਼ਦੂਰਾਂ ਨੂੰ ਸਿਰਫ ਕੰਮ ਕਰਨ ਜੋਗੇ ਹੀ ਸਮਝਿਆ ਜਾਂਦਾ ਸੀ। ਉਨ੍ਹਾਂ ਦੇ ਜੀਵਨ ਅਤੇ ਖਾਹਿਸ਼ਾਂ ਦਾ ਕਿਸੇ ਭੜੂਏ ਨੂੰ ਕੋਈ ਫਿਕਰ ਨਹੀਂ ਸੀ। ਅਠਾਰ੍ਹਾਂ-ਵੀਹ ਘੰਟੇ ਰੋਜ਼ਾਨਾ ਕੰਮ ਕਰਨਾ ਬਹੁਤ ਸਾਰਿਆਂ ਦਾ "ਨਸੀਬ" ਬਣ ਚੁੱਕਾ ਸੀ। ਖਾਣ-ਪੀਣ, ਸੌਣ-ਪੈਣ, ਅਰਾਮ ਜਾਂ ਜ਼ਿੰਦਗੀ ਜੀਊਣ ਜੋਗਾ ਸਮਾਂ ਹੀ ਕੌਣ ਦਿੰਦਾ ਸੀ ਉਨ੍ਹਾਂ ਨੂੰ। ਜਦੋਂ ਪਾਣੀ ਗਲੋਂ ਉੱਪਰ ਚਲਾ ਜਾਵੇ ਤਾਂ ਮਨੁੱਖ ਜੀਊਣ ਲਈ ਚਾਰਾ ਕਰਦਾ ਹੈ। ਮਜ਼ਦੂਰਾਂ ਦੀ ਅਜਿਹੀ ਸਥਿਤੀ ਦੇ ਸਬੰਧ 'ਚ ਮਾਈਕਲ ਸ਼੍ਵਾਬ ਦੇ ਸ਼ਬਦ ਚੇਤੇ ਕਰਨੇ ਚਾਹੀਦੇ ਹਨ "ਲੱਖਾਂ ਮਜ਼ਦੂਰ ਭੁੱਖੇ ਮਰ ਰਹੇ ਹਨ ਤੇ ਉਹ ਅਵਾਰਾਗਰਦਾਂ ਵਰਗਾ ਜੀਵਨ ਬਤੀਤ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਸਭ ਤੋਂ ਜ਼ਾਹਿਲ ਉਜਰਤੀ ਗੁਲਾਮ ਵੀ ਸੋਚਣਾ ਸ਼ੁਰੂ ਕਰ ਦਿੰਦਾ ਹੈ। ਸਾਂਝੀ ਮੁਸੀਬਤ ਉਨ੍ਹਾਂ ਨੂੰ ਸਪਸ਼ਟ ਕਰ ਦਿੰਦੀ ਹੈ ਕਿ ਉਹ ਹਰ ਹੀਲੇ ਇਕੱਠੇ ਹੋਣ ਤੇ ਉਹ ਹੋ ਜਾਂਦੇ ਹਨ"। ਉਦੋਂ ਮਜ਼ਦੂਰਾਂ ਦੀ ਇਹ ਸਥਿਤੀ ਸੀ।


ਜਦੋਂ ਸਰਮਾਏਦਾਰਾਂ ਨੇ ਮਜ਼ਦੂਰਾਂ ਉੱਤੇ ਅਸਹਿ ਅਤੇ ਅਕਹਿ ਜ਼ੁਲਮ ਢਾਹੁਣੇ ਜਾਰੀ ਰੱਖੇ ਤਾਂ ਕਾਮਿਆਂ ਨੇ ਛੋਟੇ ਛੋਟੇ ਗਰੁੱਪਾਂ ਰਾਹੀਂ ਇਕੱਠੇ ਹੋਣਾ ਤੇ ਸੋਚਣਾ ਸ਼ੁਰੂ ਕੀਤਾ ਕਿ ਅਜਿਹੀ ਜਾਲਮ ਸਥਿਤੀ ਵਿਚ ਜੀਊਣ ਦਾ ਸਬੱਬ ਕਿਵੇਂ ਬਣੇ, ਕਿਵੇਂ ਉਹ ਆਪਣੇ ਬਾਲ-ਬੱਚੇ ਪਾਲਣ ਆਦਿ। ਕੁਦਰਤੀ ਹੀ ਉਨ੍ਹਾਂ ਨੇ ਆਪਣੇ ਕਦਮ ਮਜ਼ਦੂਰ ਏਕੇ ਵੱਲ ਵਧਾਏ। 1881 ਵਾਲੇ ਦਹਾਕੇ ਵਿਚ ਮਜ਼ਦੂਰਾਂ ਨੇ ਆਪਣੇ ਆਪ ਨੂੰ 12 ਘੰਟੇ ਦੀ ਕੰਮ ਦਿਹਾੜੀ ਨੂੰ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਦੁਆਲੇ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ, ਉਂਜ ਭਾਵੇਂ ਇਹ ਮੰਗ 1866 ਤੋਂ ਉੱਠੀ ਸੀ ਜਿਸ ਦਾ ਲਗਾਤਾਰ ਪ੍ਰਚਾਰ ਹੁੰਦਾ ਰਿਹਾ। 1885 ਤੱਕ 8 ਘੰਟੇ ਕੰਮ ਦੀ ਕੰਮ ਦਿਹਾੜੀ ਵਾਲੀ ਮੰਗ ਹਰ ਕਿਸੇ ਦੀ ਜ਼ੁਬਾਨ 'ਤੇ ਚੜ੍ਹ ਗਈ ਸੀ ਤੇ ਜਨਤਕ ਰੂਪ ਧਾਰ ਗਈ ਸੀ। ਅਮਰੀਕਾ ਦੇ ਸਾਰੇ ਵੱਡੇ ਸਨਅਤੀ ਕੇਂਦਰਾਂ 'ਚ ਮਜ਼ਦੂਰਾਂ ਵਲੋਂ ਮੁਜ਼ਾਹਰੇ ਹੋਏ। ਫੇਰ 1886 ਦੇ ਸ਼ੁਰੂ ਤੋਂ ਹੀ ਅਮਰੀਕਾ ਦੇ ਇਕ ਸਿਰੇ ਤੋਂ ਦੂਜੇ ਸਿਰੇ ਭਾਵ ਨਿਊਯਾਰਕ ਤੋਂ ਸਾਨਫਰਾਂਸਿਸਕੋ ਤੱਕ ਆਮ ਮੁਜ਼ਾਹਰੇ ਹੋਏ, ਪਰ ਘੋਲ ਦਾ ਕੇਂਦਰ ਸ਼ਹਿਰ ਸ਼ਿਕਾਗੋ ਸੀ।

ਪਹਿਲੀ ਮਈ 1886 ਨੂੰ ਸ਼ਿਕਾਗੋ ਦੀ ਹੇਅ ਮਾਰਕੀਟ ਦੇ ਦੁਆਲੇ ਕਾਮੇ ਇਕੱਠੇ ਹੋਏ। ਇਸ ਦਿਨ 80 ਹਜ਼ਾਰ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਦੇ ਨਾਅਰਿਆਂ ਨਾਲ ਸ਼ਹਿਰ ਦੀਆਂ ਸੜਕਾਂ ਗੂੰਜਣ ਲਾ ਦਿੱਤੀਆਂ। ਇਹ ਮੁਜ਼ਾਹਰੇ ਅਗਲੇ ਦੋ ਦਿਨ ਵੀ ਜਾਰੀ ਰਹੇ ਪਰ ਤਿੰਨ ਮਈ ਨੂੰ ਪੁਲੀਸ ਨੇ ਬਿਨਾ ਕਿਸੇ ਭੜਕਾਹਟ ਦੇ ਅਤੇ ਬਿਨਾਂ ਕਿਸੇ ਵਾਰਨਿੰਗ ਤੋਂ ਹੱਕ ਮੰਗਦੇ ਨਿਹੱਥੇ ਮਜ਼ਦੂਰਾਂ 'ਤੇ ਗੋਲੀ ਚਲਾ ਦਿੱਤੀ ਜਿਸ ਨਾਲ 6 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਜ਼ਖ਼ਮੀ ਹੋ ਗਏ। 4 ਮਈ ਨੂੰ ਪੁਲੀਸ ਵਲੋਂ ਹੋਏ ਇਸ ਵਹਿਸ਼ੀ ਜਬਰ ਦੇ ਖਿਲਾਫ ਸ਼ਹਿਰ ਦੇ ਕੇਂਦਰੀ ਚੌਕ ਵਿਚ ਰੈਲੀ ਹੋਈ। ਇਸ ਰੈਲੀ ਵਿਚ ਕਿਸੇ ਹੜਤਾਲ ਤੋੜਨ ਵਾਲੇ ਸਰਕਾਰੀ ਏਜੰਟ ਨੇ ਭੜਕਾਹਟ ਪੈਦਾ ਕਰਨ ਵਾਸਤੇ ਬੰਬ ਸੁੱਟ ਦਿੱਤਾ। ਇਕ ਪੁਲਸੀਆ ਮਾਰਿਆ ਗਿਆ, ਪੰਜ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਸਰਕਾਰ ਨੇ ਮੌਕਾ ਤਾੜ ਕੇ ਮਜ਼ਦੂਰ ਜਮਾਤ ਨੂੰ ਖ਼ੂਬ ਭੰਡਿਆ। ਮਜ਼ਦੂਰਾਂ ਤੇ ਅੰਨ੍ਹਾਂ ਤਸ਼ੱਦਦ ਕੀਤਾ ਅਤੇ ਬਹੁਤ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ। ਆਖਰ ਝੂਠ ਦੇ ਪੁੱਤਰ ਬੇਈਮਾਨ ਸਰਕਾਰੀ ਅਧਿਕਾਰੀਆਂ ਨੇ ਕਾਲੇ ਦਿਲਾਂ ਵਾਲੇ ਭਾੜੇ ਦੇ ਟੱਟੂ ਪੈਸੇ ਨਾਲ ਖਰੀਦ ਕੇ ਝੂਠ ਦਾ ਜਾਲ ਬੁਣਿਆਂ। ਕਹੇ ਜਾਂਦੇ "ਇਨਸਾਫ ਦੇ ਫਰਿਸ਼ਤਿਆਂ" ਅੱਗੇ ਖਰੀਦੇ ਹੋਏ ਪੁਲੀਸ ਟਾਊਟਾਂ ਨੂੰ ਗਵਾਹਾਂ ਦੇ ਰੂਪ ਵਿਚ ਪੇਸ਼ ਕਰਕੇ ਘੜੇ ਘੜਾਏ ਫਤਵਿਆਂ ਰਾਹੀਂ ਬੇਕਸੂਰ ਮਜ਼ਦੂਰ ਆਗੂਆਂ ਨੂੰ ਫਾਂਸੀ ਦੀਆਂ ਸਜ਼ਾਵਾਂ ਸੁਣਾਈਆਂ। 11 ਨਵੰਬਰ 1887 ਨੂੰ ਅਲਬਰਟ ਪਾਰਸਨ, ਔਗਸਤ ਸਪਾਈਸ, ਜਾਰਜ ਏਂਜਲ ਅਤੇ ਅਡੋਲਫ ਫਿਸ਼ਰ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਨ੍ਹਾਂ ਸੂਰਮਿਆਂ ਨੇ ਆਪਣੀਆਂ ਜਾਨਾਂ ਆਪਣੇ ਲੋਕਾਂ ਅਤੇ ਆਪਣੇ ਕਾਜ਼ ਨੂੰ ਭੇਟ ਕਰ ਦਿੱਤੀਆਂ। ਫਾਂਸੀ ਦੇ ਤਖ਼ਤੇ ਵੱਲ ਵਧਦਿਆ ਔਗਸਤ ਸਪਾਈਸ ਦੇ ਅੰਤਮ ਸ਼ਬਦ ਸਨ- "ਇਕ ਸਮਾ ਆਵੇਗਾ, ਜਦੋਂ ਸਾਡੀ ਚੁੱਪ, ਸਾਡੇ ਸ਼ਬਦਾ ਨਾਲੋਂ ਜ਼ਿਆਦਾ ਬੋਲੇਗੀ।" ਵਰਤਮਾਨ ਅੰਦਰ ਉਹ ਹੀ ਚੁੱਪ ਦੁਨੀਆਂ ਭਰ 'ਚ ਕਿਰਤ ਦੀ ਲੁੱਟ ਤੋਂ ਰਾਖੀ ਕਰ ਰਹੇ ਸੰਘਰਸ਼ਾਂ ਦੇ ਰੂਪ ਵਿਚ ਬੋਲਦੀ ਹੈ - ਭਾਰਤ ਅੰਦਰਲਾ ਕਿਸਾਨੀ ਸੰਘਰਸ਼ ਸਾਡੇ ਵਾਸਤੇ ਇਸ ਦੀ ਮਿਸਾਲ ਹੈ।

ਦੂਜੀ ਕੌਮਾਂਤਰੀ ਦੀ ਕਾਂਗਰਸ ਨੇ 1889 ਵਿਚ ਪਹਿਲੀ ਮਈ ਨੂੰ ਮਜ਼ਦੂਰਾਂ ਦੇ ਇਕਮੁੱਠਤਾ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਲਿਆ। 1890 ਤੋਂ ਪਹਿਲੀ ਮਈ ਦਾ ਦਿਹਾੜਾ ਸ਼ਹੀਦਾਂ ਦੀ ਯਾਦ ਵਜੋਂ ਸੰਸਾਰ ਪੱਧਰ 'ਤੇ ਮਨਾਇਆ ਜਾਂਦਾ ਹੈ ਜੋ ਮਜ਼ਦੂਰਾਂ ਦੀ ਕੌਮਾਂਤਰੀ ਸਾਂਝ ਨੂੰ ਤਕੜਿਆ ਕਰਦਾ ਹੈ। ਦੁਨੀਆਂ ਭਰ ਵਿਚ ਇਕ-ਦੋ ਦੇਸ਼ਾਂ ਨੂੰ ਛੱਡ ਕੇ ਇਸ ਦਿਨ ਸਰਕਾਰੀ ਛੁੱਟੀ ਹੁੰਦੀ ਹੈ। ਹਰ ਥਾਵੇਂ ਲੋਕ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।

ਅੱਜ ਪਹਿਲਿਆਂ ਸਮਿਆਂ ਨਾਲੋਂ ਸੰਸਾਰ ਸਥਿਤੀ ਹੀ ਨਹੀਂ ਮਜ਼ਦੂਰਾਂ ਦੀ ਹਾਲਤ ਵੀ ਬਦਲੀ ਹੈ ਪਰ ਬੁਨਿਆਦੀ ਸਵਾਲਾਂ ਅੰਦਰ ਕਿੰਨੀ ਤਬਦੀਲੀ ਆਈ ਹੈ। ਇੱਥੇ ਸਰਮਾਏਦਾਰੀ ਦੇ ਖਾਸੇ ਬਾਰੇ ਦੁਨੀਆਂ ਦੇ ਮਹਾਨ ਚਿੰਤਕ ਕਾਰਲ ਮਾਰਕਸ ਦੇ ਵਿਚਾਰ ਚੇਤੇ ਕਰਨੇ ਬਹੁਤ ਸਾਰਥਕ ਹਨ - ਮਾਰਕਸ ਨੇ ਲਿਖਿਆ ਸੀ :

"ਸਰਮਾਏਦਾਰੀ ਜਿੱਥੇ ਵੀ ਹੋਂਦ ਵਿਚ ਆਈ ਹੈ ਉੱਥੇ ਹੀ ਇਸ ਨੇ ਜਗੀਰੂ, ਪਿਤਾ-ਪੁਰਖੀ ਅਤੇ ਆਦਰਸ਼ਕ ਪੇਂਡੂ ਰਿਸ਼ਤਿਆਂ ਨੂੰ ਤਬਾਹ ਕਰ ਦਿੱਤਾ ਹੈ। ਇਸ ਨੇ ਬੜੀ ਬੇਰਹਿਮੀ ਨਾਲ ਮਨੁੱਖ ਨੂੰ ਆਪਣੇ ਕੁਦਰਤੀ ਵਡੇਰਿਆਂ ਨਾਲ ਜੋੜਨ ਵਾਲੀਆਂ ਜਗੀਰੂ ਤੰਦਾਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਇਸ ਨੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਨੂੰ ਨੰਗੇ ਚਿੱਟੇ ਸੁਆਰਥ ਅਤੇ ਪੈਸੇ ਦੀ ਕਦੇ ਨਾ ਪੂਰੀ ਹੋਣ ਵਾਲੀ ਭੁੱਖ ਉੱਤੇ ਨਿਰਭਰ ਕਰ ਦਿੱਤਾ ਹੈ ਭਾਵ ਮਨੁੱਖ ਨੂੰ ਘੋਰ ਸੁਆਰਥੀ ਬਣਾ ਦਿੱਤਾ ਹੈ ਅਤੇ ਪੈਸੇ ਲਈ ਹਲਕਾ ਦਿੱਤਾ ਹੈ। ਇਸ ਨੇ ਮਨੁੱਖੀ ਨੇਕ ਲਗਨ, ਮਨੁੱਖੀ ਦਲੇਰੀ, ਮਨੁੱਖੀ ਜੋਸ਼ ਅਤੇ ਆਮ ਮਨੁੱਖੀ ਭਾਵਨਾਵਾਂ ਨੂੰ ਨਿੱਜੀ ਸੁਆਰਥ ਦੇ ਬਰਫੀਲੇ ਪਾਣੀਆਂ ਵਿਚ ਡੋਬ ਦਿੱਤਾ ਹੈ। ਇਸ ਨੇ ਮਨੁੱਖੀ ਸਵੈਮਾਣ ਨੂੰ





ਵਿਕਾਊ ਮਾਲ ਬਣਾ ਦਿੱਤਾ ਹੈ ਅਤੇ ਬੜੀ ਮਹਿੰਗੀ ਕੀਮਤ ਤਾਰ ਕੇ ਪ੍ਰਾਪਤ ਕੀਤੀਆਂ ਗਈਆਂ ਮਨੁੱਖੀ ਆਜ਼ਾਦੀਆਂ ਨੂੰ ਖਤਮ ਕਰਕੇ ਬਿਨਾ ਸ਼ੱਕ ਇਕੋ ਇਕ ਬੇ-ਜ਼ਮੀਰ ਆਜ਼ਾਦੀ ਤੱਕ ਸੀਮਤ ਕਰ ਦਿੱਤਾ ਹੈ ਇਹ ਹੈ ਅਜ਼ਾਦ ਵਪਾਰ। ਸੰਖੇਪ ਵਿਚ ਧਾਰਮਕ ਅਤੇ ਰਾਜਸੀ ਭੁਲੇਖਿਆ ਦੇ ਪਰਦੇ ਹੇਠ ਕੀਤੀ ਜਾਂਦੀ ਲੁੱਟ ਖਸੁੱਟ ਦੀ ਥਾਂ ਇਸਨੇ ਨੰਗੀ, ਬੇਸ਼ਰਮ, ਸਿੱਧੀ ਵਹਿਸ਼ੀ ਲੁੱਟ-ਖਸੁੱਟ ਨੂੰ ਦੇ ਦਿੱਤੀ ਹੈ। ਸਰਮਾਏਦਾਰੀ ਨੇ ਹੁਣ ਤੱਕ ਨੇਕ ਸਮਝੇ ਜਾਂਦੇ ਅਨੇਕ ਕਿੱਤਿਆਂ ਦੀ ਪਵਿੱਤਰਤਾ ਨੂੰ ਖਤਮ ਕਰ ਦਿੱਤਾ ਹੈ। ਪੁ-ਜਾਰੀ, ਕਵੀ (ਸਾਹਿਤਕਾਰ), ਸਾਇੰਸਦਾਨ, ਡਾਕਟਰ, ਵਕੀਲ ਆਦਿ ਪੈਸੇ ਕਮਾਉਣ ਦੀਆਂ ਮਸ਼ੀਨਾਂ ਬਣ ਗਏ ਹਨ। ਸਰਮ-ਏਦਾਰੀ ਨੇ ਮਨੁੱਖੀ ਮਿਹਨਤ ਰਿਸ਼ਤਿਆਂ 'ਚੋਂ ਮਨੁੱਖੀ ਜਜ਼ਬਿਆਂ ਨੂੰ ਖਤਮ ਕਰਕੇ ਇਨ੍ਹਾਂ ਰਿਸ਼ਤਿਆਂ ਨੂੰ ਸਿਰਫ ਤੇ ਸਿਰਫ ਮਾਇਕ ਰਿਸ਼ਤਿਆਂ ਤੱਕ ਸੀਮਤ ਕਰ ਦਿੱਤਾ ਹੈ।"

**ਕਾਰਲ ਮਾਰਕਸ , ਫਰੈਡਰਿਕ ਏਂਗਲਜ਼**
**(ਕਮਿਊਨਿਸਟ ਮੈਨੀਫੈਸਟੋ 'ਚੋਂ)**

ਭਾਵੇਂ ਪਹਿਲਾਂ ਤੋਂ ਹੁਣ ਤੱਕ ਬਹੁਤ ਤਬਦੀਲੀ ਆਈ ਹੈ ਪਰ ਸਰਮਾਏਦਾਰੀ ਅੰਦਰੋਂ ਕਿਸੇ ਤਰ੍ਹਾਂ ਵੀ ਵੱਧ ਤੋਂ ਵੱਧ ਮੁਨਾਫੇ ਕਮਾਉਣ ਦੀ ਹਵਸ ਵਾਲੀ ਪਸ਼ੂ-ਬਿਰਤੀ ਅਜੇ ਮਰੀ ਨਹੀਂ। ਅੱਜ ਦੇ ਗਲੋਬਲੀ ਪਸਾਰੇ ਦੇ ਘੇਰੇ ਵਿਚ ਮੁਨਾਫਿਆਂ ਦੀ ਹਵਸ ਹੋਰ ਵਧ ਗਈ ਹੈ। ਇਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹਨ ਇਕਮੁੱਠ ਮਜ਼ਦੂਰਾਂ ਦੇ ਸੰਘਰਸ਼ਮਈ ਖਾੜਕੂ ਘੋਲ। ਇਹ ਮਜ਼ਦੂਰਾਂ ਵਲੋਂ ਜਥੇਬੰਦ ਹੋਇਆਂ ਹੀ ਹੋ ਸਕਦੇ ਹਨ। ਮਜ਼ਦੂਰਾਂ ਅੰਦਰ ਇਨ੍ਹਾਂ ਦੇ ਵਿਰੋਧੀਆਂ (ਸਰਮਾਏਦਾਰੀ ਦੇ ਦਲਿਆਂ) ਵਲੋਂ ਭਰਮ ਭੁਲੇਖੇ ਪੈਦਾ ਕੀਤੇ ਜਾਂਦੇ ਹਨ ਜੋ ਹੁੰਦੇ ਤਾਂ ਮਾਮੂਲੀ ਹਨ ਪਰ ਗੈਰ-ਜਥੇਬੰਦ ਅਤੇ ਆਮ ਕਰਕੇ ਰਾਜਸੀ ਅਤੇ ਸਮਾਜਕ ਪੱਖੋਂ ਘੱਟ ਸੂਝ ਰੱਖਦੇ ਮਜ਼ਦੂਰਾਂ ਦੀ ਕੱਚ ਘਰੜ ਸਮਝ ਕੁਰਾਹੇ ਪੈ ਤੁਰਦੀ ਹੈ ਜਿਸ ਨਾਲ ਮਜ਼ਦੂਰ ਲਹਿਰ ਨੂੰ ਬਹੁਤ ਨੁਕਸਾਨ ਹੁੰਦਾ ਹੈ। ਇਸ ਗੱਲ 'ਤੇ ਜ਼ੋਰ ਦਿੰਦਿਆ ਜੂਨ 1927 ਦੇ "ਕਿਰਤੀ" ਵਿਚ ਲਿਖਿਆ ਗਿਆ ਸੀ, "ਲੋਕਾਂ ਨੂੰ ਆਪਸ ਵਿਚ ਲੜਨ ਤੋਂ ਰੋਕਣ ਲਈ ਜਮਾਤੀ ਸੂਝ ਦੀ ਲੋੜ ਹੈ। ਗਰੀਬਾਂ, ਕਿਰਤੀਆਂ ਅਤੇ ਕਿਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ ਇਸ ਕਰਕੇ ਤੁਹਾਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚਕੇ ਰਹਿਣਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਬ ਦੇ ਹੋਣ ਹੱਕ ਇੱਕੋ ਹੀ ਹਨ। ਤੁਹਾਡਾ ਭਲਾ ਇਸ ਵਿਚ ਹੈ ਕਿ ਤੁਸੀਂ ਧਰਮ, ਰੰਗ, ਕੌਮ, ਨਸਲ ਤੇ ਦੇਸ਼ਾਂ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਉ ਅਤੇ ਸਰਕਾਰ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦਾ ਯਤਨ ਕਰੋ। ਇਨ੍ਹਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ਼ ਨਹੀਂ ਹੋਵੇਗਾ ਕਿਸੇ ਦਿਨ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਅਤੇ ਤੁਹਾਨੂੰ ਆਰਥਿਕ ਸੁਤੰਤਰਤਾ ਮਿਲ ਜਾਵੇਗੀ।"

ਭਾਰਤ ਦੀ ਮਜ਼ਦੂਰ-ਕਿਸਾਨ ਜਮਾਤ (ਕਿਰਤੀਆਂ) ਨੇ ਆਪਣੀ ਸਖਤ ਮਿਹਨਤ ਨਾਲ ਮੁਲਕ ਨੂੰ ਦੁਨੀਆਂ 'ਚ ਨਾਮਣੇ ਜੋਗਾ ਕੀਤਾ ਹੈ। ਜੇ ਅਜੇ ਵੀ ਮੁਲਕ ਵਿਚ ਗਰੀਬੀ, ਬੇਕਾਰੀ, ਅਨਪੜ੍ਹਤਾ, ਜਹਾਲਤ ਅਤੇ ਭ੍ਰਿਸ਼ਟਾਚਾਰ ਹੈ ਤਾਂ ਮੁਲਕ ਦੇ ਕਮੇ-ਕਿਰਤੀਆਂ ਕਰਕੇ ਨਹੀਂ ਸਗੋਂ ਮੁਲਕ ਅੰਦਰ ਸਰਮਾਏਦਾਰੀ ਪ੍ਰਬੰਧ ਦੇ ਭੈੜ ਹਨ ਭਾਵ ਮੁਨਾਫਿਆਂ ਦੀ ਹਵਸ ਵਾਲਾ ਝੋਟਾ ਅਤੇ&; ਇਸ ਨੂੰ ਲੱਗੀਆਂ ਜੂਆਂ (ਸਰਮਾਏਦਾਰੀ ਪ੍ਰਬੰਧ ਦੇ ਸਾਰੇ ਭੈੜ) ਹਨ। ਲੋੜ ਹੈ ਇਸ ਅਜਿਹੇ ਬੇਈਮਾਨੀ ਭਰੇ ਲੋਕ ਦੋਖੀ ਪ੍ਰਬੰਧ ਨੂੰ ਭੰਨ-ਤੋੜ ਸੁੱਟਣ ਦੀ ਤਾਂ ਕਿ ਭਾਈਚਾਰਕ ਬਰਾਬਰੀ ਵਾਲਾ ਸਮਾਜ ਉਸਰ ਸਕੇ। ਸੋਚਣ ਵਾਲੀ ਗੱਲ ਇਹ ਹੈ ਕਿ ਲੋਕ ਕਦੋਂ ਕੁ ਤੱਕ ਇੰਜ ਬਰਦਾਸ਼ਤ ਕਰੀ ਜਾਣਗੇ। ਦੇਸ਼ ਭਗਤ ਬਾਬਿਆਂ ਨੇ ਬਹੁਤ ਵੱਡੇ ਦਾਈਏ ਬੰਨ੍ਹੇ ਸਨ। ਕੀ ਦੇਸ਼ ਉਨ੍ਹਾਂ ਸੁਪਨਿਆਂ ਦੇ ਨੇੜੇ-ਤੇੜੇ ਵੀ ਅੱਪੜਿਆ, ਜਵਾਬ ਨਾਂਹ ਵਿਚ ਹੈ। ਰਾਜ ਗੱਦੀਆਂ 'ਤੇ ਬੈਠਣ ਵਾਲਿਆਂ ਦਾ ਤਾਂ ਏਜੰਡਾ ਹੀ ਗਰੀਬ, ਕਿਸਾਨ, ਮਜ਼ਦੂਰ ਵਿਰੋਧੀ ਰਿਹਾ ਹੈ ਜੋ ਅਜੇ ਵੀ ਹੈ। ਹੁਣ ਤਾਂ ਗਲੋਬਲੀ ਸਰਮਾਏ ਦੀ ਭਾਈਵਾਲੀ ਨੇ ਗਿਰਝਾਂ ਦਾ ਰੂਪ ਧਾਰ ਕੇ ਕਿਰਤੀਆਂ, ਕਿਸਾਨਾਂ ਭਾਵ ਕਿ ਹਰ ਮਿਹਨਤਕਸ਼&; ਦੇ ਮਾਸ ਦੀ ਆਖਰੀ ਬੋਟੀ ਤੋਂ ਸਭ-ਕੁੱਝ ਚਰੂੰਡਣ ਦਾ ਨਿਸ਼ਾਨਾ ਮਿੱਥਿਆ ਹੋਇਆ, ਜੋ ਆਮ ਲੋਕਾਂ ਦੀ ਜ਼ਿੰਦਗੀ ਨੂੰ ਲਗਾਤਾਰ ਬਦ ਤੋਂ ਬਦਤਰ ਕਰੀ ਜਾ ਰਹੇ ਹਨ।

ਉਘੇ ਦੇਸ਼ ਭਗਤ ਬਾਬਾ ਪ੍ਰਿਥਵੀ ਸਿੰਘ ਅਜ਼ਾਦ ਦੇਸ਼ ਦੀ ਅਜ਼ਾਦੀ ਦੇ ਘੋਲ ਵਿਚ ਵੱਡਾ ਹਿੱਸਾ ਪਾਉਣ ਵਾਲਿਆਂ ਵਿਚੋਂ ਸਨ। ਉਨ੍ਹਾਂ ਆਪਣੇ ਦਿਲ ਤੇ ਦੇਸ਼ ਦਾ ਦੁੱਖ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ, ਉਹ ਲਿਖਦੇ ਹਨ: "ਅਜ਼ਾਦੀ ਤੋਂ ਬਾਅਦ ਸਹੀ ਸੇਧ ਵਿਚ ਚੱਲਣਾ ਬਹੁਤ ਜ਼ਰੂਰੀ ਸੀ ਪਰ ਅਸੀਂ




ਇਸ ਵਿਚ ਫੇਲ੍ਹ ਹੋ ਗਏ ਹਾਂ। ਧਨ-ਦੌਲਤ ਦੇ ਗੇੜ ਵਿਚ ਪੈ ਗਏ ਹਾਂ। ਮੈਂ ਆਪਣੀ ਮਾਂ-ਭੂਮੀ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਨ੍ਹਾਂ ਸਵਾਲਾਂ ਉੱਤੇ ਵਿਚਾਰ ਕਰਨ ਕਿ ਭਾਰਤ ਕਿੱਧਰ ਨੂੰ ਜਾ ਰਿਹਾ ਹੈ? ਅਜ਼ਾਦ ਭਾਰਤ ਵਿਚ ਗਰੀਬੀ ਕਿਉਂ ਵਧ ਰਹੀ ਹੈ? ਸਾਡੇ ਕੌਮੀ ਜੀਵਨ ਵਿਚ ਭ੍ਰਿਸ਼ਟਾਚਾਰ ਕਿਵੇਂ ਧਸ ਗਿਆ ਹੈ? ਦਿਨੋ-ਦਿਨ ਅਮੀਰ ਤੇ ਗਰੀਬ ਵਿਚ ਪਾੜਾ ਕਿਉਂ ਵਧ ਰਿਹਾ ਹੈ? ਦੇਸ਼ ਦੀ ਇਸ ਹਾਲਤ ਅਤੇ ਨਿਘਾਰ ਲਈ ਕੌਣ ਜ਼ਿੰਮੇਵਾਰ ਹੈ? ਜੀਵਨ ਦੇ ਸਾਰੇ ਖੇਤਰਾਂ ਵਿਚ ਇਖਲਾਕੀ ਕਦਰਾਂ ਦੇ ਖੁਰਦੇ ਜਾਣ ਨੂੰ ਰੋਕਣ ਤੋਂ ਅਸੀਂ ਕਿਉਂ ਅਸਮਰਥ ਹਾਂ?".....ਬਾਬਾ ਜੀ ਨੇ ਅੱਗੇ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਹਾ ਹੈ ਕਿ "ਇਹ ਭ੍ਰਿਸ਼ਟਾਚਾਰੀ ਪ੍ਰਬੰਧ ਖੁਦ ਦੇਸ਼ ਦਿਆਂ ਹਾਕਮਾਂ ਨੇ ਪੈਦਾ ਕੀਤਾ ਹੈ। ਸਾਡੀ ਉਨਤੀ ਤੇ ਖੁਸ਼ਹਾਲੀ ਨਾਮਧਰੀਕ ਹੈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਾਡੇ ਵਾਹੀਕਾਰ ਤੇ ਕਿਰਤੀ ਲੋਕ ਇਸ ਸਰਮਾਏਦਾਰ ਸਮਾਜ ਅੱਗੇ ਸਿਰ ਝੁਕਾਈ ਰੱਖਣਗੇ ਜਾਂ ਇਸ ਨੂੰ ਚੈਲਿੰਜ ਕਰਨਗੇ। ਭਾਰਤ ਦੇ ਕਿਸਾਨਾਂ ਤੇ ਮਜ਼ਦੂਰਾਂ ਨੇ ਆਪਣੇ ਰਾਹੇ ਜਾਣ ਦਾ ਫੈਸਲਾ ਕਰਨਾ ਹੈ। ਸੋਸ਼ਲਿਸਟ ਪ੍ਰਬੰਧ ਹੀ ਨਿਜਾਤ ਦਾ ਰਾਹ ਹੈ।"

ਇਨ੍ਹਾਂ ਸ਼ਬਦਾਂ ਦੀ ਲੋਅ ਵਿਚ ਸੱਭਿਅਕ ਕਹੀ ਜਾਣ ਵਾਲੀ 21ਵੀਂ ਸਦੀ ਅੰਦਰ ਭਾਰਤ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਦੇਖਿਆ ਜਾ ਸਕਦਾ ਹੈ, ਜੋ ਅੱਜ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਹੱਕਾਂ ਲਈ ਸੰਘਰਸ਼ ਕਰ ਰਿਹਾਂ ਦੀਆਂ ਨਿੱਤ ਦਿਨ ਸ਼ਹਾਦਤਾਂ ਹੋ ਰਹੀਆਂ ਹਨ ਪਰ ਰਾਜ ਸੱਤਾ ਨਿਰਦਈ ਬਣੀ ਬੈਠੀ ਸਰਬੱਤ ਦੇ ਭਲੇ ਦਾ ਹੋਕਾ ਦੇਣ ਵਾਲਿਆਂ ਅਤੇ ਹਰ ਜੀਅ ਦੇ ਮੂੰਹ ਅੰਨ ਪਾਉਣ ਵਾਲਿਆਂ ਪ੍ਰਤੀ ਦੁਸ਼ਮਣਾਂ ਵਾਲੀ ਪਹੁੰਚ ਅਪਣਾ ਰਹੀ ਹੈ।

ਭਾਰਤ ਧਰਮ ਨਿਰਪੱਖ ਦੇਸ਼ ਕਹਾਉਂਦਾ ਹੈ। ਪਰ ਹਾਕਮ ਰਾਜ ਗੱਦੀ ਤੇ ਬਣੇ ਰਹਿਣ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈਣ ਵਿਚ ਕੋਈ ਰੱਤੀ ਭਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ ਸਗੋਂ "ਵੋਟ ਯੁੱਧ" ਦੇ ਮੈਦਾਨ ਵਿਚ ਖੁਦ ਫਿਰਕਾਪ੍ਰਸਤ ਹੋ ਜਾਂਦੇ ਹਨ ਪਰ ਬੇਸ਼ਰਮੀ ਦੀ ਹੱਦ ਕਿ ਮੂੰਹੋਂ ਨਾਮ ਫੇਰ ਵੀ "ਹਮ ਸਭ ਏਕ ਹੈਂ" ਦਾ ਹੀ ਲੈਂਦੇ ਹਨ। ਸਾਰਾ ਹੀ ਮੁਲਕ ਸੰਤਾਪ ਭੋਗ ਰਿਹਾ ਹੈ। ਪਿਛਲੇ ਕੁੱਝ ਸਮੇਂ ਤੋਂ ਤਾਂ ਇਸ ਦਾ ਚਲਣ ਬਹੁਤ ਜ਼ਿਆਦਾ ਵਧ ਗਿਆ ਹੈ। ਲਾਲਚੀ ਲੋਕ ਇਲਾਕਾਵਾਦ, ਭਾਸ਼ਾਵਾਦ ਤੇ ਕਈ ਹੋਰ ਕਿਸਮਾਂ ਦੀ ਡੱਫਲੀ ਬਜਾ ਕੇ ਆਪਣੇ ਸੌੜੇ ਮੁਫਾਦਾਂ ਖਾਤਰ ਆਮ ਕਿਰਤੀ ਲੋਕਾਂ ਨੂੰ ਪਾੜ ਵੀ ਰਹੇ ਹਨ ਤੇ ਮੂਰਖ ਵੀ ਬਣਾ ਰਹੇ ਹਨ। ਕਿਸੇ ਵੀ ਗੱਲ/ਮਸਲੇ ਨੂੰ ਹਕੀਕੀ ਹਾਲਤਾਂ ਅਨੁਸਾਰ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਧਾਰਮਿਕ ਵਿਸ਼ਵਾਸ ਕਿਸੇ ਦੇ ਜਿਹੜੇ ਮਰਜੀ ਹੋਣ ਪਰ ਦੁੱਖ-ਤਕਲੀਫਾਂ, ਮੰਗਾਂ, ਮੁਸੀਬਤਾਂ ਸਭ ਦੀਆਂ ਸਾਂਝੀਆਂ ਹਨ ਇਸ ਕਰਕੇ ਇਹ ਸਾਂਝੀ ਲੜਾਈ ਇਕੱਠਿਆਂ ਹੋ ਕੇ ਸਾਂਝੇ ਤੌਰ 'ਤੇ ਲੜੀ ਜਾਣੀ ਚਾਹੀਦੀ ਹੈ/ ਇਹ ਲੜੀ ਜਾ ਸਕਦੀ ਹੈ। ਆਖਰ ਲੜਨੀ ਹੀ ਪੈਣੀ ਹੈ, ਇਸ ਤੋਂ ਬਿਨਾਂ ਨਿਜਾਤ ਨਹੀਂ ਮਿਲਣੀ।

ਦੇਸ਼ ਦੇ ਕਿਰਤੀ ਕਿਸਾਨਾਂ, ਦਸਤਕਾਰ ਲੋਕਾਂ ਨੇ ਹਮੇਸ਼ਾਂ ਹੀ ਮੁਲਕ ਦੇ ਵਿਕਾਸ ਵਿਚ ਆਪਣੀ ਸਮਰੱਥਾ ਤੋਂ ਵੱਧ ਯੋਗਦਾਨ ਪਾਇਆ, ਪਰ ਮੁਨਾਫੇ ਉਨ੍ਹਾਂ ਨੇ ਖੱਟੇ ਜੋ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜ਼ਾਂ ਦੇ ਬੂਟ ਚੱਟਦੇ ਰਹੇ, ਦੇਸ਼ਭਗਤਾਂ ਦੀਆਂ ਅੰਗਰੇਜ਼ ਬਸਤੀਵਾਦੀਆਂ ਲਈ ਮੁਖਬਰੀਆਂ ਕਰਦੇ ਰਹੇ। ਆਜ਼ਾਦੀ ਉਪਰੰਤ ਕੌਮਾਂਤਰੀ ਸਰਮਾਏਦਾਰਾਂ ਨਾਲ ਰਲਕੇ 'ਸੋਨੇ ਦੀ ਚਿੜੀ' ਨੂੰ ਦੋਹੀਂ ਹੱਥ ਲੁੱਟਦੇ ਰਹੇ, ਅਜੇ ਵੀ ਲੁੱਟੀ ਜਾ ਰਹੇ ਹਨ। ਭਾਰਤ ਅੰਦਰ ਲੋਕ ਰਾਜ ਦੇ ਹੁੰਦਿਆਂ ਬਹੁਤ ਸਾਰੇ ਕਾਲੇ ਕਾਨੂੰਨ ਮੌਜੂਦ ਹਨ। ਉਹ ਸਾਰੇ ਹੀ ਆਪਣੀਆਂ ਹੱਕੀ ਮੰਗਾ ਲਈ ਘੋਲ ਕਰਦੇ ਲੋਕਾਂ ਦੇ ਖਿਲਾਫ ਵਰਤੇ ਜਾਂਦੇ ਹਨ। ਇੱਥੋਂ ਤੱਕ ਕਿ ਕਿਰਤੀ ਜਮਾਤ ਨਾਲ ਸਬੰਧਤ ਲੋਕ ਜਦੋਂ ਆਪਣੇ ਘੋਲਾਂ ਵਿਚ ਨਿੱਤਰੇ ਹੜਤਾਲਾਂ ਕੀਤੀਆਂ ਤਾਂ ਉਨ੍ਹਾਂ ਦੇ ਖਿਲਾਫ ਦਹਿਸ਼ਤ ਗਰਦੀ ਵਿਰੋਧੀ ਕਾਨੂੰਨ ਵਰਤੇ ਗਏ। ਹਾਲਾਂਕਿ ਇਹ ਜੱਗ ਜਾਹਰ ਹੈ ਕਿ ਮਜ਼ਦੂਰ ਜਮਾਤ ਬੇਫਿਕਰ ਹੋ ਕੇ ਦਹਿਸ਼ਤਗਰਦੀ ਦੇ ਖਿਲਾਫ ਲੜੀ। ਡੈਮੋਕ੍ਰੇਸੀ ਨੂੰ ਵਾਰ ਵਾਰ 'ਡਾਂਗੋਕ੍ਰੇਸੀ' ਨਾਲ ਹੱਕਿਆ ਗਿਆ, ਹੁਣ ਤਾਂ "ਰਾਮ-ਨਾਮ" ਨੂੰ ਵੀ ਡਾਂਗ ਵਾਂਗ ਡਰ-ਾਉਣ ਵਾਸਤੇ ਹੀ ਵਰਤਿਆ ਜਾਂਦਾ ਹੈ, ਇਹ ਭਾਈਚਾਰਕ ਸਾਂਝ ਦਾ ਪ੍ਰਤੀਕ ਨਹੀਂ ਰਿਹਾ, ਕਹਿੰਦੇ ਹਨ ਜੋ ਕਦੇ ਹੁੰਦਾ ਸੀ ਪਰ ਇਤਿਹਾਸ ਤਾਂ ਅਜਿਹੇ ਸਮੇਂ ਸ਼ੰਭੂਕ ਰਿਸ਼ੀ ਵਰਗਿਆਂ ਦੀ ਹੱਤਿਆ ਦਾ "ਕਿੱਸਾ" ਹੀ ਪੇਸ਼ ਕਰਦਾ ਹੈ । ਕੀ ਇਹ ਹੀ ਹੈ ਭਾਰਤੀ "ਲੋਕ ਰਾਜ"? ਨਿਆਂ ਇਸ ਰਾਜ ਵਿਚ ਅੱਖਾਂ 'ਤੇ ਪੱਟੀ ਬੰਨ੍ਹਕੇ, ਕੰਨਾਂ ਵਿਚ ਰੂੰਅ ਦੇ ਕੇ ਬੈਠਾ ਰਹਿੰਦਾ ਹੈ। ਛੋਟੀਆਂ ਛੋ-ਟੀਆਂ ਬੱਚੀਆਂ, ਧੀਆਂ-ਭੈਣਾਂ ਦੇ ਬਲਾਤਕਾਰ ਆਮ ਵਰਤਾਰਾ ਬਣਦੇ ਜਾ ਰਹੇ ਹਨ। ਹਕੂਮਤੀ ਧਿਰਾਂ ਸਿਰਫ ਖਾਨਾ-ਪੂਰਤੀ ਦਾ ਵਿਖਾਵਾ ਕਰਨ ਤੱਕ ਸੀਮਤ ਹੋ ਜਾਂਦੀਆਂ ਹਨ। ਬੇਦੋਸ਼ਿਆਂ ਨੂੰ ਭੀੜਾਂ ਤੋਂ ਕਤਲ ਕਰਵਾਉਣ ਵਾਲੇ ਗੁੰਡੇ ਸਰਕਾਰੀ ਸੁਰੱਖਿਆ ਦਾ ਨਿੱਘ ਮਾਣਦੇ ਹਨ। ਉੱਚੇ ਅਹੁਦਿਆਂ 'ਤੇ ਬੈਠ ਕੇ ਰਾਜ-ਭਾਗ ਚਲਾਉਂਦੇ ਹਨ ਸਰਕਾਰਾਂ ਕਮਿਸ਼ਨ ਦਰ ਕਮਿਸ਼ਨ ਕਾਇਮ ਕਰਕੇ ਲੋਕਾਂ ਨੂੰ ਮੂਰਖ ਬਨਾਉਣ ਦਾ ਕੰਮ ਕਰਦੀਆਂ ਹਨ। ਜਿੱਥੇ ਇਨਸਾਫ ਨਾ ਮਿਲਦਾ ਹੋਵੇ ਉਹਨੂੰ ਕਾਨੂੰਨ ਦਾ ਰਾਜ ਜਾਂ ਲੋਕ ਰਾਜ ਕਹਿਣਾ ਕਿੰਨਾ ਕੁ ਠੀਕ ਹੋ ਸਕਦਾ ਹੈ? ਸਿਆਸਤ ਹੁਣ ਸੇਵਾ ਨਹੀਂ ਧੰਦਾ ਬਣ ਗਈ ਹੈ, ਸਿਆਸਤ ਨੂੰ ਵੇਚਣ ਦਾ ਧੰਦਾ ਕਰਨ ਵਾਲੇ ਹਕੂਮਤੀ "ਲੋਕ" ਇਸ ਦੀ ਕਮਾਈ ਹੀ ਨਹੀਂ ਖਾ ਰਹੇ ਸਗੋਂ ਬੇ-ਤਹਾਸ਼ੇ ਮੁਨਾਫੇ ਵੀ ਕਮਾ ਰਹੇ ਹਨ। ਸੱਭਿਆਚਾਰਕ ਕਦਰਾਂ ਕੀਮਤਾਂ ਦਾ ਨਿੱਤ ਘਾਣ ਹੁੰਦਾ ਹੈ, ਮਨੁੱਖਾਂ ਵਿਚੋਂ ਨੈਤਿਕਤਾ ਦਾ ਖਾਤਮਾ ਹੀ ਹੋ ਗਿਆ ਲਗਦਾ ਹੈ।

ਅੱਜ ਵਿਸ਼ਵੀਕਰਨ ਦਾ ਬਹੁਤ ਖੌਰੂ ਪੈ ਰਿਹਾ ਹੈ। ਮੀਡੀਆ 'ਤੇ ਬਹੁਕੌਮੀ ਕੰਪਨੀਆਂ ਜਾਂ ਫੇਰ ਵੱਡੇ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਹਨ ਜਾਂ ਉਨ੍ਹਾਂ ਦਾ ਇਸ ਖੇਤਰ ਅੰਦਰ ਵੱਡਾ ਪ੍ਰਭਾਵ ਹੈ। ਇਸ ਕਰਕੇ ਹੀ ਗਲੀ-ਸੜੀ ਅਤੇ ਅਸਲੋਂ ਬੋਨੀ ਸੋਚ ਦੇ ਸਾਧਾਰਨ ਜਹੇ ਵਿਅਕਤੀਆਂ ਨੂੰ ਪ੍ਰਭਾਵਸ਼ਾਲੀ ਬਨਾਉਣ ਵਿਚ ਲੱਗੇ ਹੋਏ ਹਨ। ਮੀਡੀਏ ਦਾ ਵੱਡਾ ਹਿੱਸਾ "ਸੱਚ" ਦੇ ਨਾਂ ਹੇਠ ਰੱਜ ਕੇ ਝੂਠ ਵੇਚ ਰਿਹਾ ਹੈ। ਹਕੂਮਤ ਨੂੰ ਸੂਤ ਬੈਠਦਾ ਫਿਰਕਾਪ੍ਰਸਤੀ ਦਾ ਪ੍ਰਚਾਰ ਬਹੁਗਿਣਤੀ ਮੀਡੀਏ ਦਾ ਏਜੰਡਾ ਹੋ ਗਿਆ ਹੈ।

ਇਸ ਪਾਸੇ ਹਰ ਵਿਅਕਤੀ ਨੂੰ ਜਾਗ੍ਰਿਤ ਕਰਦਿਆਂ ਹੋਰ ਸੁਚੇਤ ਹੋਣ ਵਾਲਾ ਹੋਕਾ ਦੇਣ ਦੀ ਬਹੁਤ ਲੋੜ ਹੈ। ਹਰ ਚੰਗੀ ਮਨੁੱਖਵਾਦੀ ਅਤੇ ਸਾਂਝੀਵਾਲਤਾ ਭਰੀ ਸੋਚ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਜਾਂ ਫੇਰ ਨਕਾਰਨ ਦਾ ਜਤਨ ਕੀਤਾ ਜਾ ਰਿਹਾ ਹੈ। ਇਸ ਤੋਂ ਬਚਣ ਲਈ ਸਰਗਰਮੀ ਭਰਿਆ ਦਖਲ ਬਹੁਤ ਜ਼ਰੂਰੀ ਹੈ। ਇਸ ਨਕਲੀ ਵਿਸ਼ਵੀਕਰਨ (ਕੌਮਾਂਤਰੀ ਲੁੱਟਤੰਤਰ) ਦੇ ਝੂਠੇ ਵਣਜਾਰੇ ਸੰਸਾਰ ਦੇ ਇਕ ਪਿੰਡ ਬਣ ਜਾਣ ਵਾਲੇ ਛੁਣਛੁਣੇ ਨਾਲ ਦੁਧਾਰੀ ਦੇ ਕੇ ਸਾਰੇ ਪਿੰਡ ਨੂੰ ਹੀ ਲੁੱਟਣ 'ਤੇ ਲੱਗੇ ਹੋਏ ਹਨ। ਇਹ ਵਿਸ਼ਵੀਕਰਨ ਖਾਸ ਕਰਕੇ ਆਰਥਕ ਪੱਖੋਂ ਨਵ-ਬਸਤੀਵਾਦੀ ਪ੍ਰਬੰਧ ਹੈ। ਮਨੁੱਖੀ ਸਾਂਝਾ ਨੂੰ ਪਿਛਾਂਹ ਧੱਕਦਿਆ ਮਨੁੱਖ ਨੂੰ ਸਮਾਜ ਨਾਲੋਂ ਤੋੜਨ ਵਿਚ ਲੱਗੇ ਹੋਏ ਹਨ। ਸਾਡੇ ਅਮੀਰ ਵਿਰਸੇ ਵਿਚ ਸਦੀਆਂ ਤੋਂ "ਸਭੇ ਸਾਂਝੀਵਾਲ ...." ਦਾ ਹੋਕਾ ਮਿਲਦਾ ਹੈ ਅਤੇ 'ਬੇਗਮਪੁਰੇ ਦੀ ਸਿਰਜਣਾ' ਦਾ ਸੰਕਲਪ/ਸਿਧਾਂਤ ਬਰਾਬਰੀ ਅਤੇ ਦੀਨ ਦੁਖੀ ਨਾਲ ਖੜ੍ਹੇ ਹੋਣ ਦੇ ਬੋਲ ਉੱਚੇ ਕਰਦਾ ਹੈ। ਕਿਉਂ ਵਿਸਾਰੀਏ ਅਸੀਂ ਇਹੋ ਜਹੇ ਮਨੁੱਖਵਾਦੀ ਸਿਧਾਂਤ? ਇਹ ਧਾਰਮਿਕ ਪ੍ਰਵਚਨ ਨਹੀਂ ਸਗੋਂ ਸਮਾਜਕ ਵਿਹਾਰ ਨੂੰ ਬਰਾਬਰੀ ਤੱਕ ਲੈ ਜਾਣ ਵਾਲੇ ਮਨੁੱਖਤਾ ਦਾ ਪੱਖ ਪੂਰਨ ਵਾਲੇ ਸੁੱਚੇ ਬੋਲ ਹਨ। ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਕਦਮ ਅੱਗੇ ਤੁਰਨੇ ਚਾਹੀਦੇ ਹਨ, ਸਾਂਝਾਂ ਪੈਦਾ ਕਰਦਿਆ ਇਨ੍ਹਾਂ ਨੂੰ ਤਕੜੇ ਕਰਨਾ ਚਾਹੀਦਾ ਹੈ। ਇਨਸਾਨੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਇੱਥੇ ਜੁੜਨਾ ਹੀ ਪੈਣਾ ਹੈ। ਫਿਰਕਾਪ੍ਰਸਤੀ ਅਤੇ ਰੂੜੀਵਾਦੀ ਸੋਚ ਨੂੰ ਪ੍ਰਣਾਏ ਕਈ ਮੱਕਾਰ ਸਿਆਸਤਦਾਨ ਜਾਂ ਉਨ੍ਹਾਂ ਦੇ ਹਮਾਇਤੀ ਧਰਮ ਦੇ ਰਾਜ ਦੀਆਂ ਵੀ ਦੁਹਾਈਆਂ ਪਾਉਂਦੇ ਦੇਖੇ ਜਾ ਸਕਦੇ ਹਨ। ਧਰਮ ਦੇ ਨਾਂ ਵਾਲੀ ਸੋਚ ਵਿਚੋਂ ਤਾਂ ਸਿਰਫ ਕੁਚੱਜ ਭਰੇ "ਪਰਬੰਧ" ਜੰਮਦੇ ਹਨ ਜੋ ਧੱਕੇ / ਧੌਂਸ ਵਾਲੇ ਅਤੇ ਮਿਹਨਤਕਸ਼ਾਂ ਦੇ ਨੰਗੇ ਚਿੱਟੇ ਦੁਸ਼ਮਣ ਹੁੰਦੇ ਹਨ। ਹਰ ਕਿਸਮ ਦੀ ਫਿਰਕਾਪ੍ਰਸਤੀ ਫਾਸ਼ੀਵਾਦ ਨੂੰ ਜਨਮ ਦੇਣ ਦਾ ਕਾਰਨ ਬਣਦੀ ਹੈ। ਫਾਸ਼ੀਵਾਦ ਲੋਕਾਂ ਦਾ ਦੁਸ਼ਮਣ ਹੁੰਦਾ ਹੈ। ਹਰ ਕਿਸਮ ਦੇ ਫਿਕਾਪ੍ਰਸਤਾਂ ਦੇ ਖਿਲਾਫ ਘੋਲ ਜਮਾਤੀ ਸੂਝ ਨਾਲ ਪ੍ਰਪੱਕ ਹੋ ਕੇ ਹੀ ਲੜਿਆ ਜਾ ਸਕਦਾ ਹੈ/ ਲੜਿਆ ਜਾਣਾ ਚਾਹੀਦਾ ਹੈ, ਅੱਜ ਇਸਦੀ ਬਹੁਤ ਲੋੜ ਹੈ। ਕਿਰਤੀਆਂ ਦੇ ਸਾਂਝੇ ਸੰਘਰਸ਼ ਹੀ ਸਮਾਜ ਨੂੰ ਅੱਗੇ ਵੱਲ ਤੋਰ ਸਕਦੇ ਹਨ। ਅਜਿਹੀ ਸਥਿਤੀ ਵਿਚ ਬੁੱਧੀਜੀਵੀਆਂ ਦੇ ਜ਼ਿੰਮੇਵਾਰੀ ਬਹੁਤ ਵਧ ਜਾਂਦੀ ਹੈ ਕਿ ਉਹ ਹਾਲਤਾਂ ਨੂੰ ਭਾਂਪਦਿਆਂ, ਕਿਸਾਨਾਂ-ਮਜ਼ਦੂਰਾਂ ਨਾਲ ਸਾਂਝ ਵਧਾ ਕੇ ਉਨ੍ਹਾਂ ਦੇ ਹਕੀਕੀ ਮਸ ਲਿਆਂ ਬਾਰੇ ਠੀਕ ਨਿਰਣੇ ਕਰਨ ਅਤੇ ਆਪਣੇ ਲੋਕਾਂ ਨੂੰ ਸਹੀ ਸੇਧ ਦੇਣ। ਭਰੱਪਣ ਭਰੇ ਸਮਾਜ ਦੀ ਕਾਇਮੀ ਵੱਲ ਸਾਂਝੀ ਯਲਗਾਰ ਹੀ ਪਹਿਲੀ ਮਈ ਦਾ ਸੁਨੇਹਾ ਹੈ। ਕਿਰਤੀਆਂ ਖਾਤਰ ਜਾਨਾਂ ਵਾਰ ਗਏ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਵਲੋਂ ਸ਼ੁਰੂ ਕੀਤੇ ਕਾਜ਼ ਨੂੰ ਪ੍ਰਣਾਮ ਕਰਦਿਆਂ ਉਸ ਸੋਚ ਦਾ ਹਿੱਸਾ ਬਣਨਾ ਸਾਡਾ ਫਰਜ਼ ਹੋਣਾ ਚਾਹੀਦਾ ਹੈ। ਇਹ ਹੀ ਪਹਿਲੀ ਮਈ ਦੀ ਭਾਵਨਾ ਹੈ।

# ਮੋਦੀ ਹੈ ਤਾਂ ਮੁਮਕਿਨ ਹੈ- ਕਰੋਨਾ ਬਾਰੇ ਕੀ ਕਹਿੰਦਾ ਹੈ ਕੌਮਾਂਤਰੀ ਮੀਡੀਆ



ਗੁਰਮੀਤ ਪਲਾਹੀ
91-98158-02070

ਕੌਮਾਂਤਰੀ ਮੀਡੀਏ ਵਿੱਚ, ਭਾਰਤ 'ਚ ਕਰੋਨਾ ਮਹਾਂਮਾਰੀ ਸਬੰਧੀ ਸਰਕਾਰੀ ਬੇਇੰਤਜ਼ਾਮੀ ਅਤੇ ਕਰੋਨਾ ਨਾਲ ਨਿਪਟਣ ਦੇ ਢੰਗ ਤਰੀਕਿਆਂ ਸਬੰਧੀ ਵੱਡੀ ਚਰਚਾ ਹੈ। ਇਸ ਸੰਬੰਧੀ ਦੁਨੀਆ ਦੇ ਵੱਡੇ ਵੱਡੇ ਅਖ਼ਬਾਰਾਂ ਨੇ ਨਰੇਂਦਰ ਮੋਦੀ ਨੂੰ ਕਟਿਹਰੇ 'ਚ ਖੜਾ ਕੀਤਾ ਹੈ।

"ਦੀ ਨੀਊਯਾਰਕ ਟਾਈਮਜ਼" ਨੇ ਨਾਸਿਕ ਦੀ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਗੋਦੀ ਮੀਡੀਆ ਨੇ ਪਹਿਲੀ ਕਰੋਨਾ ਲਹਿਰ 'ਚ ਮੋਦੀ ਦੀ ਵੱਡੀ ਮਹਿਮਾ ਕੀਤੀ। ਹੁਣ ਅੰਤਰਰਾਸ਼ਟਰੀ ਪੱਧਰ ਤੇ ਬਣ ਚੁੱਕੀ ਧਾਰਨਾ ਨੂੰ ਗਲਤ ਸਾਬਤ ਕਰਨ ਲਈ ਉਹਦੀਆਂ ਸਿਰਜੀਆਂ ਏਜੰਸੀਆਂ ਨੂੰ ਸਖਤ ਮਿਹਨਤ ਕਰਨੀ ਪਵੇਗੀ। ਪ੍ਰਧਾਨ ਮੰਤਰੀ ਮੋਦੀ ਆਪਣੀ ਸਾਖ਼ ਨੂੰ ਲੈ ਕੇ ਬਹੁਤ ਚਿੰਤਤ ਰਹਿੰਦੇ ਹਨ। ਕਰੋਨਾ ਵਾਇਰਸ ਦੀ ਦੂਜੀ ਸੁਨਾਮੀ ਨੇ ਉਹਨਾ ਦੀ ਸਾਖ਼ ਨੂੰ ਤਾਰ ਤਾਰ ਕਰਕੇ ਰੱਖ ਦਿੱਤਾ ਹੈ।

ਵਿਸ਼ਵ ਪ੍ਰੈਸ ਨੇ ਉਹਨਾਂ ਨੂੰ ਇਹੋ ਜਿਹੇ ਨਾਇਕ ਦੀ ਸੰਗਿਆ ਦਿੱਤੀ ਹੈ ਜੋ ਆਪਣੀਆਂ ਗਲਤ ਨੀਤੀਆਂ ਕਾਰਨ ਖਲਨਾਇਕ ਬਣ ਚੁੱਕਾ ਹੈ। ਦੁਨੀਆਂ ਦੇ ਵੱਡੇ ਅਖਬਾਰਾਂ ਦਾ ਕਹਿਣਾ ਹੈ ਕਿ ਮੋਦੀ ਨੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਕਰੋਨਾ ਨੂੰ ਉਹ ਹਰਾ ਚੁੱਕੇ ਹਨ, ਪਰ ਉਹ ਗਲਤ ਸੀ। ਵਿਸ਼ਵ ਪ੍ਰੈਸ ਅਨੁਸਾਰ ਕਰੋਨਾ ਦੀ ਪਹਿਲੀ ਲਹਿਰ ਨੇ ਸਭ ਤੋਂ ਪਹਿਲਾ ਸਖਤ ਰਾਸ਼ਟਰੀ ਲੌਕਡਾਊਨ ਲਾ ਕੇ ਮੋਦੀ ਨੇ ਵਾਇਰਸ ਨੂੰ ਕਾਫੀ ਹੱਦ ਤੱਕ ਰੋਕ ਦਿੱਤਾ ਸੀ। ਪਰ ਦੂਜੀ ਲਹਿਰ ਨੇ ਉਹਨਾਂ ਨੂੰ ਨਹੀਂ ਛੱਡਿਆ। ਹਾਲਾਤ ਇਹ ਹੈ ਕਿ ਹਸਪਤਾਲਾਂ ਵਿੱਚ ਆਕਸੀਜਨ ਨਹੀਂ ਹੈ ਤਾਂ ਮਰੀਜ਼ਾਂ ਦੀਆਂ ਲਾਸ਼ਾਂ ਮੁਰਦਾ ਘਰਾਂ ਵਿੱਚ ਲੂਹਣ ਲਈ ਵਾਰੀ ਉਡੀਕ ਰਹੀਆਂ ਹਨ।

"ਦੀ ਗਾਰਡੀਅਨ" ਨੇ ਆਪਣੇ ਮੁੱਖ ਆਰਟੀਕਲ ਵਿੱਚ ਜੋ ਫੋਟੋ ਲਾਈ ਹੈ, ਉਸ ਵਿੱਚ ਸ਼ਮਸ਼ਾਨ ਘਾਟ ਵਿੱਚ ਜਲ ਰਹੀ ਚਿਤਾ ਦੀਆਂ ਉੱਚੀਆਂ ਲਪਟਾਂ ਵਿਖਾਈਆਂ ਗਈਆਂ ਹਨ। ਜਿਸਦਾ ਹੈਡਿੰਗ ਹੈ " ਕੋਵਿਡ-19 " (ਸਿਸਟਮ ਢਹਿ-ਢੇਰੀ: ਭਾਰਤ ਕੋਵਿਡ-19 ਦੇ ਨਰਕ 'ਚ ਗਰਕਿਆ)

'ਦੀ ਟਾਈਮਜ਼' ਲੰਡਨ ਨੇ ਵੀ ਮੋਦੀ ਉਤੇ ਜ਼ੋਰਦਾਰ ਹਮਲਾ ਬੋਲਿਆ ਹੈ। ਅਖ਼ਬਾਰ ਦੀ ਮੁੱਖ ਸੁਰਖੀ ਹੈ, "ਦੂਜੀ ਸੁਨਾਮੀ ਵਿੱਚ ਫਸੇ ਮੋਦੀ"। ਅਖ਼ਬਾਰ ਨੇ ਭਾਰਤ ਸਰਕਾਰ ਨੂੰ ਕਟਿਹਰੇ 'ਚ ਖੜਾ ਕਰਦੇ ਹੋਏ ਲਿਖਿਆ, "ਰੋਜ਼ਾਨਾ ਤਿੰਨ ਲੱਖ ਤੋਂ ਜ਼ਿਆਦਾ ਕਰੋਨਾ ਦੇ ਮਾਮਲੇ ਸਾਹਮਣੇ ਆ ਰਹੇ ਹਨ। ਭਾਰਤੀ ਸਰਕਾਰ ਨੇ ਹਾਲਾਤ ਦੀ ਗੰਭੀਰਤਾ ਨੂੰ ਨਜਰ ਅੰਦਾਜ਼ ਕੀਤਾ ਹੈ, ਜਿਸਦੇ ਚਲਦੇ ਵੱਡੀ ਸਮੱਸਿਆ ਖੜੀ ਹੋਈ। ਇਹ ਬਹੁਤ ਹੀ ਗੰਭੀਰ ਹਾਲਾਤ ਹੈ।

ਕੌਮਾਂਤਰੀ ਪ੍ਰੈਸ ਦੇ ਨਿਸ਼ਾਨੇ ਉਤੇ ਪਹਿਲਾਂ ਬਰਾਜ਼ੀਲ ਹੁੰਦਾ ਸੀ ਪਰੰਤੂ ਹੁਣ ਪੱਤਰਕਾਰਾਂ ਦੀ ਕਲਮ ਮੋਦੀ ਸਰਕਾਰ ਦੇ ਵਖੀਏ ਉਧੇੜ ਰਹੀ ਹੈ। ਅਖਬਾਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਨਾ ਸਮਝੀ ਦੇ ਕਾਰਨ ਇਹ ਸੰਕਟ ਖੜਾ ਹੋਇਆ ਹੈ। ਹਿੰਦੂ ਨਾਰਾਜ਼ ਨਾ ਹੋਣ ਇਸ ਲਈ ਕੁੰਭ ਜਿਹੇ ਮੇਲੇ ਦਾ ਆਯੋਜਿਨ ਕੀਤਾ ਗਿਆ। ਬੰਗਾਲ ਚੋਣਾਂ 'ਚ ਮੋਦੀ ਤਾਬੜਤੋੜ ਰੈਲੀਆਂ ਕਰਦੇ ਰਹੇ। ਇਸ ਨਾਲ ਹਾਲਾਤ ਕਾਬੂ ਤੋਂ ਬਾਹਰ ਹੋ ਗਏ। ਅਖਬਾਰਾਂ ਨੇ ਆਪਣੇ ਮੁੱਖ ਪੰਨਿਆਂ ਉਤੇ ਕੁੰਭ ਮੇਲੇ ਨਾਲ ਜੁੜੇ ਫੋਟੋ ਵੀ ਪ੍ਰਕਾਸ਼ਿਤ ਕੀਤੇ ਹਨ, ਜਿਹਨਾਂ ਵਿੱਚ ਲੋਕ ਬਗੈਰ ਮਾਸਕ ਲਗਾਏ ਘੁੰਮ ਰਹੇ ਹਨ। 'ਦੀ ਟਾਈਮਜ਼' ਲਿਖਦਾ ਹੈ ਕਿ ਦੂਜੀ ਲਹਿਰ ਦੀ ਰਫ਼ਤਾਰ ਨੇ ਸਰਕਾਰ ਨੂੰ ਨਿਕੰਮਾ ਸਾਬਤ ਕਰ ਦਿੱਤਾ ਹੈ। ਸਰਕਾਰ ਨੇ 2020 ਦੀਆਂ ਗਲਤੀਆਂ ਤੋਂ ਕੋਈ ਸਬਕ ਨਹੀਂ ਸਿੱਖਿਆ ਅਤੇ ਕੌਮਾਂਤਰੀ ਪ੍ਰੈਸ ਨੇ ਗਲਤੀਆਂ ਦਾ ਪੁਲੰਦਾ ਖੋਲ੍ਹ ਦਿੱਤਾ ਹੈ। ਅੱਜ ਭਾਰਤ ਦੇ ਲੋਕ ਬੇਹੱਦ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਦੇਸ਼ ਮੂਧੇ ਮੂੰਹ ਡਿੱਗ ਚੁੱਕਾ ਹੈ। ਅਖ਼ਬਾਰ ਨੇ ਬੰਗਾਲ ਰੈਲੀ ਨੂੰ ਲੈ ਕੇ ਮੋਦੀ ਨੂੰ ਨਿਸ਼ਾਨਾ ਬਣਾਇਆ। ਰੈਲੀਆਂ ਵਿੱਚ ਮਾਸਕ ਤੋਂ ਬਿਨਾ ਲੋਕ ਹਨ, ਲੇਕਿਨ ਪ੍ਰਧਾਨ ਮੰਤਰੀ ਕਹਿ ਰਹੇ ਸਨ, "ਮੈਂ ਆਪਣੇ ਜੀਵਨ ਵਿੱਚ ਇੰਨੀ ਭੀੜ ਨਹੀਂ ਦੇਖੀ, ਜਿਥੋਂ ਤੱਕ ਨਜ਼ਰ ਜਾਂਦੀ ਹੈ, ਲੋਕ ਹੀ ਲੋਕ ਹਨ"।

'ਦੀ ਫਾਈਨੈਂਸ਼ੀਅਲ ਟਾਈਮਜ਼' ਨੂੰ ਤਿੱਖੇ ਤੇਬਰਾਂ ਦੇ ਲਈ ਨਹੀਂ ਜਾਣਿਆ ਜਾਂਦਾ, ਲੇਕਿਨ ਉਸਨੇ ਵੀ ਮੋਦੀ ਸਰਕਾਰ ਦੇ ਪਰਖੱਚੇ ਉਡਾਉਣ 'ਚ ਕੋਈ ਕਸਰ ਨਹੀਂ ਛੱਡੀ।

'ਦੀ ਵਾਸ਼ਿੰਗਟਨ' ਨੇ ਆਪਣੀ ਸਟੋਰੀ ਵਿੱਚ ਯੂਪੀ ਦੇ ਕਬਰਸਤਾਨਾਂ ਦਾ ਹਵਾਈ ਚਿੱਤਰ ਦਿਖਾਇਆ ਹੈ। ਅਖ਼ਬਾਰ ਲਿਖਦਾ ਹੈ ਕਿ ਇਹ ਲਹਿਰ ਨਹੀਂ ਬਲਕਿ ਇੱਕ ਦੀਵਾਰ ਹੈ। 24-7 (24 ਘੰਟੇ 7 ਦਿਨ) ਲਾਸ਼ਾਂ ਦਾ ਸੰਸਕਾਰ ਹੋ ਰਿਹਾ ਹੈ ਪਰ ਇਸਦੇ ਬਾਅਦ ਵੀ ਸ਼ਮਸ਼ਾਨਾਂ ਵਿੱਚ ਥਾਂ ਨਹੀਂ ਬਚੀ ਹੈ। ਸਟੋਰੀ ਵਿੱਚ ਸਰਕਾਰ ਨੂੰ ਕਟਿਹਰੇ 'ਚ ਖੜਾ ਕਰਦੇ ਹੋਏ ਅਖ਼ਬਾਰ ਨੇ ਲਿਖਿਆ ਹੈ- ਸਰਕਾਰ ਨੇ ਵੈਕਸੀਨੇਸ਼ਨ ਬਹੁਤ ਹੌਲੀ ਹੌਲੀ ਕੀਤਾ ਅਤੇ ਪਾਬੰਦੀਆਂ ਪੂਰੀ ਤਰ੍ਹਾਂ ਹਟਾ ਲਈਆਂ- ਇਸ ਨਾਲ ਹਾਲਾਤ ਵਿਗੜੇ।

'ਦੀ ਵਾਲ ਸਟਰੀਟ ਜਰਨਲ' ਲਿਖਦਾ ਹੈ ਕਿ ਭਾਰਤ ਦਾ ਖਤਰਨਾਕ ਵਾਇਰਸ ਸੀਮਾ ਪਾਰ ਕਰਕੇ ਤਬਾਹੀ ਮਚਾ ਸਕਦਾ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਸਰਕਾਰ ਦੀ ਨਾਕਾਮੀ ਨਾਲ ਹਾਲਾਤ ਵਿਗੜੇ। ਦਿੱਲੀ ਨੇ ਆਪਣੀ ਪਿੱਠ ਥਪ ਥਪਾਕੇ ਵਾਇਰਸ ਨੂੰ ਹਰਾਉਣ ਦੀ ਗੱਲ ਕਹੀ। ਇਹ ਸਰਾਸਰ ਗਲਤ ਰਵੱਈਆ ਸੀ।

ਜਿਥੇ 'ਨਿਊਯਾਰਕ ਟਾਈਮਜ਼' ਨੇ ਮੋਦੀ ਨੂੰ ਖਲਨਾਇਕ ਦਾ ਦਰਜ਼ਾ ਦਿੱਤਾ, ਉਥੇ ਅਮਰੀਕਾ 'ਚ ਛਪਦੇ "ਦੀ ਇੰਡੀਅਨ ਪੈਨੋਰਿਮਾ" ਵਿੱਚ ਛਪੇ ਇੱਕ ਆਰਟੀਕਲ, ਜੋ ਦਵੇ ਮੱਕੜ ਦਾ ਲਿਖਿਆ ਹੋਇਆ ਹੈ ਵਿੱਚ, ਕੋਵਿਡ ਦੌਰਾਨ ਹੋਈਆਂ ਮੌਤਾਂ ਲਈ ਨਰੇਂਦਰ ਮੋਦੀ ਨੂੰ ਜ਼ਿੰਮੇਦਾਰ ਠਹਿਰਾਉਂਦਿਆਂ ਉਸ ਉਤੇ ਮੁਕੱਦਮਾ ਚਲਾਉਣ ਲਈ ਕਿਹਾ ਹੈ, ਉਸਨੇ ਲਿਖਿਆ ਹੈ ਕਿ ਫਰਵਰੀ 2021 ਵਿੱਚ ਰਾਸ਼ਟਰੀ ਭਾਜਪਾ ਕਾਰਜਕਾਰਨੀ ਨੇ ਮੋਦੀ ਦੀ ਕਰੋਨਾ ਉਤੇ ਫਤਹਿ ਪਾਉਣ ਲਈ ਮਤਾ ਪਾਸ ਕੀਤਾ ਸੀ, ਪਰ ਹੁਣ ਜਦੋਂ 21 ਅਪ੍ਰੈਲ 2021 ਨੂੰ ਭਾਰਤ ਕਰੋਨਾ ਵਾਇਰਸ ਕੇਸਾਂ ਵਿੱਚ ਪਹਿਲੇ ਨੰਬਰ ਤੇ ਪੁੱਜ ਗਿਆ ਹੈ ਅਤੇ ਇਕੋ ਦਿਨ 21 ਅਪ੍ਰੈਲ 2021 ਨੂੰ ਕਰੋਨਾ ਪੀੜਤਾਂ ਦੀ ਗਿਣਤੀ 3,14,644 ਹੋ ਗਈ ਹੈ ਅਤੇ 2014 ਮੌਤਾਂ ਹੋਈਆਂ ਹਨ ਅਤੇ ਭਾਰਤ ਨੇ ਅਮਰੀਕਾ ਦੇ ਜਨਵਰੀ 8, 2020 ਦੇ ਬਣਾਏ ਕਰੋਨਾ ਪੀੜਤਾਂ ਦੇ ਰਿਕਾਰਡ 3,00,669 ਨੂੰ ਪਿੱਛੇ ਪਾ ਦਿੱਤਾ ਹੈ, ਤਾਂ ਇਸਦੀ ਜਵਾਬਦੇਹੀ ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਹੀ ਹੋਏਗੀ।

**(ਇਹ ਰਿਪੋਰਟ ਤਿਆਰ ਕਰਨ ਲਈ ਜਨ ਸੱਤਾ ਅਖ਼ਬਾਰ ਵਿੱਚੋਂ ਧੰਨਵਾਦ ਸਹਿਤ ਤੱਥ ਲਏ ਗਏ ਹਨ।**

# ਕਿਵੇਂ ਮੋੜ ਲਿਆਈਏ ਰੁੱਸੇ ਹਾਸਿਆਂ ਨੂੰ



ਰਾਜਨਦੀਪ ਕੌਰ ਮਾਨ
91-62393-26166

'ਹਸਦਿਆਂ ਦੇ ਘਰ ਵਸਦੇ ਕਹਾਵਤ ਅਸੀਂ ਆਮ ਸੁਣਦੇ ਰਹਿੰਦੇ ਹਾਂ। ਪੰਜਾਬੀ ਲੋਕ ਤਾਂ ਹੱਸ ਮੁਖਤਾ ਲਈ ਸੰਸਾਰ ਪ੍ਰਸਿੱਧ ਹਨ। ਕੋਈ ਜ਼ਮਾਨਾ ਸੀ ਜਦ ਟੀਵੀ, ਮੋਬਾਈਲ ਦਾ ਨਾਮ ਨਿਸ਼ਾਨ ਵੀ ਨਹੀਂ ਸੀ ਲੋਕ ਸੱਥਾਂ ਵਿਚ, ਤ੍ਰਿੰਵਣਾਂ, ਤੀਆਂ ਵਿੱਚ ਆਪਸ ਵਿੱਚ ਗੱਲਾਂ ਕਰਦੇ ਤੇ ਹੱਸ ਖੇਡ ਲੈਂਦੇ। ਓਦੋਂ ਤਾਂ ਵਿਆਹ ਵੀ ਬੜੇ ਲੰਬੇ ਚਲਦੇ ਸਨ ਤੇ ਹਾਸੇ ਠੱਠੇ ਦੇ ਬਹਾਨੇ ਬਣੇ ਰਹਿੰਦੇ ਸਨ। ਦਿਲ ਦਿਮਾਗ ਦੀਆਂ ਬਿਮਾਰੀਆਂ ਬਹੁਤ ਘੱਟ ਸਨ।

ਜਿਵੇਂ ਜਿਵੇਂ ਇਨਸਾਨ ਨੇ ਤਰੱਕੀ ਕਰਨੀ ਸ਼ੁਰੂ ਕੀਤੀ। ਲੋਕਾਂ ਨੇ ਸ਼ਹਿਰਾਂ ਵੱਲ ਨੂੰ ਵਹੀਰਾਂ ਘੱਤੀਆਂ। ਇਕ ਮੁਕਾਬਲੇਬਾਜ਼ੀ ਦਾ ਯੁੱਗ ਸ਼ੁਰੂ ਹੋ ਗਿਆ। ਜੰਮਦੇ ਬੱਚਿਆਂ ਨੂੰ ਪੜਾਉਣ ਦੇ ਫਿਕਰ , ਬੱਚਿਆਂ ਨੂੰ ਪੜ੍ਹਾਈ ਦੇ ਸੰਸੇ,ਮਾਪਿਆਂ ਨੂੰ ਖਰਚਿਆਂ ਨੂੰ ਪੂਰਾ ਕਰਨ ਦੀ ਘੋੜ ਦੌੜ,ਉੱਪਰੋ ਮੁਕਾ-ਬਲੇਬਾਜ਼ੀ ।ਕਿਸੇ ਕੋਲ ਸਮਾਂ ਹੀ ਨਹੀਂ ਹੱਸਣ ਖੇਡਣ ਦਾ। ਜਦੋਂ ਦੇ ਜ਼ਿੰਦਗੀ ਵਿਚੋਂ ਹਾਸੇ ਮਨਫੀ ਹੋ ਗਏ ਤਾਂ ਨਾਲ ਹੀ ਬਿਮਾਰੀਆਂ ਨੇ ਸਮਾਜ ਨੂੰ ਘੇਰਾ ਪਾ ਲਿਆ।

ਮਾਨਸਿਕ ਰੋਗਾਂ ਦਾ ਪਸਾਰਾ ਹਰ ਘਰ ਵਿੱਚ ਪੈਰ ਪਸਾਰਨ ਲੱਗਾ। ਇਹਨਾਂ ਸਭ ਸਮੱਸਿਆਵਾਂ ਨੂੰ ਭਾਂਪਦੇ ਹੋਏ ਹੀ ਡਾਕਟਰ ਮਦਨ ਕਟਾਰੀਆ ਨੇ 2 ਮਈ 1998 ਨੂੰ ਲੋਕਾਂ ਨੂੰ ਇਕੱਠੇ ਕਰਕੇ ਮਸਨੂਈ ਹਾਸਾ ਹੱਸਣ ਦੀ ਸ਼ੁਰੂਆਤ ਕੀਤੀ।ਇਸ ਦਿਨ ਨੂੰ ਹੀ ਬਾਅਦ ਵਿਚ ਸਾਰੇ ਸੰਸਾਰ ਵਿੱਚ ਲਾਫਟਰ ਡੇ ਦੇ ਤੌਰ ਤੇ ਮਾਨਤਾ ਮਿਲੀ।ਉਸ ਤੋਂ ਬਾਅਦ ਤਾਂ ਵੱਡੇ ਸ਼ਹਿਰਾਂ ਵਿੱਚ ਲਾਫ੍ਰ ਕਲੱਬ ਹੋਂਦ ਵਿੱਚ ਆਉਣ ਲੱਗੇ।ਡਾਕਟਰ ਮਦਨ ਕਟਾਰੀਆ ਦਾ ਤਰਕ ਸੀ ਕਿ ਬੇਸ਼ੱਕ ਤੁਸੀਂ ਮਸਨੂਈ ਹਾਸਾ ਹਸੋ, ਇਸ ਨਾਲ ਵੀ ਤੁਹਾਡੇ ਦਿਲ ਤੇ ਦਿਮਾਗ ਨੂੰ ਫਾਇਦਾ ਮਿਲੇਗਾ ਤੇ ਤੁਸੀਂ ਹਲਕਾ ਮਹਿਸੂਸ ਕਰੋਗੇ। ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਸੁਭਾ੍ ਸੁਭਾ੍ ਪਾਰਕਾਂ ਵਿੱਚ ਲੋਕ ਮਸਨੂਈ ਹਾਸੇ ਹੱਸ ਕੇ ਦਿਨ ਦੀ ਸ਼ੁਰੂਆਤ ਕਰਨ ਨੂੰ ਚੰਗਾ ਸਮਝਣ ਲੱਗੇ ਹਨ । ਜਦੋਂ ਅਸੀਂ ਅਸਲੀ ਹਾਸੇ ਖੁਦ ਹੀ ਗਵਾ ਦਿੱਤੇ ਤਾਂ ਫਿਰ ਮਸਨੂਈ ਹਾਸੇ ਦਾ ਹੀ ਆਸਰਾ ਲੱਭਿਆ ਜਾ ਰਿਹਾ।

ਅੱਜ ਦੇ ਨਿੱਕੇ ਨਿੱਕੇ ਬੱਚਿਆਂ ਦੇ ਚੇਹਰਿਆਂ ਤੋਂ ਵੀ ਹਾਸਾ ਲੱਭੇ ਨਹੀਂ ਲੱਭਦਾ। ਨੰਨ੍ਹਾ ਬਚਪਨ ਮੁਕਾਬਲੇ ਦੀ ਭਾਵਨਾ ਨੇ ਖੋਹ ਲਿਆ ਹੈ।ਬਚਪਨ ਤੋਂ ਬਾਅਦ ਗੱਲ ਕਰੀਏ ਜਵਾਨੀ ਦੀ ਤਾਂ ਰੁਜ਼ਗਾਰ ਦੀ ਫ਼ਿਕਿਰ ਨੇ ਨੌਜਵਾਨ ਪੀੜ੍ਹੀ ਨੂੰ ਬੇਹੱਦ ਹਤਾਸ਼ ਤੇ ਨਿਰਾਸ਼ ਕਰ ਦਿੱਤਾ ਹੈ । ਭਾਰੀ ਭਰਕਮ ਫੀਸਾਂ ਭਰ ਭਰ ਕੀਤੀਆਂ ਪੜਾਈਆਂ ਲਿਖਾਈਆਂ ਤੇ ਕਮਾਈਆਂ ਡਿਗਰੀਆਂ ਜਦ ਗੁਜਾਰੇ ਜੋਗੀ ਤਨਖਾਹ ਨਹੀਂ ਦਿਵਾ ਸਕਦੀਆਂ ਤਾਂ ਹੱਸਣਾ ਤਾਂ ਯਾਦ ਵੀ ਨਹੀਂ ਰਹਿੰਦਾ । ਸਾਰੀ ਜਵਾਨੀ ਜਿੰਦਗੀ ਦੀਆਂ ਲੋੜਾਂ ਥੋੜਾਂ ਨੂੰ ਪੂਰਾ ਕਰਦਿਆਂ ਕਦੋਂ ਨਿਕਲ ਗਈ, ਬੰਦੇ ਨੂੰ ਉਦੋਂ ਪਤਾ ਚਲਦਾ ,ਜਦੋਂ ਸਿਰ ਦੇ ਵਾਲ ਸਫੇਦੀ ਫੜ ਲੈਂਦੇ ਹਨ ਤੇ ਬੱਚੇ ਅੱਗੋਂ ਬੋਲਣਾ ਸ਼ੁਰੂ ਕਰ ਦਿੰਦੇ ਹਨ। ਮੋਟੇ ਸ਼ੀਸ਼ੇ ਵਾਲੀ ਐਨਕ ਵਿੱਚੋ ਜਦੋਂ ਸ਼ੀਸ਼ੇ ਵਿਚੋਂ ਖੁਦ ਨੂੰ ਨਿਹਾਰਦੇ ਹਨ ਤਾਂ ਸਮਝ ਲੱਗਦੀ ਹੈ ਕਿ ਆਪਣੇ ਹਿੱਸੇ ਦਾ ਹਾਸਾ ਚਿਹਰੇ ਤੋਂ ਕਦੋਂ ਦਾ ਗਵਾ ਲਿਆ। ਉਦੋਂ ਫਿਰ ਹੱਸਕੇ ਦੇਖੋ ਤਾਂ ਖੁਦ ਦਾ ਚਿਹਰਾ ਹੀ ਓਪਰਾ ਜਿਹਾ ਦਿਸਦਾ।

ਬੁਢਾਪੇ ਵਿੱਚ ਜਦੋਂ ਬੱਚੇ ਅਣਦੇਖਿਆ ਕਰਕੇ ਕੋਲੋਂ ਲੰਘਣ ਲੱਗ ਜਾਂਦੇ ਹਨ ਤਾਂ ਹਾਸੇ ਦਾ ਖਿਆਲ ਨੇੜੇ ਤੇੜੇ ਵੀ ਨਹੀਂ ਦਿੱਸਦਾ। ਸਾਰੀ ਉਮਰ ਜਿੰਨਾਂ ਲਈ ਕਮਾਈ ਕੀਤੀ ,ਓਹੀ ਜਦੋਂ ਬੇਕਦਰੀ ਕਰਨ ਤਾਂ ਉਸ ਵੇਲੇ ਤਾਂ ਮਸਨੂਈ ਹਾਸਾ ਵੀ ਹੱਸਣ ਨੂੰ ਦਿਲ ਨਹੀਂ ਕਰਦਾ।

ਸੋ ਮੇਰਾ ਤਾਂ ਖਿਆਲ ਹੈ ਕਿ ਜੇਕਰ ਆਪਣੇ ਅੰਦਰ ਦੇ ਬਚਪਨੇ ਨੂੰ ਪਹਿਲਾਂ ਹੀ ਮਰਨੋ ਬਚਾ ਲਿਆ ਜਾਵੇ,ਥੋੜੀ ਜਿਹੀ ਬੇਪਰਵਾਹੀ ਬਚਾ ਲਈ ਜਾਵੇ, ਖੁਦ ਨੂੰ ਜਿਆਦਾ ਸਮਝਦਾਰ ਤੇ ਰੋਹਬਦਾਰ ਦਿਖਾਉਣ ਵਾਲਾ ਕੀੜਾ ਨਾ ਪਾਲਿਆ ਜਾਵੇ ਤਾਂ ਬਚਪਨ ਵਾਲੀ ਮੁਸਕਾਨ ਸਾਰੀ ਉਮਰ ਕਾਇਮ ਰੱਖੀ ਜਾ ਸਕਦੀ ਹੈ। ਖੁਦ ਵੀ ਹੱਸਦੇ ਰਹਿਣਾ ਤੇ ਦੂਜਿਆਂ ਨੂੰ ਹਸਾਉਣਾ ,ਇਕ ਮਹਾਨ ਗੁਣ ਹੈ।

# ਬਚਪਨ ਦੀ ਖ਼ੂਬਸੂਰਤ ਯਾਦਾਂ 'ਚ ਇੱਕ ਯਾਦ ਫੱਟੀ

'ਸੂਰਜਾ-ਸੂਰਜਾ ਫੱਟੀ ਸੁਕਾ,
ਨਹੀਂ ਸੁਕਾਉਣੀ ਗੰਗਾ ਜਾ,
ਗੰਗਾ ਜਾ ਕੇ ਪਿੰਨੀਆਂ ਵਟਾ,
ਇੱਕ ਪਿੰਨੀ ਟੁੱਟ ਗਈ ਸਾਰੀ ਫੱਟੀ ਸੁੱਕ ਗਈ।

ਇਹ ਸਤਰਾਂ ਫੱਟੀ ਦੀ ਯਾਦ ਤਾਜ਼ਾ ਕਰ ਦਿੰਦੀਆਂ ਹੈ। ਫੱਟੀ ਦਾ ਨਾਂਅ ਜ਼ਹਿਨ ਵਿਚ ਆਉਂਦਿਆਂ ਹੀ ਕਈਆਂ ਨੂੰ ਆਪਣਾ ਬਚਪਨ ਤੇ ਉਸ ਬਚਪਨ ਦੀ ਖ਼ੁਸ਼ਬੂ ਯਾਦ ਤਾਜ਼ਾ ਹੋ ਗਈਆਂ ਹੋਣੀਆਂ।

ਫੱਟੀ ਮਹਿਜ਼ ਲੱਕੜ ਦਾ ਟੋਟਾ ਨਹੀਂ ਸਗੋਂ ਸਿੱਖਿਆ ਦੀ ਦੁਨੀਆ ਵਿੱਚ ਰੱਖਿਆ ਪਹਿਲਾ ਕਦਮ ਹੁੰਦਾ ਸੀ। ਜਦੋਂ ਕਾਪੀ ਪੈਂਸਲਾਂ ਨਾਲ ਨਾਤਾ ਨਹੀਂ ਜੁੜਿਆ ਸੀ, ਉਦੋਂ ਫੱਟੀ ਤੇ ਕਲਮ ਨਾਲ ਲਿਖਣਾ ਕਿਸੇ ਰੋਮਾਂਚ ਤੋਂ ਘੱਟ ਨਹੀਂ ਹੁੰਦਾ ਸੀ। ਉਸਤੋਂ ਵੀ ਵੱਧ ਮਜੇਦਾਰ ਹੁੰਦਾ ਸੀ ਫੱਟੀ ਨੂੰ ਲਿੱਖਣ ਲਈ ਤਿਆਰ ਕਰਨ ਦਾ ਤਰੀਕਾ , ਗਾਚਨੀ ਨਾਲ ਫੱਟੀ ਪੋਚਣੀ, ਧੁੱਪ ਵਿਚ ਹਿਲਾ-ਹਿਲਾ ਕੇ ਸੁਕਾਉਣੀ, ਕਾਨਿਆਂ ਦੀ ਵਰਤੋਂ ਕਰ ਕੇ ਬਲੇਡ ਜਾਂ ਚਾਕੂ ਨਾਲ ਕਲਮ ਬਣਾਉਣੀ ਤੇ ਕਾਲੀ ਸਿਆਹੀ ਦੇ ਛੋਟੇ-ਛੋਟੇ ਪੈਕਟ ਦਵਾਤ ਵਿਚ ਪਾ ਕੇ ਪਾਣੀ ਮਿਲਾ ਕੇ ਸਿਆਹੀ ਤਿਆਰ ਕਰਨੀ ਤੇ ਕਈ ਵਾਰ ਸਿਆਹੀ ਨੂੰ ਗੂੜ੍ਹੀ ਬਣਾਉਣ ਲਈ ਉਸ ਵਿਚ ਛੋਟੀ ਜਿਹੀ ਗੁੜ ਦੀ ਡਲੀ ਪਾ ਦੇਣੀ। ਫੱਟੀਆਂ ਸੁੱਕ ਜਾਣ ਉਤੇ ਮਾਸਟਰ ਜੀ ਉਨ੍ਹਾਂ ਉੱਪਰ ਪੈਨਸਲ ਨਾਲ ਸਿੱਧੀਆਂ ਲਕੀਰਾਂ ਮਾਰ ਦਿੰਦੇ ਸਨ ਤੇ ਫਿਰ ਖ਼ਾਨਿਆਂ ਵਿਚ ਟੋਕਵੀਂ ਗਿਣਤੀ ਤੇ ਟੋਕਵੇਂ ਸ਼ਬਦ, ਸੁੰਦਰ ਲਿਖਾਈ ਜਾਂ ਸਕੂਲ ਦਾ ਕੰਮ ਕਰਵਾਉਂਦੇ ਹੁੰਦੇ ਸਨ।

ਫੱਟੀ ਲਕੜ ਤੋਂ ਬਣੀ ਹੁੰਦੀ ਹੈ। ਇਸਦਾ ਆਕਾਰ ਚੌਰਸ਼ ਅਤੇ ਇਸਨੂੰ ਫੜਨ ਲਈ ਇਸਦੇ ਇੱਕ ਪਾਸੇ ਲਕੜ ਦੀ ਹੱਥੀਂ ਬਣੀ ਹੁੰਦੀ ਹੈ।

ਕੁੱਝ ਵਰ੍ਹੇ ਪਹਿਲਾਂ ਤਕ ਪ੍ਰਾਇਮਰੀ ਸਕੂਲਾਂ ਵਿਚ ਬੱਚੇ ਖ਼ੁਸ਼ੀ-ਖ਼ੁਸ਼ੀ ਫੱਟੀਆਂ, ਕਲਮਾਂ ਤੇ ਸਿਆਹੀ ਦੀਆਂ ਦਵਾਤਾਂ ਦੀ ਵਰਤੋਂ ਕਰਦੇ ਹੁੰਦੇ ਸਨ। ਫੱਟੀ ਨੂੰ ਸਕੂਲ ਦੇ ਨੇੜੇ ਚਲਦੇ



ਖ਼ਾਲੇ ਜਾਂ ਹੋਰ ਪਾਣੀ ਦੇ ਸੋਮੇ ਕੋਲ ਜਾ ਕੇ ਸਾਰੇ ਬੱਚੇ ਜਮਾਤ ਅਨੁਸਾਰ ਫੱਟੀਆਂ ਧੋ ਲੈਂਦੇ ਸਨ। ਸਚਮੁੱਚ ਫੱਟੀ, ਕਲਮ ਤੇ ਦਵਾਤ ਨਾਲ ਲਿਖੀ ਸੁੰਦਰ ਲਿਖਾਈ ਤੇ ਬਣੀ ਬਣਤਰ ਦੀ ਰੀਸ ਨਹੀਂ ਸੀ ਹੁੰਦੀ।

ਉਦੋਂ ਸਕੂਲਾਂ ਵਿਚ ਅੱਜ ਵਾਂਗ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਨਹੀਂ ਸੀ ਮਿਲਦਾ ਹੁੰਦਾ ਸਗੋਂ ਖਾਣ ਵਾਲੀ ਪੰਜੀਰੀ ਮਿਲਦੀ ਹੁੰਦੀ ਸੀ। ਛੁੱਟੀ ਹੋਣ ਵੇਲੇ ਇਸੇ ਫੱਟੀ ਉਤੇ ਦੋ-ਦੋ, ਤਿੰਨ-ਤਿੰਨ ਮੁੱਠਾਂ ਪੰਜੀਰੀ ਪਾ ਕੇ ਬੱਚੇ ਪੰਜੀਰੀ ਖਾਂਦੇ-ਖਾਂਦੇ ਖ਼ੁਸ਼ੀ-ਖ਼ੁਸ਼ੀ ਘਰਾਂ ਨੂੰ ਜਾਂਦੇ ਹੁੰਦੇ ਸਨ।

ਫੱਟੀ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ। ਕਹਿੰਦੇ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪੰਡਤ ਕੋਲ ਪੜ੍ਹਨ ਲਈ ਗਏ ਸਨ, ਤਾਂ ਉਨ੍ਹਾਂ ਕੋਲ ਫੱਟੀ ਸੀ ਜਿਸ ਤੇ ਉਨ੍ਹਾਂ ਓਮ ਦੇ ਅੱਗੇ ਇੱਕ ਲਗਾ ਕੇ ਇੱਕ ਓਂਕਾਰ ਲਿੱਖਿਆ ਸੀ।



ਰਵਨਜੋਤ ਕੌਰ ਸਿੱਧੂ ਰਾਵੀ
91-82830-66125

ਅੱਜ ਸਮਾਂ ਬਦਲ ਚੁਕਾ ਹੈ, ਅੱਜ ਬੱਚਿਆਂ ਦੇ ਬਸਤੇ ਮੋਟੀਆਂ-ਮੋਟੀਆਂ ਕਿਤਾਬਾਂ, ਕਾ-ਪੀਆਂ ਤੇ ਭਾਂਤ-ਭਾਂਤ ਦੀ ਲਿਖਣ ਸਮੱਗਰੀ ਮਿਲਦੀ ਹੈ। ਫੱਟੀ ਵਾਰੇ ਤਾਂ ਅੱਜ ਜੇ ਬੱਚਿਆਂ ਨੂੰ ਪਤਾ ਹੀ ਨਹੀ ਕੀ ਫੱਟੀ ਹੁੰਦੀ ਕੀ ਹੈ।

ਫੱਟੀ, ਕਲਮ ਤੇ ਦਵਾਤ ਦੀ ਮਨੁੱਖ ਦੇ ਜੀਵਨ ਵਿਚ ਬਹੁਤ ਅਹਿਮੀਅਤ ਰਹੀ ਹੈ।ਪਰ ਜਿਨ੍ਹਾਂ ਪੰਜਾਬੀਆਂ ਨੇ ਇਸਦਾ ਇਸਤੇਮਾਲ ਕੀਤਾ ਹੈ ਉਨ੍ਹਾਂ ਦੇ ਦਿਲਾਂ ਅਤੇ ਯਾਦਾਂ 'ਚ ਅੱਜ ਵੀ ਵੱਸਦੀ ਹੈ ਫੱਟੀ। ਸਾਨੂੰ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇਸ ਵਿਰਸੇ ਤੋਂ ਜ਼ਰੂਰ ਜਾਣੂ ਕਰਵਾਈਏ।

ਸੂਰਜਾ ਸੂਰਜਾ ਫੱਟੀ ਸੁਕਾ,
ਨਹੀਂ ਸੁਕਾਉਣੀ ਬੰਬੇ ਜਾਹ,
ਬੰਬੇ ਜਾ ਕੇ ਰੇਲ ਚਲਾ,
ਰੇਲ ਗਈ ਟੁੱਟ,
ਫੱਟੀ ਗਈ ਸੁੱਕ।

***


# ਡਾ.ਅੰਬੇਡਕਰ ਵਰ੍ਹੇਗੰਢ 'ਤੇ ਪ੍ਰਸਿੱਧ ਭਾਰਤੀ ਮੈਗਜ਼ੀਨ ਆਊਟਲੁੱਕ ਦੀ ਖੋਜ 50 ਦਲਿਤਾਂ ਦੀਆਂ ਅੰਬਰਾਂ 'ਤੇ ਉਡਾਰੀਆਂ ਦੀ ਕਹਾਣੀ

## ਸਾਡਾ ਦਲਿਤ ਹਰ ਇੰਚ 'ਤੇ ਇੱਕ ਹੀਰੋ

## ਸਾਲ 2012 'ਚ ਸਰਵੇ ਦੌਰਾਨ ਡਾ. ਭੀਮ ਰਾਓ ਅੰਬੇਡਕਰ ਨੂੰ ਮਹਾਨ ਭਾਰਤੀ ਐਲਾਨਿਆ

ਆਊਟਲੁੱਕ ਅੰਗਰੇਜੀ-ਹਿੰਦੀ ਭਾਰਤ ਦਾ ਪ੍ਰਸਿੱਧ ਖੋਜ ਭਰਪੂਰ ਤੇ ਲੱਖਾਂ ਪਾਠਕਾਂ ਦੁਆਰਾ ਪੜ੍ਹਿਆ ਜਾਣ ਵਾਲਾ ਮੈਗਜ਼ੀਨ ਹੈ। ਅਪ੍ਰੈਲ 2021 ਦਾ ਡਾ. ਅੰਬੇਡਕਰ ਦੀ ਜਨਮ ਵਰ੍ਹੇਗੰਢ 'ਤੇ ਖਾਸ ... 50 ਦਲਿਤ ਜਿਹਨਾਂ ਨੇ ਭਾਰਤ ਦੇ ਨਵਨਿਰਮਾਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਦਾ ਵਰਣਨ ਕੀਤਾ। ਇਸ ਖੋਜ ਭਰਪੂਰ ਅੰਕ ਦੀ ਸਰਾਹਨਾ ਕੀਤੀ ਜਾਣੀ ਚਾਹੀਦੀ ਹੈ। ਸਮੁੱਚੀ ਟੀਮ ਦੀ ਮਿਹਨਤ ਝਲਕਦੀ ਹੈ, ਪਰ 50 ਤੋਂ ਵੱਧ ਹੋਰ ਵੀ ਸੈਂਕੜੇ ਨਾਮ ਰਹਿ ਗਏ ਹਨ। ਜਿਹਨਾਂ ਦੀਆਂ ਪ੍ਰਾਪਤੀਆਂ ਸਮਾਜ, ਦੇਸ਼ ਤੇ ਕੌਮਾਂਤਰੀ ਪੱਧਰ 'ਤੇ ਹਨ, ਨੂੰ ਅਗਲੇ ਸਮੇਂ ਆਪਣੇ ਕਾਰਜ ਖੇਤਰ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਮੈਗਜ਼ੀਨ ਦੀ ਸੰਪਾਦਕੀ "ਸਾਡਾ ਦਲਿਤ ਹਰ ਇੰਚ ਇੱਕ ਹੀਰੋ" ਨਾਮੀ ਹੈ। ਜਿਸ ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਧੂਮਧਾਮ ਨਾਲ ਮਨਾਏ ਜਾ ਰਹੇ ਜਨਮ ਦਿਹਾੜੇ ਦੀ ਗੱਲ ਕੀਤੀ ਹੈ ਕਿ ਕਿਵੇਂ ਸੰਵਿਧਾਨ ਦੇ ਪਿਤਾ, ਜਿਸ ਨੇ ਦੇਸ਼ ਦੇ ਸੱਭ ਤੋਂ ਮਸ਼ਹੂਰ ਦਲਿਤ ਪ੍ਰਤੀਕ ਵਜੋਂ ਭਾਰਤ ਦੀ ਲੰਮੇ ਸਮੇਂ ਤੋਂ ਬਣੀ ਪ੍ਰਣਾਲੀ ਨੂੰ ਮਿਟਾਉਣਾ ਚਾਹਿਆ। ਜਿਸ ਨੇ ਸਾਡੇ ਨਾਗਰਿਕਾਂ ਦੇ ਵੱਡੇ ਹਿੱਸੇ ਨੂੰ ਇਨਕਾਰ, ਵਾਂਝਾ ਕੀਤਾ, ਵਾਂਝਾ ਰੱਖਿਆ ? ਦਲਿਤਾਂ ਦੀ ਆਬਾਦੀ 1.3 ਅਰਬ ਆਬਾਦੀ ਦੇ ਇੱਕ ਚੌਥਾਈ ਤੋਂ ਘੱਟ ਨਹੀਂ ਹੈ। ਦਲਿਤਾਂ ਨਾਲ ਅਪਰਾਧ, ਬਲਾਤਕਾਰ, ਸ਼ੋਸ਼ਣ ਦੀ ਸਥਿਤੀ ਬਦਲ ਰਹੀ ਹੈ। ਮੈਗਜ਼ੀਨ ਨੇ ਹਰ ਵਿਤਕਰੇ ਨੂੰ ਡੂੰਘੇ ਲਫ਼ਜ਼ਾਂ ਵਿੱਚ ਬਿਆਨ ਕਰਦਿਆਂ ਸੰਸਾਰ ਪ੍ਰਸਿੱਧ ਹਾਰਵਰਡ ਯੂਨੀਵਰਸਿਟੀ ਦੇ ਦਲਿਤ ਅਤੇ ਪ੍ਰਸਿੱਧ ਵਿਦਵਾਨ ਸੂਰਜ ਯੇਂਗੜੇ ਦਾ ਸੁਝਾਅ ਸ਼ਾਮਿਲ ਕੀਤਾ ਹੈ ਕਿ ਅਸੀਂ ਪ੍ਰੇਰਣਾਦਾਇਕ ਸ਼ਖਸੀਅਤਾਂ ਨੂੰ ਮਨਾਉਂਦੇ ਤਾਂ ਹਾਂ ਪ੍ਰੰਤੂ ਟ੍ਰੇਡਮਾਰਕ ਪ੍ਰੇਸ਼ਾਨੀ ਵਿੱਚ ਡੁੱਬਣ ਦੀ ਬਜਾਏ ਸਾਨੂੰ ਸ਼ਕਤੀਸ਼ਾਲੀ ਵਿਚਾਰਾਂ ਨੇ ਬੈਠਣ (ਇਕੱਠੇ ਹੋਣ) ਲਈ ਪ੍ਰੇਰਿਤ ਕੀਤਾ। ਉਹਨਾਂ ਅੱਗੇ ਕਿਹਾ ਕਿ ਦਲਿਤਾਂ ਦੀਆਂ ਪ੍ਰਾਪਤੀਆਂ 'ਤੇ ਸਮਾਜ ਨੂੰ ਨਾਜ਼ ਹੈ। ਮੈਗਜ਼ੀਨ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਅਤੇ ਚੰਦਰਸ਼ੇਖਰ ਵਾਰੇ ਵੀ ਟਿੱਪਣੀ ਕੀਤੀ ਹੈ।




ਦਲਿਤਾਂ ਵਾਰੇ ਮੈਗਜ਼ੀਨ ਵਾਲੇ ਖੋਜ ਕਰਤੇ ਮੁੱਖ ਸੰਪਾਦਕ ਰੂਬਨ ਬੈਨਰਜੀ ਨੇ 50 ਦਲਿਤਾਂ ਦੀ ਸ਼ਲਾਘਾ ਕਰਦਿਆਂ ਲਿਖਿਆ ਕਿ ਕੁੱਝ ਮਸ਼ਹੂਰ, ਕੁੱਝ ਅਣਸੁਣੇ ਅਤੇ ਜਨਤਕ ਦ੍ਰਿਸ਼ਟੀਕੋਣ ਤੋਂ ਲਏ ਹਨ। ਬਾਲੀਵੁੱਡ ਦੀ ਜਾਨ ਕਹੇ ਜਾਣ ਵਾਲੇ ਕਾਮੇਡੀਅਨ ਜ਼ੌਹਨੀ ਲਿਵਰ, ਹਿਮਾ ਦਾਸ ਖਿਡਾਰਨ ਕੌਮੀ ਰਿਕਾਰਡ ਬਣਾਉਣ ਵਾਲੇ ਅਤੇ ਪੰਜਾਬ ਅੰਬੇਡਕਰੀ ਪੱਤਰਕਾਰ ਲਾਹੌਰੀ ਰਾਮ ਬਾਲੀ ਜਿਹਨਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਤੇ ਮਿਸ਼ਨ ਵਾਰੇ ਜੀਵਨੀ ਲਿਖੀ ਹੈ (ਇਸ ਤੋਂ ਪਹਿਲਾਂ ਲੇਖਕ ਧਨੰਜੇ ਕੀਰ ਨੇ ਡਾ. ਅੰਬੇਡਕਰ, ਜੀਵਨ ਅਤੇ ਮਿਸ਼ਨ (1954) ਵਾਰੇ ਬਾਬਾ ਸਾਹਿਬ ਦੇ ਜਿਊਂਦੇ-ਜੀਅ ਜੋ ਪੁਸਤਕ ਲਿਖੀ ਉਹ ਬਾਬਾ ਸਾਹਿਬ ਨੇ ਖੁਦ ਵੀ ਪੜ੍ਹੀ ਸੀ ਅਤੇ ਇਹ ਕਿਤਾਬ ਵੱਖ-ਵੱਖ ਭਾਸ਼ਾਵਾਂ ਵਿੱਚ ਅੱਜ ਵੀ ਉਪਲੱਬਧ ਹੈ)। ਅੰਬੇਡਕਰਾਈਟ ਚਿੰਤਨ ਉਹਨਾਂ ਦਾ ਮੁੱਖ ਵਿਸ਼ਾ ਰਿਹਾ ਹੈ। ਉਹ ਭੀਮ ਪੱਤ੍ਰਿਕਾ ਦੇ ਮੁੱਖ ਸੰਪਾਦਕ ਹਨ। ਪੰਜਾਬ ਤੋਂ ਹੀ ਉੱਭਰਦੀ ਮਿਸ਼ਨਰੀ ਗਾਇਕਾ ਗਿੰਨੀ ਮਾਹੀ ਨੇ ਜਦ ਜਰਮਨ ਦੀ ਸੰਸਦ ਵਿੱਚ 'ਮੈਂ ਧੀ ਹਾਂ ਬਾਬਾ ਸਾਹਿਬ ਦੀ' ਗੀਤ ਗਾਇਆ ਤੇ ਇੰਝ ਲੱਗਾ ਸਾਰਾ ਵਿਸ਼ਵ ਇਸ ਗਾਇਕਾ ਤੇ ਬਾਬਾ ਸਾਹਿਬ ਦੀਆਂ ਕੁਰਬਾਨੀਆਂ ਦਾ ਕਾਇਲ ਹੋ ਗਿਆ। ਸਾਫ਼-ਸੁੱਥਰੀ ਗਾਇਕੀ ਦੀਆਂ ਬਾਰੀਕੀਆਂ ਨੂੰ ਜਾਣ ਰਹੀ ਗਿੰਨੀ ਮਾਹੀ ਨੇ ਇੱਕ ਹੋਰ ਗੀਤ ਦਲਿਤਾਂ ਦਾ ਇੱਕ ਪ੍ਰਮੁੱਖ ਜਾਤ ਜਿਸ ਦੇ ਪੰਜਾਬ-ਭਾਰਤ ਵਿੱਚ ਤਮਾਮ ਨਾਮ ਹੈ 'ਕੁਰਬਾਨੀ ਦੇਣੋ ਡਰਦੇ ਨੀ ਰਹਿੰਦੇ ਆ ਤਿਆਰ, ਹੈਗੇ ਅਸਲੇ ਦੇ ਨਾਲੋਂ ਵੱਧ ਡੇਂਜਰ ਚਮਾਰ' ਗਿੰਨੀ ਮਾਹੀ ਉਰਫ ਗੁਰਕੰਵਲ ਭਾਰਤੀ ਆਪਣੇ ਭਾਈਚਾਰੇ ਦੀਆਂ ਪ੍ਰੇਸ਼ਾਨੀਆਂ, ਵਿਤਕਰੇ, ਹਿੰਸਾ, ਬੇਇਨਸਾਫੀਆਂ ਨੂੰ ਆਪਣੇ ਗੀਤਾ ਰਾਹੀਂ ਕੇਂਦਰਿਤ ਕਰਦੀ ਹੈ। ਉਹ ਇੱਕ ਦਲਿਤ ਆਵਾਜ਼ ਹੈ।

"ਹਨੇਰੇ ਤੋਂ ਰੌਸ਼ਨੀ ਵੱਲ" ਸਿਰਲੇਖ ਵਿੱਚ ਜਿਹਨਾਂ 50 ਦਲਿਤ ਹਸਤੀਆਂ ਵਿੱਚ :- (1) ਹਿਮਾ ਦਾਸ ਅੰਤਰ-ਰਾਸ਼ਟਰੀ ਖਿਡਾਰਨ ਜਿਸ ਨੇ 5 ਗੋਲਡ ਮੈਡਲ ਜਿੱਤ ਕੇ ਪੂਰੀ ਦੁਨੀਆਂ ਵਿੱਚ ਭਾਰਤ ਦੇਸ਼ ਦਾ ਨਾਮ ਰੌਸ਼ਨ ਕੀਤਾ। (2) ਜ਼ੌਹਨੀ ਲਿਵਰ ਕਾਮੇਡੀ ਐਕਟਰ (3) ਚੰਦਰ ਭਾਨ ਪ੍ਰਸਾਦ ਸਮਾਜ ਸ਼ਾਸਤਰੀ, (4) ਸਿਕੰਦਰ ਕੁਮਾਰ ਅਕੈਡਮਿਕ, (5) ਜੋਤੀ ਕੁਮਾਰੀ ਵਿਦਿਆਰਥੀ ਜਿਸ ਨੇ ਸਾਲ 2020 ਵਿੱਚ ਕੋਵਿਡ-19 ਲਾਕਡਾਊਨ ਦੌਰਾਨ ਆਪਣੇ ਜ਼ਖਮੀ/ਬਿਮਾਰ ਪਿਤਾ ਨੂੰ ਸਾਈਕਲ ਚਲਾ ਕੇ ਸਿਰਫ 8 ਦਿਨਾਂ ਵਿੱਚ 1200 ਕਿਲੋਮੀਟਰ ਗੁੜਗਾਉਂ (ਹਰਿਆਣਾ) ਤੋਂ ਦਰਭੰਗਾ (ਬਿਹਾਰ) ਆਪਣੇ ਜੱਦੀ ਪਿੰਡ ਲੈ ਕੇ ਗਈ ਸੀ। ਇਸ ਲਈ 'ਦ ਨਿਊਯਾਰਕ ਟਾਈਮਜ਼' ਨੇ "ਸ਼ੇਰ ਦਿਲ ਲੜਕੀ" ਦਾ ਖਿਤਾਬ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤਾ। (6) ਮਨੋਰੰਜਨ ਬਿਆਪਾਰੀ ਲੇਖਕ (7) ਮਾਰੀ ਸੇਲਵਰਾਜ ਫਿਲਮ ਮੇਕਰ (8) ਗੱਦਾਰ ਬਲਾਦੀਰ ਕਵੀ (9) ਨੀਰਜ ਗਾਇਵਨ ਫਿਲਮ ਮੇਕਰ (10) ਅਰਿਵੂ ਰੈਪਰ (11) ਵਿਨੋਦ ਕਾਂਬਲੀ ਕ੍ਰਿਕਟਰ (12) ਸੁਜਾਤਾ ਸੁਰੀਪੱਲੀ ਅਕੈਡਮਿਕ ਕਾਰਜਕਰਤਾ (13) ਰਾਧਿਕਾ ਵੇਮੁਲਾ ਕਾਰਜਕਰਤਾ (14) ਆਨੰਦ ਤੇਲਤੁੰਬਦੇ ਵਿਦਵਾਨ ਕਾਰਜਕਰਤਾ (15) ਰਾਜਾ ਨਾਇਕ ਬਿਜਨੈੱਸਮੈਨ (16) ਰਨਜੀਤ ਫਿਲਮ ਮੇਕਰ (17) ਡਾ. ਦਾਸਰੀ ਪ੍ਰਸਾਦ ਰਾਓ ਸਰਜਨ (18) ਪ੍ਰਿੰਸੀਪਲ ਸਿਵਾਕਾਮੀ (ਆਈ. ਏ. ਐਸ.) ਵਿਦਵਾਨ, ਲੇਖਕ, ਰਾਜਨੀਤੀਕਾਰ (19) ਨਾਗਰਾਜ ਮੰਜੂਲ ਫਿਲਮ ਮੇਕਰ (20) ਸੁਧੀਰ ਰਾਜਭਰ ਫੋਟੋਗ੍ਰਾਫਰ (21) ਵਿਨੇ ਬਾਂਬੋਲੇ ਜਾਇੰਟ ਜਨਰਲ ਮੈਨੇਜਰ, ਏਅਰ ਇੰਡੀਆ (22) ਅਸ਼ੋਕ ਦਾਸ ਸੰਪਾਦਕ ਦਲਿਤ ਦਸਤਕ ਮੈਗਜ਼ੀਨ ਜਿਹੜਾ ਦਲਿਤਾਂ, ਬਹੁਜਨਾਂ ਦੀਆਂ ਸਮੱਸਿਆਵਾਂ, ਉਹਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਖੈਰਖੁਆਹ ਹੈ (23) ਲਾਹੌਰ ਰਾਮ ਬਾਲੀ ਸੰਪਾਦਕ (24) ਸੁਸ਼ਰਤ ਜਾਦਵ ਮਨੋਵਿਗਿਆਨਕ (25) ਅਸਵਤੀ ਰਾਜਪਨ ਦਲਿਤ ਕਾਰਜਕਰਤਾ (26) ਸੁਖਦਿਓ ਥੁਰਾਤ ਅਕੈਡਮਿਕ (27) ਭਾਰਤੀ ਪ੍ਰਭੂ ਕਾਰਜਕਰਤਾ (28) ਸੱਤਪਾਲ ਮੁੰਮਨ ਕਾਰਜਕਰਤਾ (29) ਕਾਦੂਬਾਈ ਖਰਾਤ ਲੋਕ ਗਾਇਕਾ (30) ਦਿਸ਼ਾ ਪਿੰਕੀ ਸ਼ੇਖ ਟ੍ਰਾਂਸਜੈਂਡਰ ਕਾਰਜਕਰਤਾ (31) ਸੁਮਿਤ ਚੌਹਾਨ ਮੀਡੀਆ ਪਰਸਨ ਜਿਸ ਨੇ ਭਾਰਤ ਵਿੱਚ ਜਿਸ ਜਗ੍ਹਾ 'ਤੇ ਅਜੇ ਵੀ ਸਰਵਵਿਆਪੀ ਜਾਤੀ ਦਾ ਦਬਦਬਾ ਬਣਿਆ ਹੋਇਆ ਹੈ। ਉਹ ਭਾਰਤੀ ਮੀਡੀਆ ਵਿੱਚ ਆਵਾਜ਼ ਰਹਿਤ ਦਲਿਤਾਂ ਲਈ ਇੱਕ ਦੁਰਲੱਭ ਆਵਾਜ ਹੈ। ਅੰਬੇਡਕਰਾਈਟ ਪੱਤਰਕਾਰ ਅਤੇ ਜਾਤੀ ਕਾਰਜਕਰਤਾ, ਉਹ "ਦ ਸ਼ੂਦਰ" (ਜੋ ਨਿਊਜ਼ਬੀਕ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ) ਦਾ ਸੰਸਥਾਪਕ ਅਤੇ ਸੰਪਾਦਕ ਹੈ। ਜਿਹੜਾ ਇੱਕ ਅਜਿਹਾ ਮੰਚ ਹੈ, ਜਿਸ ਰਾਹੀਂ 16 ਪ੍ਰਤੀਸ਼ਤ ਭਾਰਤੀਆਂ ਜੋ ਹਜਾਰਾਂ ਸਾਲਾਂ ਤੋਂ ਜਾਤ ਦੀ ਪੌੜ੍ਹੀ ਦੇ ਸਭ ਤੋਂ ਹੇਠਲੇ ਪੌਡੇ 'ਤੇ ਧਕੇਲੇ ਗਏ ਹਨ, ਦੀਆਂ ਚਿੰਤਾਵਾਂ ਨੂੰ ਦਰਸਾਉਣ ਦਾ ਯਤਨ ਕਰਦਾ ਹੈ। ਤਕਰੀਬਨ ਇੱਕ ਦਹਾਕੇ ਤੱਕ ਮੀਡੀਆ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਕੰਮ ਕਰਨ ਤੋਂ ਬਾਅਦ, ਉਸਨੇ ਕੌਮੀ ਬਹੁਜਨ ਮੀਡੀਆ ਦੀ ਸਥਾਪਨਾ ਕੀਤੀ ਤਾਂ ਜੋ ਜ਼ਾਲਿਮ ਵਰਗ ਨੂੰ ਆਪਣੀ ਜ਼ਮੀਰ ਦੀ ਪੱਤਰਕਾਰੀ ਰਾਹੀਂ ਜ਼ਾਹਿਰ ਕੀਤਾ ਜਾ ਸਕੇ ਅਤੇ ਇਹ ਲੋਕਾਂ ਦੇ ਸਮਰਥਨ ਨਾਲ, ਕਾਰਪੋਰੇਟ ਸਮਰਥਨ ਨੂੰ ਰੋਕਦਾ ਹੈ। (32) ਵਾਮਨ ਮੇਸ਼ਰਾਮ ਪ੍ਰਧਾਨ ਬਾਮਸੇਫ (33) ਮਨੋਹਰ ਮੌਲੀ ਬਿਸਵਾਸ ਸੰਪਾਦਕ ਦਲਿਤ ਮਿਰਰ (34) ਡਾ. ਆਰ.ਐਸ. ਪਰਵੀਨ ਕੁਮਾਰ ਆਈ.ਪੀ.ਐਸ. ਅਫ਼ਸਰ (35) ਰਾਹੁਲ ਅਨਵੀਕਾਰ ਲੋਕ ਗਾਇਕ (36) ਅਮਨ ਕਾਂਬਲੇ ਮੀਡੀਆ ਪਰਸਨ (37) ਰਾਮਾ ਫੌਸਟੀਨਾ ਸੂਸੈਰਾਜ ਲੇਖਕ (38) ਪ੍ਰਦੁੰਮਣ ਕੁਮਾਰ ਮਹਾਨੰਦਿਆ ਚਿੱਤਰਕਾਰ (39) ਗਿੰਨੀ ਮਾਹੀ ਗਾਇਕਾ (40) ਮਾਰਟਿਨ ਮੈਕਵਾਨ ਬਾਨੀ ਨਵਸਰਜਨ ਟਰੱਸਟ (41) ਆਸ਼ਾ ਕੋਟਾਲ ਕਾਰਜਕਰਤਾ (42) ਭਾਨਵਰ ਮੇਘਵੰਸ਼ੀ ਕਾਰਜਕਰਤਾ (43) ਰਾਹੁਲ ਪ੍ਰਧਾਨ ਰਾਜਨੀਤੀਕਾਰ (44) ਮਾਲਵਿਕਾ ਰਾਜ ਚਿੱਤਰਕਾਰ (45) ਇਲਾਇਆਰਾਜਾ ਕੰਪੋਜ਼ਰ (46) ਗੋਪਾਲ ਗੁਰੂ ਅਕੈਡਮਿਕ (47) ਨਾਓਮੀ ਜੈਨੂਮਾਲਾ ਮਾਡਲ (48) ਵੇਦ ਪ੍ਰਕਾਸ਼ ਪੱਤਰਕਾਰ ਤੇ ਕਾਰਜਕਰਤਾ (49) ਡਾ. ਮੁਡਨਾਕਡੁ ਚਿੰਨਾਸਵਾਮੀ ਕੰਨੜ ਲੇਖਕ (50) ਦੇਵਾਨੁਰੁ ਮਹਾਂਦੇਵਾ ਲੇਖਕ ਸ਼ਾਮਿਲ ਹਨ।




ਆਊਟਲੁੱਕ ਮੈਗਜ਼ੀਨ ਇੱਕ ਅਜਿਹਾ ਭਾਰਤੀ ਮੈਗਜ਼ੀਨ ਹੈ ਜਿਸ ਦਾ ਵੱਡੇ ਪੱਧਰ 'ਤੇ ਨੋਟਿਸ ਲਿਆ ਜਾਂਦਾ ਹੈ। ਇਸ ਤੋਂ ਪਹਿਲਾਂ ਸਾਲ 2012 ਵਿੱਚ ਇਸ ਮੈਗਜ਼ੀਨ ਨੇ ਖੋਜ ਭਰਪੂਰ 'ਤੇ ਨਾਮਵਰ ਅਦਾਰਿਆਂ ਤੇ ਚੈਨਲਾਂ ਨਾਲ ਰਲ਼ ਕੇ 1947 ਤੋਂ ਬਾਅਦ ਭਾਰਤ ਵਿੱਚ ਸੱਭ ਤੋਂ ਮਹਾਨ ਆਗੂ ਕੌਣ ਸੀ ? ਵਾਰੇ ਆਨਲਾਈਨ ਵੋਟਿੰਗ ਕਰਵਾਈ ਸੀ, ਜਿਸ ਵਿੱਚ 100 ਭਾਰਤੀਆਂ ਨੂੰ ਸ਼ਾਮਿਲ ਕੀਤਾ ਸੀ। ਜਿਸ ਵਿੱਚ ਲੱਗਭੱਗ 2 ਕਰੋੜ ਵੋਟਰਾਂ ਨੇ ਭਾਗ ਲਿਆ।

ਆਨਲਾਈਨ ਵੋਟਿੰਗ ਦੌਰਾਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸੱਭ ਤੋਂ ਵੱਧ ਵੋਟਾਂ ਹਾਸਿਲ ਹੋਈਆਂ। ਜਿਸ ਦੇ ਆਧਾਰ 'ਤੇ ਚੋਟੀ ਦੇ ਪੱਤਰਕਾਰਾਂ, ਖੋਜਕਾਰਾਂ ਤੇ ਸਰਵੇ ਦੀ ਡੂੰਘਾਈਆਂ ਨੂੰ ਛੂਹਣ ਵਾਲੀ ਜਿਊਰੀ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸੱਭ ਤੋਂ ਮਹਾਨ ਭਾਰਤੀ ਦੇ ਖਿਤਾਬ ਨਾਲ ਨਿਵਾਜਿਆ। ਇਸ ਸਰਵੇ ਵਿੱਚ ਸੀ.ਐਨ.ਐਨ., ਆਈ.ਬੀ.ਐਨ, ਦ ਹਿਸਟਰੀ ਚੈਨਲ ਅਤੇ ਟੀ.ਵੀ.18 ਆਦਿ ਸ਼ਾਮਿਲ ਸਨ।

ਅਖੀਰ ਵਿੱਚ ਕਹਿਣਾ ਹੋਵੇ ਤਾਂ ਭਾਰਤੀ ਖੋਜ ਪੱਤਰਕਾਰੀ ਵਿੱਚ ਜਿਵੇਂ ਕੌਮਾਂਤਰੀ-ਅੰਤਰਰਾਸ਼ਟਰੀ ਪੱਧਰ 'ਤੇ ਟਾਈਮ ਵਰਗੇ ਮੈਗਜ਼ੀਨ ਨੇ ਆਪਣਾ ਭਰੋਸਾ 98 ਸਾਲ ਤੋਂ 3 ਲੱਖ 40 ਹਜਾਰ ਤੋਂ ਵੱਧ ਪਾਠਕਾਂ ਤੱਕ ਬਣਾਇਆ ਹੋਇਆ ਹੈ। ਇਸੇ ਤਰ੍ਹਾਂ ਅਕਤੂਬਰ 1995 ਨੂੰ ਆਊਟਲੁੱਕ ਮੈਗਜ਼ੀਨ ਵਿਨੋਦ ਮਹਿਤਾ ਨਾਮ ਦੇ ਮੁੱਖ ਸੰਪਾਦਕ ਨੇ ਸ਼ੁਰੂ ਕੀਤਾ ਹੋਇਆ ਹੈ। ਜਿਸ ਦਾ ਮੁੱਖ ਦਫ਼ਤਰ ਦਿੱਲੀ ਵਿੱਚ ਸਥਿਤ ਹੈ। ਜਿਸ ਦੀ ਸਰਕਿਊਲੇਸ਼ਨ ਲੱਖਾਂ ਵਿੱਚ ਹੈ। ਜਿਸ ਦੇ ਅੰਤਰਰਾਸ਼ਟਰੀ ਪੱਧਰ 'ਤੇ ਪੱਤਰਕਾਰੀ ਖੇਤਰ ਵਿੱਚ ਐਵਾਰਡ ਪ੍ਰਾਪਤ ਕੀਤਾ।



ਸੰਤੋਖ ਸਿੰਘ ਜੱਸੀ
91-70876-19800

ਦਲਿਤਾਂ ਦੇ ਪੱਖ, ਦੁੱਖਾਂ, ਪ੍ਰੇਸ਼ਾਨੀਆਂ, ਬਾਬਾ ਸਾਹਿਬ ਦੇ 130 ਸਾਲ ਪਹਿਲਾਂ ਜੀਵਨ ਸੰਘਰਸ਼ 'ਤੇ ਕੰਮ ਕਰਨਾ, ਸੱਚਮੁੱਚ ਪੱਤਰਕਾਰੀ ਦਾ ਮਾਣ ਵਧਿਆ ਹੈ, ਆਦਾਬ, ਸਲਾਮ।

ਜੇਕਰ ਇਤਿਹਾਸ 'ਤੇ ਪਿਛਲਝਾਤ ਮਾਰੀਏ ਤਾਂ ਮਨੁੱਖ ਇਤਿਹਾਸ 10 ਹਜਾਰ ਸਾਲ ਤੋਂ ਮੰਨਿਆ ਜਾਂਦਾ ਹੈ ਤੇ 5 ਹਜਾਰ ਸਾਲਾਂ ਤੋਂ ਭਾਰਤ ਦੇ ਅੱਜ ਕਹੇ ਜਾਣ ਵਾਲੇ ਦਲਿਤਾਂ (ਮਹਾਨੀ ਸਨਮਾਨਯੋਗ ਨਾਮ) 'ਤੇ ਜ਼ਿੰਦਗੀ ਦੇ ਹਰ ਪਹਿਲੂ, ਹਰ ਪਲ ਵਿਤਕਰੇ ਜਾਰੀ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਮਰਨ ਉਪਰੰਤ 34 ਸਾਲ ਬਾਅਦ "ਭਾਰਤ ਰਤਨ" ਦੇਰੀ ਨਾਲ ਦੇਣ ਪਿੱਛੇ ਕਿਹੜੇ ਕਾਰਨ ਹਨ ? ਦਰਅਸਲ ਭਾਰਤ ਦੀ ਇਹੋ ਜਿਹੀ ਮਾਨਸਿਕਤਾ ਦੇ ਕਾਰਨ ਕਰੋੜਾਂ ਲੋਕਾਂ ਦਾ ਸਨਮਾਨ ਕਰਨਾ ਅਜੇ ਵੀ ਬਾਕੀ ਹੈ।

ਇਸੇ ਤਰ੍ਹਾਂ ਵਿਸ਼ਵ ਪ੍ਰਸਿੱਧ ਅਮਰੀਕਨ ਮੈਗਜ਼ੀਨ "ਟਾਈਮ" ਨੇ ਆਪਣੇ ਇੱਕ ਸਰਵੇ ਵਿੱਚ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਚੱਟਾਨ ਵਾਂਗ ਫੈਸਲੇ ਲੈਣ ਵਾਲੀ (ਆਇਰਨ ਲੇਡੀ) ਦੇ ਖਿਤਾਬ ਨਾਲ ਨਿਵਾਜਿਆ। ਜਿਸ ਨੂੰ ਦਲਿਤਾਂ ਦੀ ਰਾਣੀ ਕਿਹਾ ਗਿਆ।

ਭਾਰਤ ਤੇ ਵਿਦੇਸ਼ ਵਿੱਚ ਵਧੀ ਚੇਤਨਤਾ, ਪੜ੍ਹਾਈ-ਲਿਖਾਈ ਕਾਰਨ ਭਾਰਤੀ ਵਿਵਸਥਾ ਤੇ ਦਬਾਉ ਤਾਂ ਬਣਿਆ ਹੈ। ਪਰ ਅਜੇ ਦਿੱਲੀ ਦੂਰ ਹੈ ? ਲੋੜ ਹੈ ਸਾਨੂੰ ਭਾਰਤੀ ਚਾਹੇ ਉਹ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਹਨ। ਚਾਹੇ ਵਿਦੇਸ਼ ਵਿੱਚ "ਸੱਤਾ ਦੀ ਚਾਬੀ" ਬਿਨ੍ਹਾਂ ਹਨੇਰੇ ਤੋਂ ਸੂਰਜ ਤੱਕ ਪਹੁੰਚਿਆ ਜਾਣਾ ਮੁਸ਼ਕਿਲ ਹੈ।

ਏਕੇ ਨਾਲ ਹੀ ਬੇਗਮਪੁਰਾ ਵਸਣਾ ਹੈ। ਜਿਵੇਂ ਲੋਕਤੰਤਰ ਵਿੱਚ ਦਬਾਓ ਬਣਾਉਣ ਲਈ ਵਿਸ਼ੇਸ਼ ਸਮੂਹ (ਸੰਗਠਨ) ਦੀ ਲੋੜ ਹੈ। ਉਸੇ ਤਰ੍ਹਾਂ ਸਮਾਜ ਨੂੰ ਇਕੱਠੇ ਹੋ ਕੇ ਇੱਕ ਲੜੀ 'ਚ ਇਕੱਠੇ ਹੋਣ ਦੀ ਲੋੜ ਹੈ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ-ਮੁਨਾਰਾ, ਰੌਸ਼ਨੀ ਬਣਨ ਦੀ ਥਾਂ ਹਨੇਰਾ ਛੱਡ ਜਾਵਾਂਗੇ ?


ਕੀ ਅਸੀਂ ਅਜਿਹੇ ਇਤਿਹਾਸ ਦੇ ਪਾਤਰ ਬਣਨਾ ਚਾਹਾਂਗੇ ? ਸ਼ਾਇਦ ਨਹੀਂ। ਇਸ ਲਈ ਆਓ ਅੰਤਰ ਝਾਤ ਪਾਈਏ ਕਿ ਅਸੀਂ ਸੱਚਮੁੱਚ ਸਮਾਜ, ਦੇਸ਼ ਲਈ ਕੁੱਝ ਕਰਦੇ ਵੀ ਹਾਂ ਜਾਂ ਫਿਰ ਲੋਪਾ-ਪੋਚੀ ਕਰਦੇ ਰਹਾਂਗੇ।

ਪ੍ਰਤਿਭਾਸ਼ਾਲੀ (ਜੀਨੀਅਸ) ਮਨੁੱਖ ਦਾ ਜੰਮਣਾਂ ਅਮੀਰਾਂ ਜਾਂ ਵਿਦੇਸ਼ਾਂ 'ਚ ਹੀ ਦਰਜ ਨਹੀਂ ਹੋਇਆ, ਉਹ ਭਾਰਤ ਦਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵੀ ਹੋ ਸਕਦਾ ਹੈ। ਲੋੜ ਹੈ ਆਜਾਦੀ ਦੀ, ਖੁੱਲ੍ਹੇ ਵਿਚਾਰਾਂ ਦੀ, ਮਿਹਨਤ ਦੀ। ਕੀ ਅਸੀਂ ਕਰ ਸਕਦੇ ਹਾਂ ? ਇਹ ਸਵਾਲ ਮੇਰੇ, ਤੁਹਾਡੇ ਅਤੇ ਸਭ ਲਈ ਹੈ।

ਆਓ ਉੱਠੋ, ਜਾਗੋ ਹੰਭਲਾ ਮਾਰੀਏ। ਤੀਲਾ-ਤੀਲਾ ਇਕੱਠਾ ਹੋ ਕੇ ਝਾੜੂ ਬਣ ਜਾਂਦਾ ਹੈ। ਆਪਣੀ ਮੰਜਿਲ 'ਤੇ ਪੁੱਜਣ ਲਈ ਹਾਥੀ ਵਾਂਗ ਮਸਤ ਚਾਲੇ ਤੁਰਨਾ ਪੈਂਦਾ ਹੈ। ਚਲੋ, ਉੱਠੋ, ਜਾਗੋ ਤੁਹਾਡਾ ਸ਼ੁੱਭ ਸਵੇਰਾ ਇੰਤਜ਼ਾਰ ਕਰ ਰਿਹਾ ਹੈ।

## ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ





ਪ੍ਰੋ: ਐਚ.ਐਲ.ਕਪੂਰ

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ। ਸੰਸਾਰ ਦੇ ਇਤਿਹਾਸ 'ਚ ਧਰਮ ਤੇ ਮਾਨਵੀਯ ਕਦਰਾਂ-ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲਿਆਂ 'ਚੋਂ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸਿਰਮੌਰ ਹੈ।

ਇਹ ਗੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਵਾਲੀ ਹੈ ਕਿ ਭਾਰਤ ਤੋਂ ਇਲਾਵਾ ਜਿੱਥੇ-ਜਿੱਥੇ ਵੀ ਇਸਲਾਮ ਧਰਮ ਗਿਆ, ਸੀਰੀਆ, ਇਰਾਨ, ਇਰਾਕ, ਮਿਸਰ ਆਦਿ ਦੇਸ਼ਾਂ 'ਚ ਉਥੋਂ ਦੇ ਪ੍ਰਸ਼ਾਸਕਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਤੋਂ ਬਾਅਦ ਉਥੋਂ ਦੀ ਸਾਰੀ ਦੀ ਸਾਰੀ ਪਰਜਾ ਨੇ ਬੜੇ ਥੋੜ੍ਹੇ ਹੀ ਸਮੇਂ 'ਚ ਇਸਲਾਮ ਧਰਮ ਗ੍ਰਹਿਣ ਕਰ ਲਿਆ ਪਰ ਇਸ ਦੇ ਬਾਵਜੂਦ ਵੀ ਭਾਰਤੀਯ ਧਰਮ, ਪੰਥ ਦੀ ਉਦਾਰਤਾ ਨੇ ਵੀ ਇਸਲਾਮ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅਕਬਰ ਤੋਂ ਬਾਅਦ ਜਹਾਂਗੀਰ ਤੇ ਸ਼ਾਹਜਹਾਨ ਨੇ ਵੀ ਉਸੇ ਨੀਤੀ ਨੂੰ ਅਪਣਾਇਆ, ਜਿਹੜੀ ਅਕਬਰ ਨੇ ਲਾਗੂ ਕੀਤੀ ਸੀ। ਸ਼ਾਹਜਹਾਨ ਦੇ ਉਤਰਾਧਿਕਾਰੀ ਔਰੰਗਜ਼ੇਬ ਨੇ ਆਪਣੇ ਪੂਰਵਜਾਂ ਦੀ ਚੱਲੀ ਆ ਰਹੀ ਨੀਤੀ 'ਤੇ ਰੀਤੀ ਨੂੰ ਛੱਡ ਕੇ ਉਹ ਮੁਗਲ ਸਾਮਰਾਜ ਨੂੰ ਇਸਲਾਮੀ ਰਾਜ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਨੇ ਆਪਣੀ ਇਸਲਾਮਿਕ ਨੀਤੀ ਦੇ ਅਨੁਸਾਰ ਰਾਜ ਪ੍ਰਬੰਧ ਚਲਾਉਣ ਲਈ ਹਿੰਦੂ ਜਾਤੀ ਦੇ ਲੋਕਾਂ ਤੇ ਜਜ਼ੀਆ (ਟੈਕਸ) ਲਗਾਇਆ ਤੇ ਕਾਸ਼ੀ 'ਚ ਵਿੱਦਿਆਨਾਥ, ਗੁਜਰਾਤ 'ਚ ਸੋਮਨਾਥ, ਮਥਰਾ 'ਚ ਕੇਸ਼ਵ ਰਾਏ ਆਦਿ ਪ੍ਰਸਿੱਧ ਮੰਦਰਾਂ ਨੂੰ ਤੋੜਨ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਇਲਾਵਾ ਉਸ ਨੇ ਹਿੰਦੂ ਤੇ ਸ਼ਿਵਪੰਥ ਨੂੰ, ਆਪਣੇ ਪੁਰਬਾਂ ਨੂੰ ਸਰਬਜਨਕ ਤੌਰ 'ਤੇ ਮਨਾਉਣ 'ਤੇ ਰੋਕ ਲਗਾ ਦਿੱਤੀ। ਇਸਲਾਮ ਧਰਮ ਅਪਣਾਉਣ ਵਾਲਿਆਂ ਨੂੰ ਪੁਰਸਕਾਰ ਦੇਣੇ ਆਰੰਭ ਕਰ ਦਿੱਤੇ ਤੇ ਇਸਲਾਮ ਧਰਮ ਦੀ ਇਸ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਉੱਚ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਸ਼ੁਰੂ ਕਰ ਦਿੱਤਾ ਤੇ ਜਿਹੜੇ ਲੋਕ ਇਸਲਾਮ ਧਰਮ ਕਬੂਲ ਕਰਦੇ ਉਹਨਾਂ ਨੂੰ, ਉਹ ਅਹੁਦੇ ਤੇ ਪਦਵੀਆਂ ਦਿੱਤੇ ਜਾਣੇ ਸ਼ੁਰੂ ਕਰ ਦਿੱਤੇ। ਉਸ ਦੀ ਇਸ ਸੰਪਰਦਾਇਕ ਕੱਟੜ ਨੀਤੀ ਦਾ ਮੁਗਲ ਰਾਜ ਦੀ ਸਥਿਰਤਾ 'ਤੇ ਬਹੁਤ ਬੁਰਾ ਅਸਰ ਪਿਆ। ਮਥਰਾ 'ਚ ਜਾਟਾਂ ਨੇ, ਪੰਜਾਬ 'ਚ ਸਿੱਖਾਂ ਨੇ, ਰਾਜਪੂਤਾਨੇ 'ਚ ਦੁਰਗਦਾਸ ਰਾਠੌਰ ਨੇ, ਦੱਖਣ 'ਚ ਮਰਾਠਿਆਂ ਨੇ ਔਰੰਗਜ਼ੇਬ ਦੇ ਖ਼ਿਲਾਫ਼, ਉਸ ਦੀ ਇਸ ਕੱਟੜ ਧਾਰਮਿਕ ਨੀਤੀ ਦੇ ਖ਼ਿਲਾਫ਼ ਵਿਦਰੋਹ ਆਰੰਭ ਕਰ ਦਿੱਤਾ। ਇਸ ਦਾ ਇਹ ਅਸਰ ਹੋਇਆ ਕਿ ਔਰੰਗਜ਼ੇਬ ਹਿੰਦੋਸਤਾਨ 'ਚ ਨਾ ਤਾਂ ਇਸਲਾਮੀ ਰਾਜ ਦੀ ਸਥਾਪਨਾ ਕਰਨ 'ਚ ਸਫਲ ਰਿਹਾ ਤੇ ਨਾ ਹੀ ਉਸ ਨੂੰ ਇਸਲਾਮਿਕ ਰਾਜ ਬਣਾਉਣ 'ਚ ਸਫਲ ਹੋਇਆ।

ਇਸ ਸਮੇਂ ਸਿੱਖ ਧਰਮ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਆਪਣੇ ਇਸ ਧਰਮ ਦੀ ਅਗਵਾਈ ਕਰ ਰਹੇ ਸਨ। ਉਹਨਾਂ ਦੇ ਮਨ 'ਚ ਹਿੰਦੂ ਧਰਮ ਪ੍ਰਤੀ ਸਤਿਕਾਰ ਇਸ ਹੱਦ ਤੱਕ ਸੀ, ਇਸ ਗੱਲ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਉਹਨਾਂ ਸਾਹਮਣੇ ਆਪਣਾ ਧਰਮ ਪਰਿਵਰਤਨ ਕਰਨ ਲਈ ਤਿੰਨ ਸੁਆਲ ਰੱਖੇ: (1) ਕੋਈ ਚਮਤਕਾਰ ਦਿਖਾਓ, (2) ਇਸਲਾਮ ਧਰਮ ਕਬੂਲ ਕਰੋ, (3) ਜਾਂ ਫਿਰ ਆਪਣੇ ਪ੍ਰਾਣਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੋ। ਤਦ ਗੁਰੂ ਜੀ ਨੇ ਔਰੰਗਜ਼ੇਬ ਦੇ ਪ੍ਰਸਤਾਵਾਂ ਦਾ ਉੱਤਰ ਦਿੰਦੇ ਹੋਏ ਕਿਹਾ- ਤਿਨ ਤੇ ਸਨਿ ਸ੍ਰੀ ਤੇਗ ਬਹਾਦਰ। ਧਰਮ ਨਿਵਾਰਿਨ ਬਿਖੈ ਬਹਾਦਰ। ਉੱਤਰ ਭਨਯੋ, ਧਰਮ ਹਮ ਹਿੰਦੂ। ਅਤਿ ਪ੍ਰੀਯ ਕੋ ਕਿਮ ਕਰਹਿ ਨਿਕਨਦੂ।। ਲੋਕ ਪਰਲੋਕ ਉਭਯ ਸੁਖਦਾਨੀ ਆਨ ਨ ਪਾਇਆ ਜਾਹਿ ਸਮਾਨੀ। ਮਤਿ ਮਲੀਨ ਮੂਰਖ ਮਤਿ ਜੋਈ। ਇਸ ਕੋ ਤਿਆਗੇ ਪਾਮਰ ਸੋਈ। ਸਮਤਿਵੰਤ ਹਮ ਕਹੁ ਕਿਉ ਤਿਆਗਹਿ। ਧਰਮ ਰਾਖਿਵੇ ਨਿਤ ਅਨੁਰਾਗਹਿ।। ਤਰਿਤਏ ਪਰਾਣ ਹਾਵ ਕੀ ਬਾਤ ਸੋ ਹਮ ਸਹੈ, ਅਪਨੇ ਗਾਤ। ਹਿੰਦੂ ਧਰਮ ਰਖਹਿ ਜਗ ਮਾਂਹੀ। ਤੁਮਰੇ ਕਰੇ ਬਿਨਸ ਯਹ ਨਾਂਹੀ।। ਔਰੰਗਜ਼ੇਬ ਦੀਆਂ ਗੱਲਾਂ ਸੁਣ ਕੇ, ਸਭ ਧਰਮਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਣ ਵਾਲੇ ਵੀਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ ਅਸੀਂ ਸੰਸਾਰ ਦੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਾਂ ਤਾਂ ਅਸੀਂ ਆਪਣੇ ਬਹੁਤ ਹੀ ਪਿਆਰੇ ਹਿੰਦੂ ਧਰਮ ਨੂੰ ਕਿਸ ਤਰ੍ਹਾਂ ਛੱਡ ਸਕਦੇ ਹਾਂ? ਸਾਡਾ ਇਹ ਧਰਮ ਲੋਕ ਤੇ ਪ੍ਰਲੋਕ ਦੋਨਾਂ ਨੂੰ ਸੁੱਖ ਦੇਣ ਵਾਲਾ ਹੈ। ਦੂਸਰਾ ਕੋਈ ਹੋਰ ਧਰਮ ਇਸ ਦੀ ਸਮਾਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮੂਰਖ ਹੈ ਉਹ ਹੀ ਇਸ ਨੂੰ ਤਿਆਗਣ ਦੀ ਗੱਲ ਸੋਚ ਸਕਦਾ ਹੈ। ਉਹ ਨਿਸ਼ਚਿਤ ਤੌਰ 'ਤੇ ਪਾਪੀ ਹੈ। ਇਸ ਤਰ੍ਹਾਂ ਦਾ ਵਿਅੱਕਤੀ ਨਿਸ਼ਚਿਤ ਤੌਰ 'ਤੇ ਹੀ ਇਸ ਲੋਕ 'ਚ ਅਤਿਅੰਤ ਦੁੱਖ ਪਾਉਂਦਾ ਹੈ। ਤੇ ਯਮਰਾਜ ਵੀ ਉਸ ਨੂੰ ਦੰਡ ਦਿੰਦਾ ਹੈ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਧਰਮ ਦੀ ਰੱਖਿਆ ਕਰੀਏ। ਪ੍ਰਾਣ ਦੇਣ ਦੀ ਜੋ ਤੁਸੀਂ ਤੀਜੀ ਗੱਲ ਕਹੀ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਆਪਣੇ ਸਰੀਰ 'ਤੇ ਅੱਤਿਆਚਾਰ ਝੱਲ ਕੇ ਤੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਆਪਣੇ ਧਰਮ ਦੀ ਰੱਖਿਆ ਕਰ ਲਵਾਂਗੇ। ਇਹ ਧਰਮ ਤੁਹਾਡੇ ਯਤਨਾਂ ਨਾਲ ਖਤਮ ਹੋਣ ਵਾਲਾ ਨਹੀਂ ਹੈ।

ਇਸ ਉਕਤ ਵਾਰਤਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਤੋਂ ਮੁਗਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਆਪਣੇ ਸਿੱਖ ਮਿਸ਼ਨਰੀ ਪ੍ਰਚਾਰ ਲਈ ਉਥੋਂ ਪਹੁੰਚੇ ਹੋਏ ਸਨ। ਗ੍ਰਿਫ਼ਤਾਰੀ ਸਮੇਂ ਉਨ੍ਹਾਂ 'ਤੇ ਬਹੁਤ ਅੱਤਿਆਚਾਰ ਕੀਤੇ ਗਏ। ਉਨ੍ਹਾਂ ਨੂੰ ਲੋਹੇ ਦੇ ਇਕ ਤੰਗ ਪਿੰਜਰੇ 'ਚ ਕਈ ਦਿਨਾਂ ਤੱਕ ਬੰਦ ਰੱਖਿਆ ਗਿਆ। ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਰਧਾਲੂ ਸਿੱਖ ਭਾਈ ਮਤੀ ਦਾਸ ਜੀ ਨੂੰ ਦੋ ਥੰਮਾਂ ਦੇ ਵਿਚਕਾਰ ਬੰਨ੍ਹਿਆ ਗਿਆ ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਨੂੰ ਜਿਉਂਦਿਆਂ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਬਹੁਤ ਤਸੀਹੇ ਦੇਣ ਉਪਰੰਤ ਜਿਉਂਦਿਆਂ ਨੂੰ ਉਬਲਦੀ ਦੇਗ 'ਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ 'ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਸੂਤੀ ਰੂੰ 'ਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਤੇ ਸ਼ਹੀਦ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਕਈ ਦਿਨਾਂ ਤੱਕ ਆਪਣੇ ਸਰੀਰ 'ਤੇ ਸ਼ਾਂਤ-ਚਿੱਤ ਰਹਿ ਕੇ ਤਸ਼ੱਦਦ ਝੱਲੇ। ਅਖੀਰ ਨਵੰਬਰ 11, 1675 ਈਸਵੀ ਨੂੰ ਆਮ ਜਨਤਾ ਦੀ ਲੱਗੀ ਭੀੜ 'ਚ ਜਲਾਦ ਨੇ ਆਪਣੀ ਤਲਵਾਰ ਨਾਲ ਜਦੋਂ ਗੁਰੂ ਜੀ ਇਕਾਂਤ ਚਿੱਤ ਹੋ ਕੇ ਪਾਠ ਕਰ ਰਹੇ ਸਨ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਤੇ ਧੜ, ਧੂੜ 'ਚ ਪਿਆ ਸੀ ਤੇ ਬਾਹਰ ਖੜ੍ਹੀ ਲੋਕਾਈ 'ਚੋਂ ਕਿਸੇ ਨੇ ਵੀ ਬਾਦਸ਼ਾਹ ਤੋਂ ਡਰਦਿਆਂ ਗੁਰੂ ਜੀ ਦੇ ਸਰੀਰ ਤੇ ਸੀਸ ਨੂੰ ਚੁੱਕਣ ਦਾ ਹੌਸਲਾ ਨਹੀਂ ਕੀਤਾ। ਥੋੜ੍ਹੇ ਸਮੇਂ ਬਾਅਦ ਸ਼ਹਿਰ 'ਚ ਬਹੁਤ ਤੇਜ਼ ਤੂਫਾਨ ਆਇਆ ਤੇ ਰਾਤ ਦੇ ਹਨੇਰੇ 'ਚ ਇਕ ਸਿੱਖ ਸ਼ਰਧਾਲੂ ਜਿਸ ਦਾ ਨਾਮ ਭਾਈ ਜੈਤਾ ਜੀ ਸੀ, ਨੇ ਗੁਰੂ ਜੀ ਦਾ ਪਵਿੱਤਰ ਸੀਸ ਨੂੰ ਉਠਾਇਆ ਤੇ ਆਪਣੇ ਨਾਲ ਲੈ ਕੇ ਆਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ ਤੇ ਉਹਨਾਂ ਦੇ ਗੁਰੂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ। ਇਕ ਹੋਰ ਗੁਰੂ ਜੀ ਦਾ ਸਿੱਖ ਜਿਸ ਦਾ ਨਾਂ ਸੀ ਭਾਈ ਲੱਖੀ ਸ਼ਾਹ, ਉਸ ਪਾਸ ਇਕ ਗੱਡਾ ਸੀ, ਉਸ ਨੇ ਗੁਰੂ ਜੀ ਦੇ ਧੜ ਨੂੰ ਉਸ ਗੱਡੇ 'ਤੇ ਰੱਖਿਆ ਤੇ ਆਪਣੇ ਘਰ ਲੈ ਗਿਆ। ਉਸ ਲਈ ਜਨਤਕ ਤੌਰ 'ਤੇ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਬੜਾ ਖ਼ਤਰਨਾਕ ਸੀ ਤੇ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਇਸ ਤਰੀਕੇ ਨਾਲ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸੇ ਤਰ੍ਹਾਂ ਗੁਰੂ ਜੀ ਦਾ ਸੀਸ ਵੀ ਆਨੰਦਪੁਰ ਸਾਹਿਬ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਵਿਧਵਾ ਪਤਨੀ ਮਾਤਾ ਗੁਜਰੀ ਜੀ ਦੇ ਪਾਸ ਪਹੁੰਚਾਇਆ ਗਿਆ ਤੇ ਮਿਤੀ ਨਵੰਬਰ 16, 1675 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਚੰਦਨ ਦੀ ਲੱਕੜੀ ਦੀ ਚਿਤਾ ਚਿਣ ਕੇ ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅਗਨ ਭੇਟ ਕਰਕੇ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੇ 'ਨੌਵੇਂ ਨਾਨਕ' ਜੀ ਇਸ ਧਰਤੀ 'ਤੇ ਜੋਤੀ-ਜੋਤ ਸਮਾਅ ਗਏ। ਸੰਸਾਰ ਦੇ ਇਤਿਹਾਸ 'ਚ ਇਹ ਇਕੱਲੀ ਅਜਿਹੀ ਮਿਸਾਲ ਮਿਲਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਕਿਸੇ ਧਾਰਮਿਕ ਗੁਰੂ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਲਾਸਾਨੀ ਸ਼ਹਾਦਤ ਦਿੱਤੀ ਹੋਵੇ।

ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਸਮੇਂ ਕਿਹਾ ਸੀ- 'ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨੀ ਕਰੀ, ਸੀਸ ਦੀਆ ਪਰ ਸੀ ਨਾ ਰੀ। ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰ ਨਾ ਦੀਆ। ਮਤਲਬ ਪ੍ਰਭੂ ਨੇ ਉਹਨਾਂ ਦੇ ਤਿਲਕ ਤੇ ਜੰਞੂ ਲਈ ਦਿੱਤੀ ਕੁਰਬਾਨੀ ਦੀ ਲਾਜ ਰੱਖੀ ...। ਉਨ੍ਹਾਂ ਨੇ ਕਲਯੁਗ 'ਚ ਬੜੀ ਵੱਡੀ ਕੁਰਬਾਨੀ ਦਿੱਤੀ। ਧਰਮ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਸੀਸ ਕਟਵਾ ਦਿੱਤਾ ਪਰ ਸੀ ਨਹੀਂ ਕੀਤੀ ਤੇ ਆਪਣੇ ਧਰਮ 'ਚ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦਿੱਤੀ :

"ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰੜ ਨ ਦੀਆ।"

ਇਸ ਮਹਾਂਵਾਕ ਅਨੁਸਾਰ ਗੁਰੂ ਜੀ ਦਾ ਬਲੀਦਾਨ ਨਾ ਕੇਵਲ ਧਰਮ ਦੀ ਰਾਖੀ ਲਈ ਹੀ ਸੀ ਪਰ ਇਹ ਬਲੀਦਾਨ ਸਾਰੀ ਮਾਨਵੀ ਸੰਸਕ੍ਰਿਤਕ ਵਿਰਾਸਤ ਦੀ ਰਾਖੀ ਲਈ ਬਲੀਦਾਨ ਸੀ। ਧਰਮ ਉਨ੍ਹਾਂ ਲਈ ਸੰਸਕ੍ਰਿਤਕ ਮੁੱਲਾਂ 'ਤੇ ਜੀਵਨ ਦਾ ਨਾਮ ਸੀ। ਇਸ ਲਈ ਧਰਮ ਦੇ ਸੱਚੇ ਅਸੂਲਾਂ ਲਈ ਉਨ੍ਹਾਂ ਦਾ ਕੁਰਬਾਨੀ ਦੇਣਾ ਇਕ : ਸੰਸਕ੍ਰਿਤਕ ਵਿਰਾਸਤ ਤੇ ਇੱਛਤ ਜੀਵਨ ਵਿਧਾਨ ਦੇ ਹੱਕ 'ਚ ਇਕ ਬਹੁਤ ਵੱਡਾ ਸਾਹਿਸਕ ਅਭਿਆਨ ਸੀ।

ਅੱਤਿਆਚਾਰੀ ਸ਼ਾਸਕ ਦੀ ਧਰਮ ਵਿਰੋਧੀ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਦਮਨ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਡੇ ਪੂਰਵਜ ਇਤਿਹਾਸ ਦੀ ਇਕ ਬਹੁਤ ਵੱਡੀ ਘਟਨਾ ਹੈ। ਇਹ ਗੁਰੂ ਜੀ ਦੇ ਨਿਰਭੈ ਆਚਰਣ, ਧਾਰਮਿਕ ਵਿਸ਼ਵਾਸ ਤੇ ਨੈਤਿਕ ਉਦਾਰਤਾ ਦੀ ਉੱਚਤਮ ਮਿਸਾਲ ਸੀ। ਗੁਰੂ ਜੀ ਮਾਨਵੀਯ ਧਰਮ ਤੇ ਵਿਚਾਰਕ ਸੁਤੰਤਰਤਾ ਦੇ ਲਈ ਆਪਣੀ ਸ਼ਹਾਦਤ ਦੇਣ ਵਾਲੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਸਨ। ਇਸੇ ਲਈ ਹੀ ਉਨ੍ਹਾਂ ਨੂੰ ਭਾਰਤ ਦੇ ਇਤਿਹਾਸ 'ਚ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਦਿੱਤੀ ਗਈ ਕੁਰਬਾਨੀ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਕਰਕੇ 'ਹਿੰਦ ਦੀ ਚਾਦਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

**ਧਰਮ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਤੇ ਲੋਕ ਕਲਿਆਣ ਕਰਨ ਲਈ ਕਈ ਸਥਾਨਾਂ ਦੀ ਯਾਤਰਾ ਕੀਤੀ। ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ, ਰੋਪੜ, ਸੈਫਾਵਾਦ ਦੇ ਲੋਕਾਂ ਨੂੰ ਸੰਜਮ ਤੇ ਸਹਿਜ ਮਾਰਗ ਦਾ ਪਾਠ ਪੜ੍ਹਾਉਂਦੇ ਹੋਏ ਉਹ ਖਿਆਲਾਂ (ਖਦਲ) ਪਹੁੰਚੇ। ਇੱਥੇ ਗੁਰੂ ਜੀ ਧਰਮ ਦੇ ਸੱਚੇ ਮਾਰਗ ਦਾ ਉਪਦੇਸ਼ ਦਿੰਦੇ ਹੋਏ ਦਮਦਮਾ ਸਾਹਿਬ ਤੋਂ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਜਮਨਾ ਕਿਨਾਰੇ ਹੁੰਦੇ ਹੋਏ ਕੜਾਮਾਨਪੁਰ ਪਹੁੰਚੇ ਤੇ ਉਥੇ ਸਾਧੂ ਭਾਈ ਮਲੂਕ ਦਾਸ ਨੂੰ ਧਰਮ ਦੇ ਸੱਚੇ ਮਾਰਗ ਦਾ ਪਾਠ ਪੜ੍ਹਾਇਆ।

ਇੱਥੋਂ ਹੁੰਦੇ ਹੋਏ ਗੁਰੂ ਜੀ ਪ੍ਰਯਾਗ, ਬਨਾਰਸ, ਪਟਨਾ, ਅਸਾਮ ਆਦਿ ਦੇ ਖੇਤਰਾਂ 'ਚ ਗਏ, ਇੱਥੇ ਉਹਨਾਂ ਨੇ ਮਾਨਵਤਾ ਲਈ ਅਧਿਆਤਮਕ, ਸਮਾਜਿਕ, ਆਰਥਿਕ ਪੱਖ ਦੇ ਕਈ ਰਚਨਾਤਮਕ ਕੰਮ ਕੀਤੇ।

ਲੋਕਾਂ ਨੂੰ ਅਧਿਆਤਮਕ ਮਾਰਗ ਦਾ ਸੱਚਾ ਗਿਆਨ ਦਿੱਤਾ। ਸਮਾਜਿਕ ਪੱਧਰ 'ਤੇ ਚੱਲੀਆਂ ਆ ਰਹੀਆਂ ਕਈ ਰੂੜ੍ਹੀਵਾਦੀ, ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਦੀ, ਬੜੇ ਕੜੇ ਸ਼ਬਦਾਂ 'ਚ ਆਲੋਚਨਾ ਕੀਤੀ ਤੇ ਨਵੇਂ ਸਹਿਜ ਜਨ-ਕਲਿਆਣਕਾਰੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਮਾਨਵ ਸੇਵਾ ਲਈ ਪਾਣੀ ਦੀ ਸਹੂਲਤ ਵਾਸਤੇ ਖੂਹ ਖੁਦਵਾਏ, ਧਰਮਸਾਲਾਵਾਂ ਬਣਵਾਈਆਂ ਤੇ ਹੋਰ ਕਈ ਪਰਉਪਕਾਰੀ ਕੰਮ ਕਰਵਾਏ। ਇਨ੍ਹਾਂ ਹੀ ਯਾਤਰਾਵਾਂ ਦੇ ਦੌਰਾਨ ਸੰਨ 1666 ਈਸਵੀ 'ਚ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ, ਜਿਹੜੇ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਜੀ ਰੋਜ਼ ਆਨੰਦਪੁਰ ਸਾਹਿਬ 'ਚ ਅਧਿਆਤਮਕ ਗਿਆਨ ਦਾ ਸੰਗਤਾਂ 'ਚ ਪ੍ਰਚਾਰ ਕਰਦੇ, ਸੰਗਤਾਂ ਨੂੰ ਨੈਤਿਕਤਾ, ਨਿਡਰਤਾ ਤੇ ਅਧਿਆਤਮਕ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਸਨ। ਉਸ ਸਮੇਂ ਆਨੰਦਪੁਰ ਸਾਹਿਬ ਸਿੱਖ ਧਰਮ ਦਾ- 'ਇਕ ਆਨੰਦ ਧਾਮ' ਹੀ ਸੀ।

ਇੱਥੇ ਸਭ ਲੋਕ ਧਰਮ, ਜਾਤੀ, ਰੰਗ, ਸੰਪਰਦਾਏ ਆਦਿ ਦੇ ਭੇਦਭਾਵ ਤੋਂ ਬਿਨਾਂ ਸਮਾਜਿਕ ਬਰਾਬਰਤਾ ਦੇ ਆਧਾਰ 'ਤੇ ਅਧਿਆਤਮਕ ਅਲੌਕਿਕਤਾ ਦਾ ਗਿਆਨ ਪ੍ਰਾਪਤ ਕਰਦੇ ਸਨ। ਗੁਰੂ ਜੀ ਆਪ ਖੁਦ ਸ਼ਾਂਤੀ, ਖਿਮਾ ਤੇ ਸਹਿਣਸ਼ੀਲਤਾ ਦੀ ਅਦੁੱਤੀ ਮੂਰਤ ਸਨ।

ਉਨ੍ਹਾਂ ਨੇ ਸਦਾ ਮਾਨਵਤਾ ਨੂੰ ਪ੍ਰੇਮ, ਏਕਤਾ ਤੇ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਅਗਰ ਕਿਸੇ ਨੇ ਹਉਮੈ 'ਚ ਆ ਕੇ ਗੁਰੂ ਜੀ ਨਾਲ ਬੁਰਾ ਵਿਵਹਾਰ ਵੀ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ, ਮਧੁਰਤਾ ਤੇ ਲਿਆਕਤ ਨਾਲ ਸਮਝਾ ਕੇ ਉਸ ਨੂੰ ਸਿੱਧੇ ਰਸਤੇ ਪਾ ਦਿੱਤਾ। ਗੁਰੂ ਜੀ 'ਚ ਇੰਨੀ ਸਹਿਣਸ਼ੀਲਤਾ ਸੀ ਕਿ ਕਿਸੇ ਨੂੰ ਡਰਾਉਣ ਦੀ ਥਾਂ, ਸਮਝਾਉਣ ਦੀ ਸਿੱਖਿਆ ਦਿੰਦੇ ਸਨ ਤੇ ਆਪ ਕਿਸੇ ਤੋਂ ਡਰਦੇ ਵੀ ਨਹੀਂ ਸਨ। ਉਹ ਗੁਰਬਾਣੀ 'ਓ ਉਪਦੇਸ਼ ਦਿੰਦੇ ਹਨ- 'ਮੈ ਕਾਹੂ ਕੋ ਦੇਤ ਨਾਹੀ। ਨਹਿ ਭੈ ਮਾਨਤ ਆਨ।' ਉਹ ਬਚਪਨ ਤੋਂ ਹੀ ਬੜੇ ਸਰਲ, ਸਹਜ ਤੇ ਭਗਤੀ ਭਾਵ ਵਾਲੇ ਕਰਮਯੋਗੀ ਇਨਸਾਨ ਸਨ। ਉਨ੍ਹਾਂ ਦੀ ਬਾਣੀ 'ਚ ਮਧੁਰਤਾ, ਸਾਦਗੀ, ਸੱਜਣਤਾ ਤੇ ਵੈਰਾਗ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਪਹਿਲਾ ਸਿਧਾਂਤ ਹੀ ਇਹ ਸੀ ਕਿ ਧਰਮ ਦਾ ਸੱਚਾ ਮਾਰਗ ਹੀ ਜੀਵਨ ਦਾ ਸੱਚ ਹੈ ਤੇ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਬਾਬਾ ਸਾਹਿਬ ਜੀ ਦਾ ਜਨਮ ਦਿਵਸ ਮਨਾਇਆ ਗਿਆ











**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ 'ਤੇ ਸਭਾ ਦੇ ਪ੍ਰਧਾਨ ਜਗਜੀਤ ਗਿੱਲ ਜੀ ਦੀ ਅਗਵਾਈ ਵਿਚ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਵਸ ਬਹੁਤ ਹੀ ਸਤਿਕਾਰ ਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਕਲਾਕਾਰਾਂ ਵੱਲੋਂ ਬਾਵਾ ਸਾਹਿਬ ਜੀ ਦੇ ਜੀਵਨ 'ਤੇ ਕਾਰਗੁਜ਼ਾਰੀਆਂ ਨਾਲ ਭਰਪੂਰ ਗੀਤ ਪੇਸ਼ ਕੀਤੇ ਗਏ। ਕਲਾਕਾਰਾਂ ਵੱਲੋਂ ਬਾਵਾ ਸਾਹਿਬ ਜੀ ਦੇ ਜੀਵਨ ਤੇ ਕਾਰਗੁਜ਼ਾਰੀਆਂ ਨਾਲ ਭਰਪੂਰ ਗੀਤ ਪੇਸ਼ ਕੀਤੇ ਗਏ। ਕਲਾਕਾਰ ਵਿਚ ਭੁਪਿੰਦਰ ਭਿੰਦਾ, ਰੋਹਤਾਸ਼ ਸਿੰਘ ਭਗਾਣੀ, ਵਿਸ਼ਾਲ ਸ਼ਰਬਤੀ ਤੇ ਛੋਟੀ ਬੱਚੀ ਕਲਾਕਾਰ ਸਿਮਰਨ ਭਗਾਣੀ ਨੇ ਕਲਾ ਦੇ ਜੌਹਰ ਦਿਖਾਏ। ਅਤੇ ਢੋਲ ਦੇ ਉਪਰ ਕੈਲੇ-ਫੋਰਨੀਆ ਦੇ ਬਹੁਤ ਹੀ ਨਾਮਵਰ ਢੋਲਕ ਮਾਸਟਰ ਅਸ਼ੋਕ ਕੁਮਾਰ (ਸੋਨੂੰ) ਵੱਲੋਂ ਕਲਾਕਾਰਾਂ ਦਾ ਸਹਿਯੋਗ ਕੀਤਾ ਗਿਆ।

ਡਾ. ਅੰਬੇਦਕਰ ਜੀ ਦੇ ਜੀਵਨ, ਸਮਾਜ ਨੂੰ ਦੇਣ ਤੇ ਸਮਾਜ ਨੂੰ ਦਿੱਤੀ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਸਿੱਖਿਆ ਬਾਰੇ ਵੱਖ-ਵੱਖ ਬੁਲਾਰਿਆਂ ਸ੍ਰੀ ਮੋਹਨ ਲਾਲ ਗਿੱਲ, ਦੀਪਕ ਸਿੰਘ ਸਹੋਤਾ, ਪਰਦੀਪ ਕੁਮਾਰ ਗਿੱਲ, ਪ੍ਰਕਾਸ਼ ਰਾਮ ਗਿੱਲ ਅਤੇ ਸਭਾ ਦੇ ਸਕੱਤਰ ਸੰਤੋਖ ਸਿੰਘ ਗਿੱਲ ਆਦਿ ਵੱਲੋਂ ਬਹੁਤ ਹੀ ਵਿਸਥਾਰ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਮੈਡਮ ਲਤਾ ਸੌਂਧੀ ਜੀ ਵੱਲੋਂ ਬਾਵਾ ਸਾਹਿਬ ਨੂੰ ਯਾਦ ਕਰਦਿਆਂ ਇਕ ਗੀਤ ਗਾ ਕੇ ਹਾਜ਼ਰੀ ਲਗਵਾਈ ਗਈ। ਪ੍ਰੋਗਰਾਮ ਦੇ ਦੌਰਾਨ ਲੰਗਰਾਂ ਦੀ ਸੇਵਾ ਸਾਰਾ ਦਿਨ ਅਤੁੱਟ ਚਲਦੀ ਰਹੀ।

ਇਸ ਪ੍ਰੋਗਰਾਮ 'ਚ ਲੰਗਰਾਂ ਦੀ ਸੇਵਾ ਸੁਰਿੰਦਰ ਕੌਰ ਰੰਧਾਵਾ ਤੇ ਉਹਨਾਂ ਦੇ ਪਰਿਵਾਰ ਵੱਲੋਂ ਸਵਰਗੀ ਸ੍ਰੀ ਪ੍ਰਕਾਸ਼ ਚੰਦ ਰੰਧਾਵਾ ਦੀ ਯਾਦ ਵਿਚ ਕੀਤੀ ਗਈ। ਸਾਰੇ ਬੁਲਾਰਿਆਂ ਵੱਲੋਂ ਇਕ ਸਾਂਝੀ ਆਵਾਜ਼ 'ਚ ਸਮੂਹ ਲੋਕਾਈ ਨੂੰ ਬਹੁਤ ਹੀ ਅਰਥ ਭਰਪੂਰ ਸੱਦਾ ਦਿੱਤਾ ਕਿ ਡਾ. ਅੰਬੇਦਕਰ ਜੀ ਵੱਲੋਂ ਸੰਵਿਧਾਨ 'ਚ ਦਿੱਤੇ ਗਏ ਹੱਕਾਂ ਨੂੰ ਮੌਜੂਦਾ ਮੰਨੂਵਾਦੀ ਸਰਕਾਰ ਵੱਲੋਂ ਖੋਹਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਉਹਨਾਂ ਆਪਣੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਲਈ ਸਾਨੂੰ ਡਾ. ਅੰਬੇਦਕਰ ਜੀ ਵੱਲੋਂ ਦਿੱਤੇ ਨਾਅਰੇ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਤੇ ਪਹਿਰਾ ਦੇਣ ਦੀ ਅਤਿਅੰਤ ਜ਼ਰੂਰਤ ਹੈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਚੇਅਰਮੈਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਆਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਬਾਵਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸੰਤੋਖ ਸਿੰਘ ਗਿੱਲ ਵੱਲੋਂ ਨਿਭਾਈ ਗਈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਬੱਚੇ ਏਕਮ ਸਿੰਘ ਦਾ ਜਨਮ ਦਿਨ ਤੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ

ਬੀਬੀ ਜਸਵਿੰਦਰ ਕੌਰ ਲੱਛੜ ਦੇ ਪੋਤੇ ਅਤੇ ਸ. ਮਨਪ੍ਰੀਤ ਸਿੰਘ ਜੀ, ਬੀਬੀ ਮਨਦੀਪ ਕੌਰ ਦੇ ਸਪੁੱਤਰ ਬੇਟੇ ਏਕਮ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੱਛੜ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸ-ਬਰਗ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਅਤੇ ਲੰਗਰਾਂ ਦੀ ਸੇਵਾ ਕੀਤੀ। ਇਸ ਮੌਕੇ ਰਾਗੀ ਜਥਾ ਭਾਈ ਓਮਪਾਲ ਸਿੰਘ ਜੀ, ਭਾਈ ਗੁਰਨਾਮ ਸਿੰਘ ਜੀ ਅਤੇ ਬੀਬੀ ਰਵਨੀਤ ਕੌਰ ਨੇ ਰਸਭਿੰਨਾ ਸਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਵੱਡੀ ਗਿਣਤੀ ਵਿਚ ਸੰਗਤਾਂ ਨੇ ਭਾਗ ਲਿਆ। ਕਰੋਨਾ ਦੇ ਨਿਯਮਾਂ ਦੀ ਪੂਰਨ ਪਾਲਣਾ ਕੀਤੀ ਗਈ।




























# ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਮਨਾਇਆ ਗਿਆ

**ਸੈਕਰਾਮੈਂਟੋ–** ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਨਾਰੀ ਮੁਕਤੀ ਦੇ ਯੋਧਾ, ਆਧੁਨਿਕ ਭਾਰਤ ਦਾ ਨਿਰਮਾਣ ਕਰਨ ਵਾਲੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 130ਵਾਂ ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀ-ਫੋਰਨੀਆ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਉਤਸ਼ਾਹ ਅਤੇ ਪਿਆਰ ਨਾਲ ਐਤਵਾਰ 25 ਅਪ੍ਰੈਲ 2021 ਨੂੰ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਇਸ ਤੋਂ ਬਾਅਦ ਸਮੂਹ ਸਾਧਸੰਗਤਿ ਅਤੇ ਪ੍ਰਬੰਧਕ ਕਮੇਟੀ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਅੱਗੇ ਸ਼ਰਧਾ ਅਤੇ ਸਤਿਕਾਰ ਦੇ ਫੁੱਲ ਭੇਂਟ ਕੀਤੇ ਗਏ।

ਇਸ ਮੌਕੇ ਬੁਲਾਰਿਆਂ ਜਿਹਨਾਂ ਵਿਚ ਸ਼੍ਰੀ ਮੋਹਿੰਦਰ ਸਿੰਘ ਧਾਮੀ, ਸ੍ਰੀ ਪਾਵਨ ਮਾਹੀ (ਮਿਸ਼ਨਰੀ ਲਿਖਾਰੀ, ਗੀਤਕਾਰ), ਸ੍ਰੀ ਜੀਵਨ ਰੱਤੂ (ਕਵੀ ਅਤੇ ਗੀਤਕਾਰ) ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਗੀਤਾਂ, ਕਵਿਤਾਵਾਂ ਅਤੇ ਭਾਸ਼ਣਾਂ ਰਾਹੀਂ ਜਾਣਕਾਰੀ ਦਿੱਤੀ। ਸ੍ਰੀ ਅਜੈ ਪੜਵੱਗਾ ਵਲੋਂ ਇਹ ਪ੍ਰੋਗਰਾਮ Facebook ਅਤੇ Youtube ਤੇ ਸਿਧੇ ਪ੍ਰਸਾਰਿਤ ਕੀਤੇ ਗਏ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਗੁਰੂ ਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ।

ਆਪ ਜੀ ਇਮਾਰਤ ਦੀ ਉਸਾਰੀ ਅਤੇ ਸਹਿਯੋਗ ਦੇਣ ਬਾਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ:

ਸ੍ਰੀ ਤੇਜਪਾਲ ਵਿਰਕ (ਚੇਅਰਮੈਨ) 916-912-5678
ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜ. ਸਕੱਤਰ) 916-276-2538

ਅਦਾਰਾ 'ਅੰਬੇਦਕਰ ਟਾਈਮਜ਼ ਅਤੇ 'ਦੇਸ਼ ਦੁਆਬਾ' ਵੱਲੋਂ ਬਾਬਾ ਸਾਹਿਬ ਡਾ ਅੰਬੇਦਕਰ ਜੀ ਦਾ ਜਨਮ ਦਿਨ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ










'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਤੇ ਰਿਲੀਜ ਹੋਏ ਮਲਕੀਤ ਬਬੇਲੀ ਦੇ ਗੀਤ "ਹੱਕਾਂ ਉੱਤੇ ਡਾਕਾ" ਨੂੰ ਸਰੋਤਿਆਂ ਵੱਲੋਂ ਮਿਲ ਰਿਹਾ ਮਣਾਂ ਮੂੰਹੀਂ ਪਿਆਰ

ਜਿਵੇਂ ਕਿ ਆਪ ਸਭ ਜਾਣਦੇ ਹੀ ਹੋ ਕੇ ਬੁਲੰਦ ਆਵਾਜ਼ ਦੇ ਮਾਲਕ ਗਾਇਕ ਮਲਕੀਤ ਬਬੇਲੀ ਜੀ ਸਮੇਂ - ਸਮੇਂ ਤੇ ਆਪਣੇ ਮਿਸ਼ਨਰੀ ਤੇ ਕ੍ਰਾਂਤੀਕਾਰੀ ਗੀਤਾਂ ਨਾਲ ਸਰੋਤਿਆਂ ਦੇ ਰੂਬਰੂ ਹੁੰਦੇ ਰਹਿੰਦੇ ਹਨ ਅਤੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਨੂੰ ਆਪਣੇ ਰਹਿਬਰਾਂ ਦੇ ਕ੍ਰਾਂਤੀਕਾਰੀ ਵਿਚਾਰ ਤੇ ਉਹਨਾਂ ਦੇ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਰਹਿੰਦੇ ਹਨ।

ਕਾਂਸ਼ੀ ਰਾਮ ਸੂਰਮਾ, ਕਾਂਸ਼ੀ ਰਾਮ ਸੂਰਮਾ-2 ਜਿਹੇ ਕ੍ਰਾਂਤੀਕਾਰੀ ਗੀਤਾਂ ਤੋਂ ਬਾਅਦ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ 130ਵੇਂ ਜਨਮ ਦਿਨ ਦੇ ਸੰਬੰਧ ਵਿੱਚ ਗਾਇਕ ਮਲਕੀਤ ਬਬੇਲੀ ਜੀ ਇੱਕ ਵਾਰ ਫਿਰ "ਸਾਊਂਡ ਵੇਵਜ ਮਿਊਜ਼ਕ ਕੰਪਨੀ" ਦੇ ਬੈਨਰ ਹੇਠ ਕ੍ਰਾਂਤੀਕਾਰੀ ਗੀਤ "ਹੱਕਾਂ ਉੱਤੇ ਡਾਕਾ" ਲੈ ਕੇ ਸਰੋਤਿਆਂ ਦੇ ਰੂਬਰੂ ਹੋਏ ਹਨ । ਇਸ ਗੀਤ ਦਾ ਮਿਊਜ਼ਕ ਕੀਤਾ ਹੈ ਸਾਹਿਬ ਹੀਰਾ ਜੀ ਨੇ ਤੇ ਲਿਖਿਆ ਹੈ ਜਾਣੇ ਪਛਾਣੇ ਨਾਮ ਪਵਨ ਮਾਹੀ ਜੀ ਨੇ, ਪ੍ਰੋਡਿਊਸਰ ਹਨ ਰਣਜੀਤ ਮਾਹੀ ਜੀ, ਪੇਸ਼ਕਸ਼ ਹੈ ਅਮਨ ਮਾਹੀ ਤੇ ਰਾਜਵਿੰਦਰ ਕੋਰ ਦੀ, DOP ਹਨ ਸ਼ੰਕਰ, ਵੀਡਿਓ ਡਾਇਰੈਕਟਰ ਹਨ ਹਮੇਸ਼ਾਂ ਦੀ ਤਰਾਂ ਜਸਵਿੰਦਰ ਬੱਲ ਜੀ, ਵਿਸ਼ੇਸ਼ ਸਹਿਯੋਗ ਦਿੱਤਾ ਹੈ ਅੰਬੇਡਕਰ ਟਾਇਗਰ ਫੋਰਸ ਪੰਜਾਬ ਪ੍ਰਧਾਨ ਰਮਨ ਮਾਹੀ ਅਤੇ ਡਾ ਬੀ ਆਰ ਅੰਬੇਡਕਰ ਵੈਲਫੇਅਰ ਐਂਡ ਐਜੁਕੇਸ਼ਨ ਟਰੱਸਟ (ਰਜਿ.) ਰੰਧਾਵਾ ਮਸੰਦਾਂ, ਜਲੰਧਰ ਦੀ ਪੂਰੀ ਟੀਮ ਨੇ। ਇਸ ਗੀਤ ਦੀ ਵੀਡਿਓ ਪੰਜਾਬ ਦੀਆਂ ਬਹੁਤ ਹੀ ਵਧੀਆ ਲੋਕੇਸ਼ਨਾਂ ਤੇ ਬਣਾਈ ਗਈ ਹੈ। ਇਸ ਗੀਤ ਰਾਹੀਂ ਡਾ ਬੀ ਆਰ ਅੰਬੇਡਕਰ ਜੀ, ਸ਼ਾਹੂ ਜੀ ਮਹਾਰਾਜ, ਗਦਰੀ ਬਾਬਾ ਮਹਾਨ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਪਿੱਛੜੇ ਅਤੇ ਦੱਬੇ ਕੁੱਚਲੇ ਸਮਾਜ ਦੇ ਹੱਕਾਂ ਲਈ ਪਾਏ ਆਪਣੇ ਯੋਗਦਾਨ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਗੀਤ ਨੂੰ ਤੁਸੀਂ "Sound Waves Music Company" ਦੇ ਯੂ ਟਿਊਬ ਚੈਨਲ ਉੱਪਰ ਜਾ ਕੇ ਦੇਖ ਸਕਦੇ ਹੋ। ਇਸ ਗੀਤ ਨੂੰ ਸਰੋਤਿਆਂ ਵੱਲੋਂ ਬਹੁਤ ਪਿਆਰ ਮਿਲ ਰਿਹਾ ਹੈ ਅਤੇ ਆਸ ਕਦੇ ਹਾਂ ਕਿ ਅੱਗੇ ਤੋਂ ਵੀ ਮਲਕੀਤ ਬਬੇਲੀ ਜੀ ਇਹੋ ਜਿਹੇ ਗੀਤਾਂ ਨਾਲ ਸਮਾਜ ਨੂੰ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਰਹਿਣਗੇ।





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop